ਕੈਨੇਡੀਅਨ
# ਪੰਜਾਬ ਟਾਈਮਜ਼
ਸੱਚ ਅਤੇ ਨਿਰਪੱਖ ਸੋਚ
CANADIAN PUNJAB TIMES
Funded by the Government of Canada | Financé par le gouvernement du Canada | Canada
SINCE : 2007
: www.thepunjabtimes.ca
: canadianpunjabtimes@gmail.com
Vol - 19 4 April, 2025 ੨੨ ਚੇਤ ਨਾਨਕਸ਼ਾਹੀ ਸੰਮਤ ੫੫੭ Ph.: 604-338-7310 FAX : 604-572-3638 /canadianpunjabtimes

New Location
Punjab Insurance Agency Inc.
Super Visa Insurance
ਸੁਪਰ ਵੀਜ਼ਾ ਵਿਜ਼ਟਰ ਇੰਸ਼ੋਰੈਂਸ
• ਲਾਈਫ਼ ਇੰਸ਼ੋਰੈਂਸ • ਟਰੈਵਲ ਇੰਸ਼ੋਰੈਂਸ
• ਡਿਸੇਬਿਲਟੀ ਇੰਸ਼ੋਰੈਂਸ • ਵਿਜ਼ਟਰ ਇੰਸ਼ੋਰੈਂਸ
• ਮੋਰਟਗੇਜ ਇੰਸ਼ੋਰੈਂਸ • ਨਾਨ ਮੈਡੀਕਲ ਇੰਸ਼ੋਰੈਂਸ
• ਮਨੀ ਬੈਕ ਟਰਮ ਇੰਸ਼ੋਰੈਂਸ
• ਡੈਂਟਲ ਐਂਡ ਮੈਡੀਕਲ ਇੰਸ਼ੋਰੈਂਸ
ਜਸਵੀਰ ਗਰੇਵਾਲ
778.317.6262
jasvirgrewal0596@gmail.com
#103, 15300 - 68 Ave (Near Dukh Nivaran Gurdwara Sahib), Surrey B.C.

ICC Accounting Services Inc.
ICC ACCOUNTING SERVICES INC.
ਹਰ ਤਰ੍ਹਾਂ ਦੀਆਂ ਟੈਕਸ ਸੇਵਾਵਾਂ ਲਈ ਅੱਜ ਹੀ ਮਿਲੋ
Gurnek Bangar
(Pasla)
604-597-0991
778-895-7444
: icc.accounting@yahoo.ca
: 8740 - 140A St., Surrey, BC V3W 0M4

# ਕੈਨੇਡਾ-ਮੈਕਸੀਕੋ ਦੇ ਟੈਰਿਫ਼ ਬਾਰੇ ਸਥਿਤੀ ਭੰਬਲਭੂਸੇ ਵਾਲੀ ਬਣੀ

**ਸਰੀ, (ਸਿਮਰਨਜੀਤ ਸਿੰਘ):** ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਵੱਲੋਂ ਵਿਸ਼ਵ ਪੱਧਰ 'ਤੇ ਟੈਰਿਫ ਲਗਾਉਣ ਦੇ ਐਲਾਨ ਤੋਂ ਬਾਅਦ ਕੈਨੇਡਾ ਅਤੇ ਮੈਕਸੀਕੋ ਨਾਲ ਸਬੰਧਤ ਸਥਿਤੀ ਅਜੇ ਵੀ ਅਸਪੱਸ਼ਟ ਅਤੇ ਭੰਭਲਭੂਸੇ ਵਾਲੀ ਬਣੀ ਹੋਈ ਹੈ। ਟਰੰਪ ਨੇ ਹਾਲ ਹੀ ਵਿੱਚ ਆਲਮੀ ਟੈਰਿਫਾਂ ਦੀ ਗੱਲ ਕੀਤੀ ਸੀ, ਪਰ ਉਨ੍ਹਾਂ ਦੇ ਇਸ ਐਲਾਨ ਵਿੱਚ ਇਹ ਸਪੱਸ਼ਟ ਨਹੀਂ ਕੀਤਾ ਗਿਆ ਕਿ ਅਮਰੀਕਾ ਦੇ ਦੋ ਨਜ਼ਦੀਕੀ ਗੁਆਂਢੀ ਦੇਸ਼ਾਂ—ਕੈਨੇਡਾ ਅਤੇ ਮੈਕਸੀਕੋ—




'ਤੇ ਇਹ ਟੈਰਿਫ ਲਾਗੂ ਹੋਣਗੇ ਜਾਂ ਨਹੀਂ।

ਇਹ ਅਸਪੱਸ਼ਟਤਾ ਉਦੋਂ ਹੋਰ ਵਧ ਗਈ ਜਦੋਂ ਟਰੰਪ ਪ੍ਰਸ਼ਾਸਨ ਨੇ ਇਨ੍ਹਾਂ ਦੋਵਾਂ ਦੇਸ਼ਾਂ ਬਾਰੇ ਕੋਈ ਖਾਸ ਜਾਣਕਾਰੀ ਜਾਰੀ ਨਹੀਂ ਕੀਤੀ। ਕੈਨੇਡਾ ਅਤੇ ਮੈਕਸੀਕੋ, ਜੋ ਉੱਤਰੀ ਅਮਰੀਕੀ ਮੁਕਤ ਵਪਾਰ ਸਮਝੌਤੇ (ਨਾਫਟਾ) ਅਤੇ ਬਾਅਦ ਵਿੱਚ ਯੂ.ਐਸ.ਐਮ.ਸੀ.ਏ. ਦੇ ਹਿੱਸੇ ਵਜੋਂ ਅਮਰੀਕਾ ਦੇ ਮੁੱਖ ਵਪਾਰਕ ਸਹਿਯੋਗੀ ਰਹੇ ਹਨ, ਹੁਣ ਇਸ ਫੈਸਲੇ ਦੇ ਅਸਰ ਨੂੰ ਲੈ ਕੇ ਚਿੰਤਤ

☛ ਬਾਕੀ ਸਫ਼ਾ 30 'ਤੇ

ਇੰਡੀਆ ਪੈਸੇ ਭੇਜਣ ਜਾਂ ਮੰਗਵਾਉਣ ਲਈ
ZIRA CURRENCY EXCHANGER LTD.
ਲੰਮੇ ਸਮੇਂ ਤੋਂ ਭਰੋਸੇ ਯੋਗ ਸੇਵਾਵਾਂ
ਡਾਲਰ ਦਾ ਸਭ ਤੋਂ ਵਧੀਆ ਰੇਟ
ਬਖਸ਼ੀਸ਼ ਸਿੰਘ ਜ਼ੀਰਾ
604-562-7000, 604-314-0000
#397-8148-128 ST.
(PAYAL BUSINESS CENTRE) SURREY

# ਵੱਖ-ਵੱਖ ਸੰਸਥਾਵਾਂ ਵਲੋਂ ਸਿੱਖ ਵਿਰਾਸਤੀ ਮਹੀਨਾ ਮਨਾਉਣਾ ਹੋਇਆ ਸ਼ੁਰੂ

### ਵੈਨਕੂਵਰ ਨਗਰ ਕੀਰਤਨ 12 ਅਪ੍ਰੈਲ ਅਤੇ ਸਰੀ ਵਿੱਚ ਨਗਰ ਕੀਰਤਨ 19 ਅਪ੍ਰੈਲ ਨੂੰ, ਗਵਰਨਰ ਜਨਰਲ ਨੇ ਦਿੱਤੀ ਸਿੱਖ ਕੌਮ ਨੂੰ 'ਸਿੱਖ ਵਿਰਾਸਤੀ ਮਹੀਨੇ' ਦੀ ਵਧਾਈ

**ਸਰੀ, (ਸਿਮਰਨਜੀਤ ਸਿੰਘ):** ਪੂਰੇ ਕੈਨੇਡਾ ਭਰ ਵਿੱਚ ਵੱਖ-ਵੱਖ ਸੰਸਥਾਵਾਂ ਵਲੋਂ ਸਿੱਖ ਵਿਰਾਸਤੀ ਮਹੀਨਾ ਮਨਾਉਣਾ ਸ਼ੁਰੂ ਕਰ ਦਿੱਤਾ ਗਿਆ ਹੈ। ਇਸ ਦੌਰਾਨ ਵੱਖ ਵੱਖ ਸੂਬਿਆਂ ਵਿੱਚ ਸਿੱਖ ਕੌਮ ਦੇ ਮਹਾਨ ਵਿਰਸੇ ਬਾਰੇ ਅਤੇ ਕੈਨੇਡਾ ਦੀ ਤਰੱਕੀ ਵਿੱਚ ਪਾਏ ਗਏ ਯੋਗਦਾਨ ਬਾਰੇ ਲੋਕਾਂ ਨੂੰ ਜਾਣਕਾਰੀ ਦਿੱਤੀ ਜਾਵੇਗੀ। ਇਸ ਦੌਰਾਨ ਕੈਨੇਡਾ ਦੇ ਗਵਰਨਰ ਜਨਰਲ ਮੈਰੀ ਸਾਈਮਨ ਅਤੇ ਵੱਖ-ਵੱਖ ਸੂਬਾਈ ਅਤੇ ਫੈਡਰਲ ਸਿਆਸੀ ਆਗੂਆਂ ਨੇ ਸਿੱਖ ਭਾਈਚਾਰੇ ਨੂੰ ਵਧਾਈ ਦਿੱਤੀ ਹੈ। ਮੈਰੀ ਸਾਈਮਨ ਨੇ ਕਿਹਾ, "ਅਪ੍ਰੈਲ ਸਿੱਖ ਹੈਰੀਟੇਜ ਮਹੀਨੇ ਦੀ ਸ਼ੁਰੂਆਤ ਹੈ। ਮੈਨੂੰ ਕੈਨੇਡਾ ਭਰ ਵਿੱਚ ਸਿੱਖ ਭਾਈਚਾਰੇ ਦੇ ਅਮਿੱਟ ਯੋਗਦਾਨ ਨੂੰ ਮਾਨਤਾ ਦੇਣ ਦਾ ਮਾਣ ਹੈ। ਵਿਭਿੰਨਤਾ ਸਾਡੀ ਤਾਕਤ ਹੈ, ਅਤੇ ਸਿੱਖ ਭਾਈਚਾਰਾ ਨਿਰਸਵਾਰਥ ਸੇਵਾ ਅਤੇ ਹਮਦਰਦੀ ਨਾਲ ਇਸ ਦੀ ਮਿਸਾਲ ਪੇਸ਼ ਕਰਦਾ ਹੈ।"

ਇਸ ਮੌਕੇ ਬੀ.ਸੀ. ਸੂਬੇ ਦੀਆਂ ਵੱਖ-ਵੱਖ ਸਿੱਖ ਸੰਸਥਾਵਾਂ ਸਿੱਖ ਕੌਮ ਦੇ ਮਹਾਨ ਵਿਰਸੇ ਸਬੰਧੀ ਜਾਣਕਾਰੀ ਲੋਕਾਂ ਨੂੰ ਦੇਣ ਲਈ ਕਈ ਪ੍ਰੋਗਰਾਮ ਉਲੀਕੇ ਗਏ ਹਨ, ਜਿਨ੍ਹਾਂ 'ਚ ਖਾਲਸਾ ਦੀਵਾਨ

☛ ਬਾਕੀ ਸਫ਼ਾ 30 'ਤੇ




Satya Asha
FUSION 9
100% VEGETARIAN INDIAN RESTAURANT
Real Indian Espresso Coffee
Eat-in and Take out
We do customize Catering for all occasions
TUESDAY TO FRIDAY 10:00am to 8:30pm
SATURDAY - SUNDAY 9:00am to 8:30pm
MONDAY CLOSED
Tel: 604-597-7077, 604-596-4191
#5&6-12818-72nd, Avenue, Surrey
www.safusion9.com

HOMELAND MORTGAGE CORP.
ਜੇ ਮੋਰਟਗੇਜ਼ ਲੈਣ ਵਿੱਚ ਕੋਈ ਮੁਸ਼ਕਿਲ ਆਉਂਦੀ ਹੈ ਤਾਂ ਇੱਕ ਵਾਰ ਸਾਨੂੰ ਮਿਲੋ।
ਅਸੀਂ ਪ੍ਰਾਈਵੇਟ ਮੋਰਟਗੇਜ਼ ਦਾ ਪ੍ਰਬੰਧ ਘੱਟ ਰੇਟ 'ਤੇ ਕਰਦੇ ਹਾਂ।
Kuldip Singh Panesar
Mortgage Consultant
Cell : 604-308-6839
204-7928-128, Street York Business Centre, Surrey BC V3W4E8

S&S INSURANCE SERVICE
FAST SERVICE AND COMPETITIVE RATES
EXPERT IN
» Construction Insurance » Business Insurance » Home Insurance
» Contractor Insurance » Hard To Place Insurance » Rental House Insurance
CALL NOW
604-319-1000
www.sandsinsurance.ca
6607 Main St, Vancouver 604-324-5711 | 2-8195 120th, Delta 604-635-0890
ICBC

KOHALY PRINTING & BINDERY LTD.
WEDDING CARDS
FULL COLOR SIGNS
WINDOW DECALS
CHEQUES
OFFSET PRINTING, DIGITAL PRINTING
604-594-2324
ਹਰ ਤਰ੍ਹਾਂ ਦੀ ਪ੍ਰਿੰਟਿੰਗ ਅਤੇ ਵਿਆਹ ਦੇ ਕਾਰਡ
#210-12837-76th Ave, Surrey, B.C.
Website : www.kohalyprinting.com
E-mail : info@kohalyprinting.com

Keep Smiling Denture Clinic
• CARE HOME MOBILE SERVICE | ਮੁਫ਼ਤ ਸਲਾਹ ਲਈ ਅੱਜ ਹੀ ਮਿਲੋ
SEMCD
Complete Denture
Implant Denture
Partial Denture
ਕੀ ਤੁਹਾਡੇ ਹੇਠਲੇ ਜਾਂ ਉਪਰਲੇ ਦੰਦ ਢਿੱਲੇ ਹਨ ਜਾਂ ਹੱਡੀ ਘਸੀ ਹੋਈ ਹੈ?
ਤਾਂ ਸਾਨੂੰ Suction Denture ਬਾਰੇ ਜਾਣਨ ਲਈ ਮਿਲੋ ਅਸੀਂ ਜਾਪਾਨੀ ਤਕਨੀਕ ਨਾਲ ਦੰਦਾਂ ਨੂੰ ਫਿਟ ਬਣਾਉਣ ਲਈ ਵੀ ਪ੍ਰਮਾਣਿਤ (CERTIFIED) ਹਾਂ।
ਜੇਕਰ ਤੁਸੀਂ ਕੈਨੇਡੀਅਨ ਡੈਂਟਲ ਕੇਅਰ ਪਲਾਨ ਦਾ ਕਾਰਡ ਮਿਲ ਗਿਆ ਹੈ ਤਾਂ ਫਿਰ ਆਪਣੀ ਸਲਾਹ ਦਾ ਸਮਾਂ ਬੁੱਕ ਕਰੋ
IF YOU HAVE RECEIVED CANADIAN DENTAL CARE PLAN CARD. BOOK APPOINTMENT
Gagan Chahal R.D.
Registered Denturist
Book Your Appointment
778-600-0811 6834 King George Blvd Surrey BC 778-600-0810 2644 Cyril St Abbotsford BC

IATA Accredited Agent
SIDHU TRAVEL LTD.
Email : sidhutravel13@gmail.com
ਇੰਡੀਆ ਜਾਂ ਦੁਨੀਆਂ ਵਿੱਚ ਕਿਤੇ ਵੀ ਯਾਤਰਾ ਕਰਨ ਲਈ, ਭਰੋਸੇਯੋਗ ਸੇਵਾਵਾਂ ਲਈ ਸਾਡੇ ਨਾਲ ਸੰਪਰਕ ਕਰੋ। ਆਪਣੀ ਯਾਤਰਾ ਦੇ ਹਰ ਪਲ ਨੂੰ ਬਿਹਤਰ ਬਣਾਉ।
RANI SIDHU : 604-504-3400, AMAN SANDHU : 604-800-3003
3497 Nightingale Dr. Abbotsford, B.C.
Unit 109-12830 80 Ave, York Centre Surrey
ਭਾਰਤ ਪੈਸੇ ਭੇਜਣ ਜਾਂ ਮੰਗਵਾਉਣ ਲਈ ਅੱਜ ਹੀ ਸੰਪਰਕ ਕਰੋ
BESTWAY Foreign Exchange Ltd.
ਬੈਸਟਵੇ ਫੌਰਨ ਐਕਸਚੇਂਜ
www.bestwayforeignexchange.com
Sony Sidhu (Zira)
Ph: 778-246-2500 (Abbotsford)
604-592-2676 (Surrey)
Unit 109-12830 80 Ave, York Centre Surrey

SARABHA TRUCK REPAIR SERVICES LTD.
HEAVY DUTY TRUCK PARTS
GOVERNMENT APPROVED FACILITY
AMRIT GREWAL : 604-600-5835
JAS : 604-916-5835
SUKH : 778-241-5835
19770 98 Ave, Langley, BC

ਹੁਣ ਚਿਲੀਵੈਕ ਵਿਚ ਸਾਡੀ ਦੂਜੀ ਲੋਕੇਸ਼ਨ ਖੁੱਲ ਚੁੱਕੀ ਹੈ
GABA TIRE
All TIRES AVAILABLE (AS, AT & MT)
WHOLESALE TIRES
ਸਾਨੂੰ ਨਵੀਂ ਲੋਕੇਸ਼ਨ ਚਿਲੀਵੈਕ ਲਈ ਕੰਮ ਕਰਨ ਵਾਲੇ ਵਰਕਰ ਚਾਹੀਦੇ ਹਨ
604-897-3235 ABBOTSFORD
604-746-4222 31324 - 107 Peardonville Rd
604-316-3643 CHILLIWACK
BACK SIDE OF CHILLIWACK TAXI : 45877-HOCKING AVE

# ਮਾਰਕ ਕਾਰਨੀ ਨੇ ਕੈਨੇਡਾ ਦੀ ਸਭ ਤੋਂ ਵੱਡੀ ਹਾਊਸਿੰਗ ਯੋਜਨਾ ਦੀ ਕੀਤੀ ਘੋਸ਼ਣਾ

**ਸਰੀ, (ਸਿਮਰਨਜੀਤ ਸਿੰਘ):** ਲਿਬਰਲ ਆਗੂ ਮਾਰਕ ਕਾਰਨੀ ਨੇ ਬੀਤੇ ਦਿਨੀਂ ਐਲਾਨ ਕੀਤਾ ਕਿ ਨਵੀਂ ਲਿਬਰਲ ਸਰਕਾਰ ਕੈਨੇਡਾ ਦੀ ਸਭ ਤੋਂ ਵੱਡੀ ਹਾਊਸਿੰਗ ਯੋਜਨਾ ਲੈ ਕੇ ਆਵੇਗੀ, ਜਿਸ ਵਿੱਚ ਉਹ ਘੱਟ ਤੋਂ ਘੱਟ 5 ਲੱਖ ਨਵੇਂ ਘਰ ਹਰ ਸਾਲ ਤਿਆਰ ਕਰਨਗੇ। ਉਨ੍ਹਾਂ ਕਿਹਾ ਕਿ ਦੂਸਰੇ ਵਿਸ਼ਵ ਯੁੱਧ ਤੋਂ ਬਾਅਦ ਕੈਨੇਡਾ ਨੂੰ ਏਨੀ ਵੱਡੇ ਹਾਊਸਿੰਗ ਸੰਕਟ ਦਾ ਸਾਹਮਣਾ ਕਰਨਾ ਪਿਆ ਸੀ, ਜਿਸ ਤਰ੍ਹਾਂ ਦੀ ਸਥਿਤੀ ਅੱਜ ਹੈ। ਉਸ ਵੇਲੇ, ਵਜੀਰ ਆਜ਼ਮ ਵਿਲੀਅਮ ਲਾਇਨ ਮੈਕੇਂਜ਼ੀ ਕਿੰਗ ਦੀ ਸਰਕਾਰ ਨੇ ਨਵੇਂ ਸਾਰੋਕਾਰਾਂ ਅਤੇ ਉਦਯੋਗ ਖੜ੍ਹੇ ਕਰਕੇ ਘਰ ਬਣਾਉਣ ਦੀ ਲਾਗਤ ਘਟਾਈ ਸੀ।

ਕਾਰਨੀ ਨੇ ਕਿਹਾ, "ਕੈਨੇਡਾ ਨੇ ਪਹਿਲਾਂ ਵੀ ਹਾਊਸਿੰਗ ਸੰਕਟ ਦਾ ਹੱਲ ਲੱਭਿਆ ਸੀ ਅਤੇ ਅਸੀਂ ਫਿਰ ਕਰ ਸਕਦੇ ਹਾਂ।" ਉਨ੍ਹਾਂ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੀਆਂ ਟੈਕਸ ਨੀਤੀਆਂ ਨੂੰ ਚੁਣੌਤੀ ਦਿੰਦਿਆਂ ਕਿਹਾ ਕਿ "ਅਸੀਂ ਕੈਨੇਡਾਵਾਸੀਆਂ ਲਈ ਘਰ ਬਣਾਵਾਂਗੇ ਅਤੇ ਇੱਕ ਨਵਾਂ ਉਦਯੋਗ ਖੜ੍ਹਾ ਕਰਾਂਗੇ।"

ਉਨ੍ਹਾਂ ਨੇ ਬਿਲਡ ਕੈਨੇਡਾ ਹੋਮਜ਼ ਯੋਜਨਾ ਦਾ ਐਲਾਨ ਕਰਦੇ ਹੋਏ ਕਿਹਾ ਕਿ ਸਰਕਾਰੀ ਜ਼ਮੀਨਾਂ 'ਤੇ ਘੱਟ-ਲਾਗਤ ਵਾਲੇ ਘਰ ਬਣਾਏ ਜਾਣ, $25 ਅਰਬ ਦੀ ਮਦਦ




ਘਰ ਬਣਾਉਣ ਵਾਲੀਆਂ ਕੰਪਨੀਆਂ ਨੂੰ ਦਿੱਤੀ ਜਾਵੇਗੀ। $10 ਅਰਬ ਦੀ ਰਕਮ ਅਫੋਰਡੇਬਲ ਹਾਊਸਿੰਗ ਉੱਤੇ ਲਗਾਈ ਜਾਵੇਗੀ। ਘਰ ਬਣਾਉਣ ਦੀ ਲਾਗਤ ਘਟਾਉਣ ਲਈ ਨਵੇਂ ਉਪਰਾਲਿਆਂ ਦਾ ਜ਼ਿਕਰ ਕਰਦੇ ਹੋਏ ਉਨ੍ਹਾਂ ਕਿਹਾ ਕਿ ਬਹੁ-ਇਕਾਈਆਂ ਵਾਲੀਆਂ ਰਿਹਾਇਸ਼ੀ ਇਮਾਰਤਾਂ ਉੱਤੇ ਮਿਊਂਸੀਪਲ ਵਿਕਾਸ ਸ਼ੁਲਕ 50% ਘਟਾਏ ਜਾਣਗੇ । ਕਿਰਾਏ ਵਾਲੇ ਘਰ ਵਧਾਉਣ ਲਈ 1970 ਦੇ ਦੌਰਾਨ ਲਾਗੂ ਕੀਤੀ ਟੈਕਸ ਛੂਟ ਮੁੜ ਲਿਆਉਣਗੇ। ਖਾਲੀ ਪਈਆਂ ਇਮਾਰਤਾਂ ਨੂੰ ਘਰਾਂ ਵਿੱਚ ਤਬਦੀਲ ਕਰਨ ਲਈ ਨਵੇਂ ਕਾਨੂੰਨ ਲਾਗੂ ਹੋਣਗੇ। ਹਾਊਸਿੰਗ ਐਕਸੀਲੇਰੇਟਰ ਫੰਡ ਰਾਹੀਂ ਨਕਸ਼ਿਆਂ ਅਤੇ ਇਜਾਜ਼ਤਾਂ ਨਾਲ ਜੁੜੀ ਰੁਕਾਵਟਾਂ ਘਟ ਕੀਤੀਆਂ ਜਾਣਗੀਆਂ। ਲਿਬਰਲ ਪਾਰਟੀ ਨੇ ਇਹ ਵੀ ਕਿਹਾ ਕਿ 1 ਮਿਲੀਅਨ ਡਾਲਰ ਜਾਂ ਇਸ ਤੋਂ ਘੱਟ ਕੀਮਤ ਵਾਲੇ ਘਰਾਂ ਉੱਤੇ ਜੀ.ਐਸ.ਟੀ. ਖਤਮ ਕੀਤਾ ਜਾਵੇਗਾ। ਕਾਰਨੀ ਨੇ ਅੰਤ ਵਿੱਚ ਕਿਹਾ, "ਅਸੀਂ ਅਮਰੀਕੀ ਟੈਰੀਫ਼ਾਂ ਦਾ ਮੁਕਾਬਲਾ ਕਰਾਂਗੇ, ਨੌਕਰੀਆਂ ਪੈਦਾ ਕਰਾਂਗੇ, ਦਰਮਿਆਨੇ ਵਰਗ ਲਈ ਟੈਕਸ ਘਟਾਵਾਂਗੇ, ਅਤੇ ਜੀ-7 ਵਿੱਚ ਸਭ ਤੋਂ ਤੇਜ਼ ਵਿਕਾਸਸ਼ੀਲ ਅਰਥਵਿਵਸਥਾ ਬਣਾਵਾਂਗੇ।" This report was written by Simranjit Singh as part of the Local Journalism Initiative.

# ਨਵੇਂ ਫਲੈਟ ਰੇਟਾਂ ਨਾਲ ਲੋਕਾਂ ਨੂੰ ਮਿਲੇਗੀ ਕੁਝ ਰਾਹਤ : ਬੀਸੀ ਹਾਈਡਰੋ

**ਸਰੀ, (ਸਿਮਰਨਜੀਤ ਸਿੰਘ):** ਬੀਸੀ ਹਾਈਡਰੋ ਆਪਣੇ ਗਾਹਕਾਂ ਨੂੰ ਇੱਕ ਨਵਾਂ "ਫਲੈਟ ਰੇਟ" ਭੁਗਤਾਨ ਵਿਕਲਪ ਪੇਸ਼ ਕਰ ਰਿਹਾ ਹੈ, ਜਿਸ ਬਾਰੇ ਬੀਸੀ ਹਾਈਡਰੋ ਦਾ ਕਹਿਣਾ ਹੈ ਕਿ ਇਹ ਉਨ੍ਹਾਂ ਗਾਹਕਾਂ ਦੀ ਮਦਦ ਕਰ ਸਕਦਾ ਹੈ ਜੋ ਵਧੇਰੇ ਬਿਜਲੀ ਵਰਤਦੇ ਹਨ ਅਤੇ ਔਸਤਨ 60 ਡਾਲਰ ਸਾਲਾਨਾ ਬਚਤ ਕਰ ਸਕਦੇ ਹਨ।

ਕ੍ਰਾਊਨ ਕਾਰਪੋਰੇਸ਼ਨ ਨੇ 1 ਅਪ੍ਰੈਲ ਦੇ ਇੱਕ ਬਿਆਨ ਵਿੱਚ ਕਿਹਾ ਕਿ ਇਹ ਟੀਅਰਡ ਰੇਟ ਬ੍ਰਿਟਿਸ਼ ਕੋਲੰਬੀਆ ਯੂਟਿਲਿਟੀਜ਼ ਕਮਿਸ਼ਨ ਨੇ ਫਰਵਰੀ 2025 ਵਿੱਚ ਮਨਜ਼ੂਰ ਕੀਤਾ ਸੀ।

ਰਿਹਾਇਸ਼ੀ ਗਾਹਕ ਹੁਣ ਵਰਤੀ ਗਈ ਬਿਜਲੀ ਦੇ ਪ੍ਰਤੀ ਕਿਲੋਵਾਟ ਘੰਟੇ ਲਈ ਇੱਕ ਨਿਸ਼ਚਿਤ ਕੀਮਤ ਅਦਾ ਕਰ ਸਕਣਗੇ, ਜੋ ਉਨ੍ਹਾਂ ਨੂੰ ਟੀਅਰਡ ਸਿਸਟਮ ਅਧੀਨ ਆਪਣੀ ਵਰਤੋਂ ਤੋਂ ਵੱਧ ਜਾਣ 'ਤੇ ਲੱਗਣ ਵਾਲੇ ਵਾਧੂ ਚਾਰਜਾਂ ਤੋਂ ਬਚਣ ਵਿੱਚ ਮਦਦ ਕਰੇਗਾ।

ਬੀਸੀ ਹਾਈਡਰੋ ਨੇ ਦੱਸਿਆ ਕਿ ਹਾਲ ਹੀ ਦੇ ਇੱਕ ਸਰਵੇਖਣ ਵਿੱਚ ਪਤਾ ਲੱਗਾ ਹੈ ਕਿ ਬਿਜਲੀ ਨਾਲ ਗਰਮ ਕੀਤੇ ਜਾਣ ਵਾਲੇ ਜ਼ਿਆਦਾਤਰ ਘਰਾਂ ਵਿੱਚ, ਜਿੱਥੇ ਦੋ ਜਾਂ ਵਧੇਰੇ ਲੋਕ ਰਹਿੰਦੇ ਹਨ, ਸਾਲ ਵਿੱਚ ਘੱਟੋ-ਘੱਟ ਦੋ ਵਾਰ ਟੀਅਰ 2 ਰੇਟ ਲੱਗਦੇ




ਹਨ। ਜਵਾਬ ਦੇਣ ਵਾਲਿਆਂ ਦੀ ਬਹੁਗਿਣਤੀ (80 ਪ੍ਰਤੀਸ਼ਤ) ਨੇ ਕਿਹਾ ਕਿ ਇਹ ਚਾਰਜ ਉਨ੍ਹਾਂ ਦੀ ਵਿੱਤੀ ਸਥਿਤੀ 'ਤੇ ਬੋਝ ਪਾ ਰਹੇ ਹਨ।

ਫਲੈਟ ਰੇਟ ਉਨ੍ਹਾਂ ਘਰਾਂ ਦੇ ਹੱਕ ਵਿੱਚ ਹੋਵੇਗਾ ਜੋ ਵਧੇਰੇ ਬਿਜਲੀ ਵਰਤਦੇ ਹਨ, ਭਾਵੇਂ ਉਨ੍ਹਾਂ ਦੇ ਪਰਿਵਾਰ ਵੱਡੇ ਹੋਣ, ਇਲੈਕਟ੍ਰਿਕ ਬੇਸਬੋਰਡ ਹੀਟਿੰਗ ਜਾਂ ਹੀਟ ਪੰਪ ਵਰਗੇ ਵਿਕਲਪ ਵਰਤਦੇ ਹੋਣ, ਜਾਂ ਇਲੈਕਟ੍ਰਿਕ ਵਾਹਨਾਂ ਦੇ ਮਾਲਕ ਹੋਣ।

ਪ੍ਰਾਂਤ ਦੇ ਊਰਜਾ ਅਤੇ ਜਲਵਾਯੂ ਹੱਲ ਮੰਤਰੀ ਐਡਰਿਅਨ ਡਿਕਸ ਨੇ ਇੱਕ ਬਿਆਨ ਵਿੱਚ ਕਿਹਾ ਕਿ ਸੂਬਾਈ ਸਰਕਾਰ ਅਮਰੀਕਾ ਨਾਲ ਚੱਲ ਰਹੀ ਵਪਾਰਕ ਜੰਗ ਦੇ ਵਿਚਕਾਰ ਨਿਵਾਸੀਆਂ ਲਈ "ਬਿਜਲੀ ਦੀ ਕੀਮਤ ਘੱਟ ਰੱਖਣ ਲਈ ਵਚਨਬੱਧ" ਹੈ।

ਬੀਸੀ ਹਾਈਡਰੋ ਨੇ ਕਿਹਾ ਕਿ ਫਲੈਟ ਰੇਟ ਚਾਰਜ 12.63 ਸੈਂਟ ਪ੍ਰਤੀ ਕਿਲੋਵਾਟ ਹੈ, ਜੋ ਟੀਅਰਡ ਰੇਟ ਅਧੀਨ ਟੀਅਰ 1 ਅਤੇ ਟੀਅਰ 2 ਊਰਜਾ ਚਾਰਜਾਂ ਦੇ ਵਿਚਕਾਰ ਹੈ।

ਇਸ ਨੇ ਅੱਗੇ ਦੱਸਿਆ ਕਿ ਜੋ ਗਾਹਕ ਫਲੈਟ ਰੇਟ ਚੁਣਦੇ ਹਨ, ਉਹ ਵਿਕਲਪਿਕ ਸਮਾਂ-ਅਧਾਰਿਤ ਕੀਮਤ ਨੂੰ ਜੋੜ ਕੇ ਹੋਰ ਬਚਤ ਕਰ ਸਕਦੇ ਹਨ, ਜਿਸ ਵਿੱਚ ਰਾਤ ਦੇ ਸਮੇਂ ਘੱਟ ਚਾਰਜ ਅਤੇ ਪੀਕ ਸਮੇਂ 'ਤੇ ਥੋੜ੍ਹਾ ਜ਼ਿਆਦਾ ਚਾਰਜ ਲੱਗਦਾ ਹੈ।

ਫਲੈਟ ਰੇਟ 'ਤੇ ਸਵਿੱਚ ਕਰਨ ਦੇ ਚਾਹਵਾਨ ਗਾਹਕ ਬੀਸੀ ਹਾਈਡਰੋ ਦੀ ਵੈਬਸਾਈਟ 'ਤੇ ਅਜਿਹਾ ਕਰ ਸਕਦੇ ਹਨ।

ਜ਼ਿਕਰਯੋਗ ਹੈ ਕਿ 1 ਅਪ੍ਰੈਲ ਨੂੰ ਬੀਸੀ ਹਾਈਡਰੋ ਦੀਆਂ ਦਰਾਂ ਵਿੱਚ ਵੀ ਵਾਧਾ ਹੋਇਆ। ਗਾਹਕਾਂ ਨੂੰ ਔਸਤਨ 3.75 ਪ੍ਰਤੀਸ਼ਤ ਦਰ ਵਾਧੇ ਦਾ ਸਾਹਮਣਾ ਕਰਨਾ ਪਿਆ, ਜੋ ਅਗਲੇ ਦੋ ਸਾਲਾਂ ਤੱਕ ਲਾਗੂ ਰਹੇਗਾ। This report was written by Simranjit Singh as part of the Local Journalism Initiative.

### ਅਮਰੀਕੀ ਰਾਸ਼ਟਰਪਤੀ ਦਾ ਹਾਸੋ-ਹੀਸਾ ਫੈਸਲਾ

# ਟਰੰਪ ਨੇ ਅੰਟਾਰਕਟਿਕ ਦੀਆਂ ਖਾਲੀ ਟਾਪੂਆਂ ' ਹਰਡ ਅਤੇ ਮੈਕਡੋਨਲਡ ਤੇ ਟੈਰਿਫ ਲਗਾਏ

**ਸਰੀ, (ਸਿਮਰਨਜੀਤ ਸਿੰਘ):** ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਬੁੱਧਵਾਰ ਨੂੰ ਐਲਾਨ ਕੀਤਾ ਕਿ ਅਮਰੀਕਾ ਨੇ ਅੰਟਾਰਕਟਿਕ ਦੇ ਕੁਝ ਛੋਟੇ ਟਾਪੂਆਂ 'ਤੇ ਜਵਾਬੀ ਟੈਰਿਫ ਲਗਾਉਣ ਦਾ ਫੈਸਲਾ ਕੀਤਾ ਹੈ, ਜੋ ਮਨੁੱਖਾਂ ਤੋਂ ਖਾਲੀ ਹਨ। ਇਹ ਟੈਰਿਫ ਵਿਸ਼ਵ ਵਪਾਰ ਯੁੱਧ ਦਾ ਹਿੱਸਾ ਹਨ, ਜਿਸ ਦਾ ਮਕਸਦ ਅਮਰੀਕੀ ਦਬਦਬੇ ਨੂੰ ਕਾਇਮ ਕਰਨਾ ਹੈ। ਇਨ੍ਹਾਂ ਵਿੱਚੋਂ ਹਰਡ ਅਤੇ ਮੈਕਡੋਨਲਡ ਟਾਪੂ ਵੀ ਸ਼ਾਮਲ ਹਨ, ਜੋ ਆਸਟ੍ਰੇਲੀਆ ਦੇ ਅਧੀਨ ਹਨ ਅਤੇ ਇੱਥੇ ਪੈਂਗੁਇਨਾਂ ਅਤੇ ਸਮੁੰਦਰੀ ਜਾਨਵਰਾਂ ਦੀ ਵੱਡੀ ਗਿਣਤੀ ਵਸਦੀ ਹੈ, ਪਰ ਕੋਈ ਮਨੁੱਖੀ ਆਬਾਦੀ ਨਹੀਂ ਹੈ। ਇਹ ਟਾਪੂ, ਜੋ ਅੰਟਾਰਕਟਿਕਾ ਤੋਂ ਲਗਭਗ 1,700 ਕਿਲੋਮੀਟਰ ਅਤੇ ਆਸਟ੍ਰੇਲੀਆ ਦੇ ਪਰਥ ਸ਼ਹਿਰ ਤੋਂ 4,100 ਕਿਲੋਮੀਟਰ ਦੱਖਣ-ਪੱਛਮ ਵਿੱਚ ਸਥਿਟ ਹਨ, ਆਪਣੇ ਜਵਾਲਾਮੁਖੀ ਅਤੇ ਗਲੇਸ਼ੀਅਰਾਂ ਲਈ ਜਾਣੇ ਜਾਂਦੇ ਹਨ। ਟਰੰਪ ਨੇ ਇੱਕ ਪ੍ਰੈਸ ਕਾਨਫਰੰਸ ਦੌਰਾਨ ਇਹ ਐਲਾਨ ਕੀਤਾ ਅਤੇ ਇੱਕ ਪੋਸਟਰ ਦਿਖਾਇਆ, ਜਿਸ ਵਿੱਚ ਟੈਰਿਫ ਪ੍ਰਭਾਵਿਤ ਦੇਸ਼ਾਂ ਅਤੇ ਖੇਤਰਾਂ ਦੀ ਸੂਚੀ ਸੀ। ਇਸ ਸੂਚੀ ਅਨੁਸਾਰ, ਹਰਡ ਅਤੇ ਮੈਕਡੋਨਲਡ ਟਾਪੂਆਂ 'ਤੇ ਅਮਰੀਕਾ ਨੂੰ 10 ਪ੍ਰਤੀਸ਼ਤ ਟੈਰਿਫ ਦਾ ਸਾਹਮਣਾ ਕਰਨਾ ਪੈਂਦਾ ਹੈ, ਜਿਸ ਦੇ ਜਵਾਬ ਵਿੱਚ ਅਮਰੀਕਾ ਨੇ ਵੀ ਇਨ੍ਹਾਂ ਟਾਪੂਆਂ 'ਤੇ 10 ਪ੍ਰਤੀਸ਼ਤ ਟੈਰਿਫ ਲਗਾਇਆ ਹੈ। ਯੂਨੈਸਕੋ ਨੇ ਇਨ੍ਹਾਂ ਨੂੰ ਵਿਸ਼ਵ ਵਿਰਾਸਤ ਸਥਾਨ ਘੋਸ਼ਿਤ ਕੀਤਾ ਹੈ, ਕਿਉਂਕਿ ਇਹ ਧਰਤੀ ਦੇ ਸਭ ਤੋਂ ਸਾਫ਼-ਸੁਥਰੇ ਟਾਪੂਆਂ ਵਿੱਚੋਂ ਇੱਕ ਹਨ, ਜਿੱਥੇ ਮਨੁੱਖੀ ਦਖਲ ਅਤੇ ਬਾਹਰੀ ਪੌਦਿਆਂ ਜਾਂ ਜਾਨਵਰਾਂ ਦੀ ਗੈਰ-ਮੌਜੂਦਗੀ ਹੈ।

ੴ ਸਤਿਗੁਰ ਪ੍ਰਸਾਦਿ॥
ਜੇਹਾ ਚੀਰੀ ਲਿਖਿਆ ਤੇਹਾ ਹੁਕਮ ਕਮਾਇ, ਘੱਲੇ ਆਵੇ ਨਾਨਕਾ ਸਦੇ ਉਠੀ ਜਾਇ।



ਸੁਰਜੀਤ ਕੌਰ ਸਿੱਧੂ
ਆਪ ਜੀ ਨੂੰ ਬੜੇ ਦੁਖੀ ਹਿਰਦੇ ਨਾਲ ਸੂਚਿਤ ਕੀਤਾ ਜਾਂਦਾ ਹੈ ਕਿ
ਸੁਰਜੀਤ ਕੌਰ ਸਿੱਧੂ
ਜੋ ਪਿਛਲੇ ਲੰਮੇ ਸਮੇਂ ਤੋਂ ਸਰੀ ਵਿਖੇ ਆਪਣੇ ਪਰਿਵਾਰ ਨਾਲ
ਰਹਿ ਰਹੇ ਸਨ, ਵਾਹਿਗੁਰੂ ਵਲੋਂ ਬਖ਼ਸ਼ੀ ਸਵਾਸਾਂ ਦੀ ਪੂੰਜੀ ਭੋਗ ਕੇ ਲੰਘੀ 1 ਅਪ੍ਰੈਲ ਨੂੰ
ਗੁਰੂ ਚਰਨਾਂ ਵਿੱਚ ਜਾ ਬਿਰਾਜੇ ਹਨ, ਉਨ੍ਹਾਂ ਦਾ
ਅੰਤਿਮ ਸੰਸਕਾਰ
ਵੀਰਵਾਰ, ਅਪ੍ਰੈਲ 10 ਨੂੰ ਬਾਅਦ ਦੁਪਹਿਰ 2:30 ਵਜੇ
ਰਿਵਰਸਾਈਡ ਫਿਊਨਰਲ ਹੋਮ 7410 ਹੋਪਕੋਪ ਰੋਡ ਡੈਲਟਾ ਵਿਖੇ ਹੋਵੇਗਾ। ਉਪਰੰਤ
ਸਹਿਜਪਾਠ ਦੇ ਭੋਗ ਅਤੇ ਅੰਤਮ ਅਰਦਾਸ
ਗੁਰਦੁਆਰਾ ਸਾਹਿਬ ਸਿੰਘ ਸਭਾ
8115, 132 ਸਟਰੀਟ, ਸਰੀ
ਵਿਖੇ ਸ਼ਾਮ 4:00 ਵਜੇ ਹੋਵੇਗੀ।
ਪਰਿਵਾਰ ਨਾਲ ਦੁੱਖ ਸਾਂਝਾ ਕਰਨ ਲਈ ਸੰਪਰਕ ਕਰ ਸਕਦੇ ਹੋ
ਨਰਿੰਦਰ ਸਿੱਧੂ 604-807-8888
ਪਰਮਿੰਦਰ ਸਿੱਧੂ 604-836-0008

ੴ ਸਤਿਗੁਰ ਪ੍ਰਸਾਦਿ॥
ਜੇਹਾ ਚੀਰੀ ਲਿਖਿਆ ਤੇਹਾ ਹੁਕਮ ਕਮਾਇ, ਘੱਲੇ ਆਵੇ ਨਾਨਕਾ ਸਦੇ ਉਠੀ ਜਾਇ।



ਖੁਸ਼ਪਾਲ ਗਿੱਲ
ਆਪ ਜੀ ਨੂੰ ਬੜੇ ਦੁਖੀ ਹਿਰਦੇ ਨਾਲ ਸੂਚਿਤ ਕੀਤਾ ਜਾਂਦਾ ਹੈ ਕਿ
ਖੁਸ਼ਪਾਲ ਗਿੱਲ
ਜੋ ਪਿਛਲੇ ਲੰਮੇ ਸਮੇਂ ਤੋਂ ਸਰੀ ਵਿਖੇ ਆਪਣੇ ਪਰਿਵਾਰ ਨਾਲ
ਰਹਿ ਰਹੇ ਸਨ ਬੀਤੀ 29 ਮਾਰਚ ਨੂੰ ਅਕਾਲ ਚਲਾਣਾ ਕਰ
ਗਏ ਹਨ, ਉਨ੍ਹਾਂ ਦਾ
ਅੰਤਿਮ ਸੰਸਕਾਰ
ਸ਼ਨਿੱਚਰਵਾਰ, ਅਪ੍ਰੈਲ 5 ਨੂੰ ਸਵੇਰੇ 11:00 ਵਜੇ
ਰਿਵਰਸਾਈਡ ਫਿਊਨਰਲ ਹੋਮ 7410 ਹੋਪਕੋਪ ਰੋਡ ਡੈਲਟਾ ਵਿਖੇ ਹੋਵੇਗਾ। ਉਪਰੰਤ
ਸਹਿਜਪਾਠ ਦੇ ਭੋਗ ਅਤੇ ਅੰਤਮ ਅਰਦਾਸ
ਗੁਰਦੁਆਰਾ ਖਾਲਸਾ ਦਰਬਾਰ ਸੁਸਾਇਟੀ
ਯੌਰਕ ਸੈਂਟਰ ਵੈਨਕੂਵਰ
ਵਿਖੇ ਬਾਅਦ ਦੁਪਹਿਰ 2:00 ਵਜੇ ਹੋਵੇਗੀ।
ਪਰਿਵਾਰ ਨਾਲ ਦੁੱਖ ਸਾਂਝਾ ਕਰਨ ਲਈ ਸੰਪਰਕ ਕਰ ਸਕਦੇ ਹੋ
ਮਿੱਕੀ ਗਿੱਲ : 236-999-0084

# ਅਮਰੀਕੀ ਸੈਨੇਟ ਨੇ ਕੈਨੇਡਾ 'ਤੇ ਲਾਏ ਟੈਰਿਫਾਂ ਨੂੰ ਰੱਦ ਕਰਨ ਲਈ 51-48 ਨਾਲ ਮਤਾ ਪਾਸ



**ਸਰੀ, (ਸਿਮਰਨਜੀਤ ਸਿੰਘ):** ਅਮਰੀਕਾ ਦੇ 4 ਸੈਨੇਟਰਾਂ ਨੇ ਇੱਕ ਮਹੱਤਵਪੂਰਨ ਫੈਸਲੇ ਵਿੱਚ 51-48 ਦੇ ਵੋਟ ਫਰਕ ਨਾਲ ਕੈਨੇਡਾ 'ਤੇ ਲਗਾਏ ਗਏ ਟੈਰਿਫਾਂ ਨੂੰ ਰੱਦ ਕਰਨ ਦਾ ਮਤਾ ਪਾਸ ਕਰ ਦਿੱਤਾ ਹੈ। ਇਹ ਪ੍ਰਸਤਾਵ ਡੈਮੋਕਰੈਟਿਕ ਸੈਨੇਟਰ ਟਿਮ ਕੇਨ ਦੀ ਅਗਵਾਈ ਵਿੱਚ ਪੇਸ਼ ਕੀਤਾ ਗਿਆ ਸੀ, ਜਿਸ ਨੂੰ ਸਾਰੇ 47 ਡੈਮੋਕਰੈਟਸ ਦੇ ਨਾਲ-ਨਾਲ ਚਾਰ ਰਿਪਬਲਿਕਨ ਸੈਨੇਟਰਾਂ—ਸੂਜ਼ਨ ਕੋਲਿਨਜ਼ (ਮੇਨ), ਰੈਂਡ ਪੌਲ ਅਤੇ ਮਿਚ ਮੈਕਕੌਨਲ (ਕੈਂਟਕੀ), ਅਤੇ ਲੀਸਾ ਮੁਰਕੋਵਸਕੀ (ਅਲਾਸਕਾ)—ਨੇ ਸਮਰਥਨ ਦਿੱਤਾ।

ਸੈਨੇਟਰ ਮਿਚ ਮੈਕਕੌਨੇਲ (ਕੈਂਟਕੀ), ਰੈਂਡ ਪੌਲ (ਕੈਂਟਕੀ), ਲੀਸਾ ਮੁਰਕਾਓਸਕੀ (ਅਲਾਸਕਾ) ਅਤੇ ਸੁਜ਼ਨ ਕੋਲਿੰਸ (ਮੈਨ) ਨੇ ਮਿਲ ਕੇ 51-48 ਦੇ ਵੋਟਾਂ ਨਾਲ ਇਹ ਪ੍ਰਸਤਾਵ ਪਾਸ ਕੀਤਾ। ਹਾਲਾਂਕਿ, ਇਸ ਗੱਲ ਦੀ ਸੰਭਾਵਨਾ ਘੱਟ ਹੀ ਹੈ ਕਿ ਇਹ ਅਮਲੀ ਰੂਪ ਲਵੇਗਾ।

ਇਹ ਟੈਰਿਫ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਫੈਂਟਾਨਾਈਲ ਦੀ ਤਸਕਰੀ ਨੂੰ ਰੋਕਣ ਦੇ ਮੱਦੇਨਜ਼ਰ ਕੈਨੇਡਾ 'ਤੇ ਲਗਾਏ ਸਨ। ਹਾਲਾਂਕਿ, ਸੈਨੇਟ ਦਾ ਇਹ ਫੈਸਲਾ ਸਿਰਫ਼ ਪ੍ਰਤੀਕਾਤਮਕ ਹੋ ਸਕਦਾ ਹੈ, ਕਿਉਂਕਿ ਰਿਪਬਲਿਕਨ-ਨਿਯੰਤਰਿਤ ਹਾਊਸ ਆਫ਼ ਰਿਪ੍ਰੈਜ਼ੈਂਟੇਟਿਵਜ਼ ਵਿੱਚ ਇਸ ਦੇ ਅੱਗੇ ਵਧਣ ਦੀ ਸੰਭਾਵਨਾ ਘੱਟ ਹੈ। ਇਸ ਤੋਂ ਇਲਾਵਾ, ਰਾਸ਼ਟਰਪਤੀ ਟਰੰਪ ਨੇ ਇਸ ਮਤੇ ਨੂੰ ਵੀਟੋ ਕਰਨ ਦੀ ਧਮਕੀ ਵੀ ਦਿੱਤੀ ਹੈ। ਟਰੰਪ ਨੇ ਆਪਣੇ 'ਆਪਸੀ ਵਪਾਰ ਨੀਤੀ' ਅਨੁਸਾਰ 25% ਸ਼ੁਲਕ ਕੈਨੇਡਾ ਦੀਆਂ ਨਿਰਯਾਤੀ ਵਸਤੂਆਂ 'ਤੇ ਲਗਾ ਦਿੱਤਾ ਸੀ। ਉਨ੍ਹਾਂ ਨੇ ਕਿਹਾ ਕਿ ਇਹ ਸ਼ੁਲਕ ਫੈਂਟੇਨਲ ਦੀ ਆਮਦ ਨੂੰ ਰੋਕਣ ਲਈ ਲਗਾਏ ਗਏ ਹਨ, ਪਰ ਸੀਨੇਟਰਾਂ ਨੇ ਇਸ ਗੱਲ ਦਾ ਵਿਰੋਧ ਕੀਤਾ ਕਿ ਕੈਨੇਡਾ ਫੈਂਟੇਨਲ ਦਾ ਵੱਡਾ ਸ੍ਰੋਤ ਨਹੀਂ ਹੈ।

ਸੀਨੇਟਰ ਟਿਮ ਕੇਨ (ਵਰਜੀਨੀਆ), ਜਿਨ੍ਹਾਂ ਨੇ ਇਹ ਮਤਾ ਪੇਸ਼ ਕੀਤਾ, ਨੇ ਕਿਹਾ, "ਫੈਂਟੇਨਲ ਇਕ ਗੰਭੀਰ ਸਮੱਸਿਆ ਹੈ, ਪਰ ਕੈਨੇਡਾ ਨੂੰ ਦੋਸ਼ੀ ਕਰਨਾ ਤੇ ਉਨ੍ਹਾਂ 'ਤੇ ਵਪਾਰਿਕ ਸ਼ੁਲਕ ਲਗਾਉਣਾ ਅਜਿਹੀ ਐਮਰਜੈਂਸੀ ਹੈ ਜੋ ਅਸਲ ਵਿਚ ਮੌਜੂਦ ਨਹੀਂ।"

ਉਨ੍ਹਾਂ ਨੇ ਉਲਲੇਖ ਕੀਤਾ ਕਿ 2024 ਵਿੱਚ ਅਮਰੀਕਾ-ਕੈਨੇਡਾ ਸਰਹੱਦ 'ਤੇ ਸਿਰਫ 20 ਕਿ.ਗ੍ਰਾ. ਫੈਂਟੇਨਲ ਫੜਿਆ ਗਿਆ, ਜਦ ਕਿ ਦੱਖਣੀ ਸਰਹੱਦ 'ਤੇ 9,500 ਕਿ.ਗ੍ਰਾ. ਫੈਂਟੇਨਲ ਫੜਿਆ ਗਿਆ।

ਸੈਨੇਟ ਦੇ ਇਸ ਕਦਮ ਨੂੰ ਅਮਰੀਕਾ-ਕੈਨੇਡਾ ਵਪਾਰ ਸਬੰਧਾਂ ਵਿੱਚ ਤਣਾਅ ਘਟਾਉਣ ਦੀ ਦਿਸ਼ਾ ਵਿੱਚ ਇੱਕ ਕੋਸ਼ਿਸ਼ ਮੰਨਿਆ ਜਾ ਰਿਹਾ ਹੈ, ਪਰ ਇਸ ਦਾ ਅੰਤਿਮ ਨਤੀਜਾ ਹਾਊਸ ਦੇ ਰੁਖ ਅਤੇ ਰਾਸ਼ਟਰਪਤੀ ਦੇ ਫੈਸਲੇ 'ਤੇ ਨਿਰਭਰ ਕਰੇਗਾ। This report was written by Simranjit Singh as part of the Local Journalism Initiative.

# ਵੈਨਕੂਵਰ ਦੀਆਂ ਜਿਮਨੀ ਚੋਣਾਂ 'ਚ ਰਿਕਾਰਡ-ਤੋੜ ਐਡਵਾਂਸ ਵੋਟਿੰਗ ਹੋਈ




**ਸਰੀ, (ਸਿਮਰਨਜੀਤ ਸਿੰਘ):** ਵੈਨਕੂਵਰ ਦੀ ਜਿਮਨੀ ਚੋਣਾਂ ਪ੍ਰਤੀ ਲੋਕਾਂ ਦੀ ਦਿਲਚਸਪੀ ਸ਼ਾਨਦਾਰ ਰਹੀ, ਜਿਸ ਦਾ ਪਰਮਾਣ ਇਹ ਹੈ ਕਿ ਐਡਵਾਂਸ ਵੋਟਿੰਗ ਨੇ ਪੁਰਾਣੇ ਸਾਰੇ ਰਿਕਾਰਡ ਤੋੜ ਦਿੱਤੇ ਹਨ।

ਵੈਨਕੂਵਰ ਸ਼ਹਿਰ ਦੀ ਚੋਣ ਕਮਿਸ਼ਨ ਦੇ ਅਨੁਸਾਰ, ਚੋਣ ਦੇ ਪਹਿਲੇ ਦਿਨ 2,876 ਵੋਟਾਂ ਪਈਆਂ, ਜਦਕਿ ਦੂਜੇ ਦਿਨ 4,795 ਵੋਟਾਂ ਪਈਆਂ।

ਇਹ ਨਵੇਂ ਅੰਕੜੇ ਪਿਛਲੇ ਰਿਕਾਰਡ ਨਾਲੋਂ ਕਾਫੀ ਉਚੇ ਹਨ। ਇਸ ਤੋਂ ਪਹਿਲਾਂ, ਕਿਸੇ ਵੀ ਚੋਣ ਵਿੱਚ ਇੱਕ ਹੀ ਪੋਲਿੰਗ ਸਥਾਨ 'ਤੇ 2,500 ਵੋਟਾਂ ਦਾ ਸਭ ਤੋਂ ਵਧ ਦਾ ਅੰਕੜਾ ਸੀ।

ਪਹਿਲੇ ਦੋ ਦਿਨਾਂ ਦੌਰਾਨ ਕੁੱਲ 7,671 ਵੋਟਾਂ ਪਈਆਂ, ਜੋ 2017 ਦੀਆਂ ਐਡਵਾਂਸ ਵੋਟਾਂ ਦੀ ਗਿਣਤੀ ਨਾਲੋਂ 84% ਵੱਧ ਹਨ।

ਇਸ ਵਾਰ ਵੋਟਿੰਗ ਦੀ ਪਹੁੰਚ ਵਧਾਉਣ ਲਈ ਚੋਣ ਦਫ਼ਤਰ ਨੇ "ਵੋਟ ਬਾਏ ਮੇਲ" ਦੀ ਵਿਵਸਥਾ ਨੂੰ ਸਭ ਯੋਗ ਉਮੀਦਵਾਰਾਂ ਲਈ ਖੋਲ੍ਹ ਦਿੱਤਾ ਹੈ। ਸ਼ਹਿਰੀ ਅਧਿਕਾਰੀਆਂ ਮੁਤਾਬਕ, 6,400 ਤੋਂ ਵੱਧ ਲੋਕਾਂ ਨੇ ਡਾਕ ਰਾਹੀਂ ਵੋਟ ਪਾਉਣ ਦੀ ਬੇਨਤੀ ਕੀਤੀ, ਜਦਕਿ 2017 'ਚ ਇਹ ਗਿਣਤੀ ਸਿਰਫ 647 ਸੀ ।

ਜ਼ਿਕਰਯੋਗ ਹੈ ਕਿ ਇਹ ਜਿਮਨੀ ਚੋਣਾਂ ਸਿਟੀ ਕੌਂਸਲ ਦੀਆਂ ਦੋ ਸੀਟਾਂ ਲਈ ਹੋ ਰਹੀ ਹੈ।

ਇਹ ਸੀਟਾਂ "ਵਨਸਿਟੀ" ਦੀ ਕੌਂਸਲਰ "ਕ੍ਰਿਸਟੀਨ ਬੋਇਲ" ਦੇ ਸੂਬਾਈ ਵਿਧਾਇਕ ਵਜੋਂ ਚੁਣੇ ਜਾਣ ਅਤੇ "ਗ੍ਰੀਨ ਪਾਰਟੀ" ਦੀ ਕੌਂਸਲਰ "ਐਡਰੀਐਨ ਕਾਰ" ਦੀ ਰਿਟਾਇਰਮੈਂਟ ਕਾਰਨ ਖਾਲੀ ਹੋਈਆਂ ਸਨ।

ਇਹ ਚੋਣ ਕੌਂਸਲ 'ਚ ਕੋਈ ਵੱਡਾ ਬਦਲਾਅ ਨਹੀਂ ਲਿਆਉਣਗੀ, ਕਿਉਂਕਿ ਮੇਅਰ ਕੇਨ ਸਿਮ ਦੀ "ਏ.ਬੀ.ਸੀ. ਪਾਰਟੀ" ਪਹਿਲਾਂ ਹੀ ਬਹੁਮਤ 'ਚ ਹੈ। 5 ਅਪਰੈਲ ਨੂੰ ਵੈਨਕੂਵਰ ਵਿੱਚ ਸਵੇਰੇ 8 ਵਜੇ ਤੋਂ ਸ਼ਾਮ 8 ਵਜੇ ਤੱਕ ਵੋਟ ਪਾਉਣ ਲਈ ਸਥਾਨ ਖੁੱਲ੍ਹੇ ਰਹਿਣਗੇ। This report was written by Simranjit Singh as part of the Local Journalism Initiative.

# ਜਗਮੀਤ ਸਿੰਘ ਨੇ ਚੋਣ ਪ੍ਰਚਾਰ ਦੌਰਾਨ ਡੋਰ-ਟੂ-ਡੋਰ ਲੋਕਾਂ ਨਾਲ ਕੀਤੀ ਮੁਲਾਕਾਤ

## ਚੋਣਾਂ 'ਚ ਐਨ.ਡੀ.ਪੀ. ਦੀ ਜਿੱਤ ਸਭ ਨੂੰ ਹੈਰਾਨ ਕਰੇਗੀ : ਡੌਨ ਡੇਵਿਸ

**ਸਰੀ, (ਸਿਮਰਨਜੀਤ ਸਿੰਘ):** 2025 ਦੀਆਂ ਫੈਡਰਲ ਚੋਣਾਂ ਲਈ ਵੱਖ ਵੱਖ ਪਾਰਟੀਆਂ ਵਲੋਂ ਚੋਣ ਪ੍ਰਚਾਰ ਜ਼ੋਰਾਂ-ਸ਼ੋਰਾਂ ਨਾਲ ਕੀਤਾ ਜਾ ਰਿਹਾ ਹੈ ਅਤੇ ਵੋਟਰਾਂ ਨੂੰ ਲੁਭਾਉਣ ਲਈ ਹਰ ਸੰਭਵ ਕੋਸ਼ਿਸ਼ ਅਤੇ ਵਾਅਦੇ ਕੀਤੇ ਜਾ ਰਹੇ ਹਨ। ਬੀਤੇ ਦਿਨੀਂ ਐਨ.ਡੀ.ਪੀ. ਆਗੂ ਜਗਮੀਤ ਸਿੰਘ ਨੇ ਬ੍ਰਿਟਿਸ਼ ਕੋਲੰਬੀਆ 'ਚ ਡੋਟ-ਟੂ-ਡੋਰ ਲੋਕਾਂ ਨਾਲ ਮੁਲਾਕਾਤ ਕਰ ਦੇ ਹੋਏ ਆਪਣੀ ਪਾਰਟੀ ਲਈ ਚੋਣ ਪ੍ਰਚਾਰ ਕੀਤਾ। ਉਹਨਾਂ ਨੇ ਪੋਰਟ ਮੂਡੀ 'ਚ ਹਾਊਸਿੰਗ ਨੀਤੀ ਸੰਬੰਧੀ ਐਲਾਨ ਕਰਦਿਆਂ ਸੰਦੇਸ਼ ਦਿੱਤਾ ਕਿ ਉਨ੍ਹਾਂ ਨੂੰ ਐਨ.ਡੀ.ਪੀ. ਸੰਸਦ ਮੈਂਬਰਾਂ ਨੂੰ ਮੌਕਾ ਦਿਓ ਜੋ ਔਟਵਾ 'ਚ ਤੁਹਾਡੇ ਹੱਕ ਲਈ ਲੜ ਸਕਣ।

ਜਗਮੀਤ ਸਿੰਘ ਨੇ ਕਿਹਾ "ਕੌਣ ਔਟਵਾ ਵਿੱਚ ਤੁਹਾਡਾ ਹੱਕ ਲੈਣ ਲਈ ਲੜੇਗਾ?" "ਜੇਕਰ ਤੁਸੀਂ ਇਹ ਯਕੀਨੀ ਬਣਾਉਣਾ ਚਾਹੁੰਦੇ ਹੋ ਕਿ ਲੋਕਾਂ ਦੇ ਹੱਕ ਮਸਲੇ 'ਤੇ ਸਿਰਫ਼ ਬਿਆਨਬਾਜ਼ੀ ਨਾ ਹੋਵੇ, ਤਾਂ ਤੁਹਾਨੂੰ ਇੱਕ ਨਿਊ ਡੈਮੋਕ੍ਰੈਟ ਦੀ ਚੋਣ ਕਰਨੀ ਪਵੇਗੀ।"




ਪਿਛਲੇ ਹਫ਼ਤੇ ਚੋਣ ਮੁਹਿੰਮ 'ਚ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਅਤੇ ਉਹਨਾਂ ਦੀਆਂ ਨਵੇਂ ਟੈਰਿਫ਼ ਨੀਤੀਆਂ 'ਤੇ ਧਿਆਨ ਕੇਂਦਰਤ ਸੀ। ਪਰ ਹੁਣ ਐਨ.ਡੀ.ਪੀ. ਨੇ ਆਪਣੀ ਨੀਤੀ 'ਚ ਤਬਦੀਲੀ ਕਰਦਿਆਂ ਲੋਕੀ ਮੁੱਦਿਆਂ, ਜਿਵੇਂ ਕਿ ਦੰਦਾਂ ਦੇ ਇਲਾਜ, ਫਾਰਮਾਕੇਅਰ ਅਤੇ ਸਮਾਜਿਕ ਸਮਰਥਨ 'ਤੇ ਜੋੜ ਦਿੱਤਾ ਹੈ।

ਐਨ.ਡੀ.ਪੀ. ਆਗੂ ਨੇ ਮੈਟਰੋ ਵੈਨਕੂਵਰ 'ਚ ਚੋਣ ਪ੍ਰਚਾਰ ਕਰਦਿਆਂ ਕਿਹਾ ਕਿ ਬੀ.ਸੀ. 'ਚ ਐਨ.ਡੀ.ਪੀ. ਲਿਬਰਲਾਂ ਨਾਲੋਂ ਬੇਹਤਰ, ਰੱਖਿਆ ਦੀ ਲੜਾਈ ਲੜ ਰਹੀ ਹੈ।

"ਕਈ ਵਾਰ ਤੁਸੀਂ ਵੇਖੋਗੇ ਕਿ ਨਿਊ ਡੈਮੋਕ੍ਰੈਟਸ ਹੀ ਕੰਜ਼ਰਵੇਟਿਵਸ ਨੂੰ ਹਰਾਉਂਦੇ ਹਨ। ਵੈਨਕੂਵਰ ਆਈਲੈਂਡ 'ਤੇ, ਐਨ.ਡੀ.ਪੀ. ਨੇ ਕੰਜ਼ਰਵੇਟਿਵਸ ਨੂੰ ਹਰਾਇਆ। ਲੋਅਰ ਮੈਨਲੈਂਡ 'ਚ ਵੀ ਐਨ.ਡੀ.ਪੀ. ਹੀ ਅੱਗੇ ਰਹੀ।"

ਉਨ੍ਹਾਂ ਕਿਹਾ ਐਨ.ਡੀ.ਪੀ. ਦੇ ਵੱਖ-ਵੱਖ ਵਿਧਾਇਕਾਂ ਅਤੇ ਉਮੀਦਵਾਰਾਂ ਨੇ ਕਿਹਾ ਕਿ ਸਰਵੇਖਣ ਹਮੇਸ਼ਾ ਹਕੀਕਤ ਨਹੀਂ ਦੱਸਦੇ। ਐਨ.ਡੀ.ਪੀ. ਸੰਸਦ ਮੈਂਬਰ ਪੀਟਰ ਜੂਲੀਅਨ ਨੇ ਕਿਹਾ, "ਮੇਰੇ ਕੋਲ ਕਦੇ ਵੀ ਇੰਨੇ ਵਧੇਰੇ ਵਲੰਟੀਅਰ ਅਤੇ ਚੋਣ ਚਿੰਨ੍ਹ ਨਹੀਂ ਸਨ। 2004 ਤੋਂ ਨਿਊ ਵੈਸਟਮਿੰਸਟ-ਬਰਨਾਬੀ ਤੋਂ ਸੰਸਦ ਮੈਂਬਰ ਰਹੇ ਜੂਲੀਅਨ ਨੇ ਕਿਹਾ, "ਜਦੋਂ ਮੈਂ ਪਹਿਲੀ ਵਾਰ ਚੋਣ ਲੜੀ, ਪਰ ਅਸੀਂ ਜਿੱਤ ਹਾਸਲ ਕੀਤੀ।" ਐਨ.ਡੀ.ਪੀ. ਉਮੀਦਵਾਰ ਡੌਨ ਡੇਵਿਸ ਨੇ ਵੀ ਉਮੀਦ ਜਤਾਈ ਕਿ ਐਨ.ਡੀ.ਪੀ. ਦੇ ਹੱਕ 'ਚ ਹਵਾ ਵਧੇਗੀ। "ਕਈ ਲੋਕ ਚੋਣ ਦਿਨ 'ਤੇ ਐਨ.ਡੀ.ਪੀ. ਦੀ ਬੇਹਤਰੀ 'ਤੇ ਹੈਰਾਨ ਰਹਿਣਗੇ।"

ਐਨ.ਡੀ.ਪੀ. ਆਗੂ ਜਗਮੀਤ ਸਿੰਘ ਨੇ ਐਨ.ਡੀ.ਪੀ. ਦੇ ਨੈਤਿਕ ਮੂਲ ਤੱਤ ਤੇ ਜੋਰ ਦਿੰਦਿਆਂ ਟਰੰਪ ਦੀ ਆਰਥਿਕ ਨੀਤੀ ਦੀ ਆਲੋਚਨਾ ਕੀਤੀ। "ਅਸੀਂ 51ਵੀਂ ਰਾਜ ਨਹੀਂ ਬਣਾਂਗੇ। ਅਸੀਂ ਆਪਣੇ ਦੇਸ਼ ਦੀ ਆਜ਼ਾਦੀ ਤੇ ਮਾਣ ਕਰਦੇ ਹਾਂ।" ਉਹਨਾਂ ਨੇ ਕੈਨੇਡਾ ਦੇ ਯੂਨੀਵਰਸਲ ਹਲਾਤਾਂ (ਸਾਰਵਜਨਿਕ ਸਿਹਤ ਸੰਭਾਲ) ਨੂੰ ਕੈਨੇਡੀਅਨ ਪਛਾਣ ਦਾ ਹਿੱਸਾ ਦੱਸਿਆ। "ਅਸੀਂ ਟਰੰਪ ਦਾ ਮੁਕਾਬਲਾ ਕਿਸ ਤਰੀਕੇ ਨਾਲ ਕਰਦੇ ਹਾਂ? ਆਪਣੀਆਂ ਮੁੱਲ-ਕਦਰਾਂ 'ਤੇ ਹੋਰ ਪੱਕੇ ਹੋ ਕੇ ਕੈਨੇਡੀਅਨ ਅਰਥਵਿਵਸਥਾ ਨੂੰ ਹੋਰ ਮਜ਼ਬੂਤ ਬਣਾਵਾਂਗੇ।" This report was written by Simranjit Singh as part of the Local Journalism Initiative.

ELECT

# GREGOR ROBERTSON
# ਗਰੈਗਰ ਰੌਬਰਟਸਨ

Vancouver Fraserview- South Burnaby



www.gregorrobertson.ca
2010 48th Avenue E, Vancouver BC
604-321-4884

Liberal

Authorized by the Official Agent of Gregor Robertson

## EXPERIENCED, TRUSTED, BRIDGE BUILDER

**ਮਜ਼ਬੂਤ ਲੀਡਰਸ਼ਿਪ**

- 2008-2018: ਵੈਨਕੂਵਰ ਦੇ ਮੇਅਰ
- 2005-2008: ਬੀ.ਸੀ. ਐਨ.ਡੀ.ਪੀ. ਐਮ.ਐਲ.ਏ. (ਵੈਨਕੂਵਰ-ਫੇਅਰਵਿਉ)

**ਸਾਡੇ ਭਾਈਚਾਰੇ ਵਿੱਚ ਨਿਵੇਸ਼**

- ਕਿਲਾਰਨੀ ਅਤੇ ਸਨਸੈੱਟ ਸੀਨੀਅਰਜ਼ ਸੈਂਟਰ
- ਰਿਵਰ ਡਿਸਟ੍ਰਿਕਟ ਹਾਊਸਿੰਗ
- ਫਾਇਰ-ਹਾਲ ਨੰਬਰ 5 ਅਤੇ ਫਾਇਰ-ਹਾਲ ਨੰਬਰ 17

**ਕਾਰੋਬਾਰੀ ਤਜਰਬਾ**

- ਹੈਪੀ ਪਲੈਨਟ ਫੂਡਜ਼ ਦੇ ਸੰਸਥਾਪਕ ਅਤੇ ਸਾਬਕਾ ਸੀ.ਈ.ਓ.

On April 28th, 2025
## Vote for Gregor Robertson
Liberal Candidate for Vancouver Fraserview - South Burnaby

AUTHORIZED BY THE OFFICIAL AGENT FOR GREGOR ROBERTSON

# ਕੰਜ਼ਰਵੇਟਿਵ ਪਾਰਟੀ ਨੇ ਡੌਨ ਪਟੇਲ ਦੀ ਉਮੀਦਵਾਰੀ ਕੀਤੀ ਬਰਖ਼ਾਸਤ




**ਸਰੀ :** ਕੰਜ਼ਰਵੇਟਿਵ ਪਾਰਟੀ ਆਫ਼ ਕੈਨੇਡਾ ਨੇ ਓਨਟਾਰੀਓ ਤੋਂ ਆਪਣੇ ਉਮੀਦਵਾਰ ਡੌਨ ਪਟੇਲ ਨੂੰ ਉਮੀਦਵਾਰੀ ਤੋਂ ਹਟਾ ਦਿੱਤਾ। ਇਹ ਕਦਮ ਇੱਕ ਰਿਪੋਰਟ ਤੋਂ ਬਾਅਦ ਲਿਆ ਗਿਆ ਜਿਸ ਵਿੱਚ ਪਟੇਲ ਦੀ ਸਮਾਜਿਕ ਮੀਡੀਆ ਗਤੀਵਿਧੀ ਨੂੰ ਵਿਦੇਸ਼ੀ ਦਖ਼ਲਅੰਦਾਜ਼ੀ ਨਾਲ ਜੁੜਿਆ ਪਾਇਆ ਗਿਆ।

ਰਿਪੋਰਟ ਮੁਤਾਬਕ, ਡੌਨ ਪਟੇਲ ਨੇ ਸੋਸ਼ਲ ਮੀਡੀਆ 'ਤੇ ਇੱਕ ਐਸੇ ਬਿਆਨ ਸਮਰਥਨ ਕੀਤਾ, ਜਿਸ ਵਿੱਚ ਲੋਕਾਂ ਨੂੰ ਖਾਲਿਸਤਾਨੀਆਂ ਬਾਰੇ ਜਾਣਕਾਰੀ ਇਕੱਠੀ ਕਰਕੇ ਭਾਰਤੀ ਕੌਨਸੁਲੇਟ ਜਨਰਲ ਨੂੰ ਭੇਜਣ ਦੀ ਉਤਸ਼ਾਹਿਤ ਕੀਤਾ ਜਾ ਰਿਹਾ ਸੀ, ਤਾਂ ਜੋ ਉਹਨਾਂ 'ਤੇ ਭਾਰਤ ਦਾਖ਼ਲ ਹੋਣ 'ਤੇ ਪਾਬੰਦੀ ਲਗਾਈ ਜਾ ਸਕੇ।

ਇਹ ਸਵਾਲ ਕੈਨੇਡਾ 'ਚ ਵਿਦੇਸ਼ੀ ਦਖ਼ਲਅੰਦਾਜ਼ੀ ਦੇ ਮਾਮਲੇ ਵਿੱਚ ਗੰਭੀਰ ਤਰੀਕੇ ਨਾਲ ਉਠਾਇਆ ਗਿਆ। ਕੈਨੇਡਾ ਸਰਕਾਰ ਅਤੇ "ਪਬਲਿਕ ਇੰਕਵਾਇਰੀ ਇੰਟੂ ਫੌਰਿਨ ਇੰਟਰਫੀਅਰੈਂਸ" ਨੇ ਵੀ ਇਸ ਤਰੀਕੇ ਦੀਆਂ ਗਤੀਵਿਧੀਆਂ ਨੂੰ ਵਿਦੇਸ਼ੀ ਦਖ਼ਲਅੰਦਾਜ਼ੀ ਦੇ ਰੂਪ 'ਚ ਦਰਸਾਇਆ ਹੈ।

ਰਿਪੋਰਟ 'ਚ ਇਹ ਵੀ ਜ਼ਿਕਰ ਕੀਤਾ ਗਿਆ ਕਿ ਡੌਨ ਪਟੇਲ 2019 ਵਿੱਚ ਭਾਰਤੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਚੋਣ ਜਿੱਤ ਦਾ ਜਸ਼ਨ ਮਨਾਉਣ ਲਈ ਗ੍ਰੇਟਰ ਟੋਰਾਂਟੋ ਏਰੀਆ 'ਚ ਇੱਕ ਰੈਲੀ ਦਾ ਆਯੋਜਨ ਵੀ ਕੀਤਾ ਸੀ।

ਇਸ ਤੋਂ ਇਲਾਵਾ, ਪਟੇਲ ਨੇ ਸੋਸ਼ਲ ਮੀਡੀਆ 'ਤੇ ਉਨ੍ਹਾਂ ਪੋਸਟਾਂ ਨਾਲ ਭੀ ਅੰਤਰਕ੍ਰਿਆ ਕੀਤੀ, ਜੋ ਮੋਦੀ ਸਰਕਾਰ ਦੀ ਆਲੋਚਨਾ ਕਰਨ ਵਾਲੇ ਕੈਨੇਡੀਅਨਾਂ 'ਤੇ ਅਨਿਯਮਤ ਹਿੰਸਾ ਦੀ ਹਿਮਾਇਤ ਕਰ ਰਹੀਆਂ ਸਨ। ਕੰਜ਼ਰਵੇਟਿਵ ਪਾਰਟੀ ਨੇ ਬਿਆਨ ਵਿੱਚ ਕਿਹਾ, "ਇਹ ਸੋਸ਼ਲ ਮੀਡੀਆ ਗਤੀਵਿਧੀ ਅਸਵੀਕਾਰਯੋਗ ਹੈ। ਡੌਨ ਪਟੇਲ ਹੁਣ ਕਨਜ਼ਰਵੇਟਿਵ ਪਾਰਟੀ ਦੇ ਉਮੀਦਵਾਰ ਨਹੀਂ ਰਹੇ। ਕੰਜ਼ਰਵੇਟਿਵ ਪਾਰਟੀ ਹਮੇਸ਼ਾ ਕੈਨੇਡੀਅਨਾਂ ਦੀ ਸੁਰੱਖਿਆ ਅਤੇ ਸੁਰੱਖਿਆ ਲਈ ਖੜ੍ਹੀ ਰਹੇਗੀ।"

ਕੈਨੇਡਾ ਵਿੱਚ ਭਾਰਤ ਵੱਲੋਂ ਦਖ਼ਲਅੰਦਾਜ਼ੀ ਦਾ ਮੁੱਦਾ ਪਿਛਲੇ ਕੁਝ ਸਮਿਆਂ ਤੋਂ ਬਹੁਤ ਜ਼ਿਆਦਾ ਗੰਭੀਰ ਬਣਿਆ ਹੋਇਆ ਹੈ। ਪਿਛਲੇ ਦਿਨੀਂ ਕੈਨੇਡਾ ਦੀ ਜਨਤਕ ਜਾਂਚ ਕਮੇਟੀ ਨੇ ਭਾਰਤ ਦੀ ਉਨ੍ਹਾਂ ਗਤੀਵਿਧੀਆਂ ਬਾਰੇ ਚਿੰਤਾ ਜਤਾਈ ਸੀ, ਜੋ ਕੈਨੇਡਾ ਦੀ ਲੋਕਤੰਤਰਕ ਪ੍ਰਕਿਰਿਆ 'ਤੇ ਪ੍ਰਭਾਵ ਪਾਉਣ ਦੀ ਕੋਸ਼ਿਸ਼ ਕਰ ਰਹੀਆਂ ਹਨ।

ਐਨ.ਡੀ.ਪੀ. ਵਲੋਂ ਬੀ.ਸੀ. ਕੰਜ਼ਰਵੇਟਿਵ ਐਮ.ਐਲ.ਏ. ਦੀ ਨਿਖੇਧੀ

# ਡੇਵਿਡ ਵਿਲੀਅਮਜ਼ ਨੇ ਪੱਛਮੀ ਕੈਨੇਡਾ ਦੇ ਸੂਬਿਆਂ ਨੂੰ 'ਰਿਪਬਲਿਕ ਆਫ ਵੈਸਟਰਨ ਕੈਨੇਡਾ' ਦੱਸ ਕੇ ਖੜਾ ਕੀਤਾ ਵਿਵਾਦ




ਸਰੀ, (ਸਿਮਰਨਜੀਤ ਸਿੰਘ): ਬ੍ਰਿਟਿਸ਼ ਕੋਲੰਬੀਆ ਵਿੱਚ ਐਨ.ਡੀ.ਪੀ. ਨੇ ਬੀ.ਸੀ. ਕੰਜ਼ਰਵੇਟਿਵ ਐਮ.ਐਲ.ਏ. ਡੇਵਿਡ ਵਿਲੀਅਮਜ਼ ਵਲੋਂ ਇੱਕ ਫੋਟੋ ਪੋਸਟ ਕਰਨ 'ਤੇ ਵੱਡਾ ਵਿਰੋਧ ਜਤਾਇਆ ਹੈ, ਜਿਸ ਵਿੱਚ ਪੱਛਮੀ ਕੈਨੇਡਾ, ਜਿਸ ਵਿੱਚ ਬ੍ਰਿਟਿਸ਼ ਕੋਲੰਬੀਆ ਦੇ ਬਹੁਤ ਸਾਰੇ ਹਿੱਸੇ ਸ਼ਾਮਲ ਹਨ, ਨੂੰ 'ਰਿਪਬਲਿਕ ਆਫ ਵੈਸਟਰਨ ਕੈਨੇਡਾ' ਦੱਸਿਆ ਗਿਆ ਹੈ।

30 ਮਾਰਚ ਨੂੰ ਡੇਵਿਡ ਵਿਲੀਅਮਜ਼ ਨੇ ਫੇਸਬੁੱਕ 'ਤੇ ਇੱਕ ਪੋਸਟ ਕੀਤੀ, ਜਿਸ ਵਿੱਚ ਕਿਹਾ ਗਿਆ ਕਿ ਪੱਛਮੀ ਕੈਨੇਡਾ ਇੱਕ 'ਅਮਰੀਕੀ ਰਖਵਾਲੂ' (Protectorate of the Uinted States) ਹੋ ਸਕਦਾ ਹੈ। ਹਾਲਾਂਕਿ, ਇਹ ਪੋਸਟ ਹੁਣ ਹਟਾ ਦਿੱਤੀ ਗਈ ਹੈ, ਪਰ ਇਸ ਦੀ ਇੱਕ ਸਕਰੀਨਸ਼ਾਟ ਸ਼ੋਸ਼ਲ ਮੀਡੀਆ 'ਤੇ ਚਰਚਾ ਦਾ ਵਿਸ਼ਾ ਬਣ ਚੁੱਕੀ ਹੈ।

ਇਸ ਪੋਸਟ ਵਿੱਚ ਵਿਲੀਅਮਜ਼ ਨੇ ਕਿਹਾ ਕਿ "ਕਨਫੈਡਰੇਸ਼ਨ ਨੇ ਪੱਛਮੀ ਸੂਬਿਆਂ ਨਾਲ ਨਿਆਂ ਨਹੀਂ ਕੀਤਾ" ਅਤੇ "ਕੁਝ ਬਦਲਣ ਦੀ ਲੋੜ ਹੈ।"ਐਨ.ਡੀ.ਪੀ. ਦੇ ਐਮ.ਐਲ.ਏ. ਰਵੀ ਪਰਮਾਰ ਨੇ ਡੇਵਿਡ ਵਿਲੀਅਮਜ਼ ਦੀ ਪੋਸਟ ਦੀ ਸਖ਼ਤ ਸ਼ਬਦਾਂ ਵਿੱਚ ਆਲੋਚਨਾ ਕਰਦੇ ਹੋਏ ਕਿਹਾ: "ਕੈਨੇਡਾ ਕਦੇ ਵੀ ਅਮਰੀਕਾ ਦਾ 51ਵਾਂ ਰਾਜ ਨਹੀਂ ਬਣੇਗਾ। ਜੌਨ ਰੱਸਟਾਡ ਦੀ ਟੀਮ ਦੇ ਇੱਕ ਮੈਂਬਰ ਵਲੋਂ ਬ੍ਰਿਟਿਸ਼ ਕੋਲੰਬੀਆ ਨੂੰ 'ਅਮਰੀਕਾ ਦਾ ਰਖਵਾਲੂ' ਬਣਾਉਣ ਦੀ ਗੱਲ ਕਰਨੀ ਨਿੰਦਣਯੋਗ ਹੈ। ਇਹ ਸਿਰਫ਼ ਇੱਕ ਹੋਰ ਉਦਾਹਰਨ ਹੈ ਕਿ ਜੌਨ ਰੱਸਟਾਡ ਅਤੇ ਉਹਦੇ ਸਾਥੀ ਪ੍ਰੋ-ਟਰੰਪ ਅਤੇ ਪ੍ਰੋ-ਅਮਰੀਕੀ ਸੋਚ ਨੂੰ ਹੁੰਗਾਰਾ ਦੇ ਰਹੇ ਹਨ।"

ਬੀ.ਸੀ. ਕੰਜ਼ਰਵੇਟਿਵ ਪਾਰਟੀ ਦੇ ਨੇਤਾ ਜੌਨ ਰੱਸਟਾਡ ਅਕਸਰ ਫੈਡਰਲ ਅਤੇ ਸੂਬਾਈ ਨੀਤੀਆਂ ਨੂੰ ਲੈ ਕੇ ਵਿਰੋਧੀ ਸਟੈਂਡ ਲੈਂਦੇ ਰਹੇ ਹਨ, ਪਰ ਇਹ ਨਵਾਂ ਵਿਵਾਦ ਉਨ੍ਹਾਂ ਦੀ ਪਾਰਟੀ 'ਤੇ ਨਵਾਂ ਦਬਾਅ ਪੈਦਾ ਕਰ ਸਕਦਾ ਹੈ ਜਦੋਂ ਕਿ ਫੈਡਰਲ ਚੋਣਾਂ ਸਿਰ 'ਤੇ ਆਈਆਂ ਖੜ੍ਹੀਆਂ ਹਨ।

ਐਨ.ਡੀ.ਪੀ. ਨੇ ਹੁਣ ਜੌਨ ਰੱਸਟਾਡ ਤੋਂ ਸਿੱਧਾ ਸਵਾਲ ਕੀਤਾ ਹੈ ਕਿ ਉਹ ਵਿਲੀਅਮਜ਼ ਦੇ ਬਿਆਨ ਦੀ ਪੁਸ਼ਟੀ ਕਰਦੇ ਹਨ ਜਾਂ ਨਹੀਂ।

ਇਸ ਮਾਮਲੇ ਨੇ ਬੀ.ਸੀ. ਦੀ ਰਾਜਨੀਤੀ ਵਿੱਚ ਨਵੀਂ ਚਰਚਾ ਨੂੰ ਜਨਮ ਦੇ ਦਿੱਤਾ ਹੈ, ਜਿੱਥੇ ਕਈ ਲੋਕ ਕੈਨੇਡਾ ਦੀ ਏਕਤਾ ਅਤੇ ਫੈਡਰਲ ਸਰਕਾਰ ਮਜ਼ਬੂਤ ਬਣਾਉਣ ਦੀ ਗੱਲ ਕਰ ਰਹੇ ਹਨ। This report was written by Simranjit Singh as part of the Local Journalism Initiative.

ਘਰਾਂ, ਕਮਰਸ਼ੀਅਲ ਜਾਂ ਨਵੇਂ ਬਣ ਰਹੇ ਘਰਾਂ ਦੀ ਸਫਾਈ ਲਈ ਅਤੇ ਕਿਸੇ ਵੀ ਤਰ੍ਹਾਂ ਦਾ ਗਾਰਬੇਜ਼ ਚੁੱਕਵਾਉਣ ਲਈ ਸਾਨੂੰ ਅੱਜ ਹੀ ਫੋਨ ਕਰੋ
604-512-5001
SHINE PRO CLEANING
We Provide a reliable and Flexible Workforce,
Ready to meet your labor needs anywhere, Ensuring efficient and timely support across various Locations.
» Move In & Out Cleaning
» One Off Deep Cleaning
» After Builder Cleaning
» Appliances Cleaning Incl. Oven
» Commercial Cleaning
» Pressure Cleaning
» Professional Carpet Cleaning
JASVINDER SINGH
CELL : +1 236-632-6301 | +1 604-512-5001
Email: jobandfair@gmail.com | Web: jobandfair.ca
12844 - 66B Ave. Surrey, B.C.

# ਓਨਟਾਰੀਓ ਦਾ ਵਿਅਕਤੀ ਡੈਲਟਾ ਵਿੱਚ ਨਸ਼ੀਲੇ ਪਦਾਰਥਾਂ ਦੀ ਤਸਕਰੀ ਦੇ ਦੋਸ਼ ਵਿੱਚ ਗ੍ਰਿਫ਼ਤਾਰ

ਡੈਲਟਾ (ਸਿਮਰਨਜੀਤ ਸਿੰਘ): ਡੈਲਟਾ ਪੁਲਿਸ ਨੇ ਇੱਕ ਓਨਟਾਰੀਓ ਨਿਵਾਸੀ ਵਿਅਕਤੀ ਨੂੰ ਮਾਦਕ ਪਦਾਰਥਾਂ ਦੀ ਤਸਕਰੀ ਦੇ ਦੋਸ਼ 'ਚ ਗ੍ਰਿਫ਼ਤਾਰ ਕੀਤਾ ਹੈ। ਪੁਲਿਸ ਨੇ ਉਸ ਕੋਲੋਂ ਨਕਦ ਰਕਮ, ਮੋਬਾਈਲ ਫ਼ੋਨ, ਨਸ਼ੀਲੇ ਪਦਾਰਥ ਅਤੇ ਹਥਿਆਰ ਬਰਾਮਦ ਕੀਤੇ ਹਨ।

26 ਮਾਰਚ ਨੂੰ, ਡੈਲਟਾ ਪੁਲਿਸ ਦੇ ਇੱਕ ਅਧਿਕਾਰੀ ਨੇ 5200-ਬਲਾਕ 8ਅ ਐਵੇਨਿਊ, ਸਾਵਾਸਨ (Tsawwassen) 'ਚ ਇੱਕ ਕਾਰ ਦੇ ਡਰਾਈਵਰ ਦੇ ਦਰਵਾਜ਼ੇ ਕੋਲ ਸ਼ੱਕੀ ਲੈਣ-ਦੇਣ ਦੇਖਿਆ।

ਅਧਿਕਾਰੀ ਨੇ ਤੁਰੰਤ ਕਾਰ ਨੂੰ ਰੋਕਿਆ ਅਤੇ ਡਰਾਈਵਰ 'ਤੇ ਨਸ਼ੀਲੇ ਪਦਾਰਥਾਂ ਦੀ ਤਸਕਰੀ ਦੇ ਹੋਰ ਸੰਕੇਤ ਵੇਖਣ 'ਤੇ ਉਸ ਨੂੰ ਗ੍ਰਿਫ਼ਤਾਰ ਕਰ ਲਿਆ।

ਪੁਲਿਸ ਨੇ ਕਾਰ ਅਤੇ ਡਰਾਈਵਰ ਦੀ ਤਲਾਸ਼ੀ ਦੌਰਾਨ ਨਸ਼ੀਲੇ ਪਦਾਰਥ ਜਿਵੇਂ ਕਿ ਸ਼ੱਕੀ ਫੈਂਟਾਨੀਲ, ਮੈਥਐਮਫੀਟਾਮੀਨ, ਕੋਕੇਨ, ਨਕਦ ਰਕਮ, ਹਥਿਆਰ, ਜੈਰੀ ਕੈਨਜ਼ (ਪੈਟਰੋਲ ਭਰੀ ਹੋਈ), ਅਤੇ ਇੱਕ ਬਾਲਾਕਲਾਵਾ (ਚਿਹਰਾ ਢੱਕਣ ਵਾਲਾ ਮਾਸਕ) ਬਰਾਮਦ ਕੀਤਾ।

20 ਸਾਲਾ ਓਨਟਾਰੀਓ ਨਿਵਾਸੀ ਨੂੰ ਹੁਣੇ ਲਈ ਜ਼ਮਾਨਤ 'ਤੇ ਰਿਹਾ ਕਰ ਦਿੱਤਾ ਗਿਆ ਹੈ, ਪਰ ਜਾਂਚ ਜਾਰੀ ਹੈ।

ਪੁਲਿਸ ਨੇ ਕਿਹਾ ਕਿ ਇਹ ਮਾਮਲਾ ਕਰਾਊਨ ਕੌਂਸਲ ਨੂੰ ਭੇਜਿਆ ਜਾਵੇਗਾ, ਜਿਸ 'ਚ ਨਸ਼ੀਲੇ ਪਦਾਰਥਾਂ ਦੀ ਤਸਕਰੀ ਅਤੇ ਖਤਰਨਾਕ ਉਦੇਸ਼ਾਂ ਲਈ ਹਥਿਆਰ ਰੱਖਣ ਦੇ ਦੋਸ਼ ਲਗਾਏ ਜਾਣਗੇ। This report was written by Simranjit Singh as part of the Local Journalism Initiative.

GURTAJ SAMRA
PERSONAL REAL ESTATE CORPORATION

ਕੀ ਤੁਸੀਂ ਨਵਾਂ ਘਰ ਖਰੀਦਣਾ ਜਾਂ ਵੇਚਣਾ ਚਾਹੁੰਦੇ ਹੋ?
ਨਵਾਂ ਘਰ ਖਰੀਦਣ ਜਾਂ ਵੇਚਣ ਲਈ ਭਰੋਸੇਯੋਗ ਸੇਵਾਵਾਂ ਲਈ ਸਾਡੇ ਨਾਲ ਅੱਜ ਹੀ ਸੰਪਰਕ ਕਰੋ
RESIDENTIAL, COMMERCIAL
SALES & LEASING
GURTAJ SAMRA
ASSOCIATE
778-869-0607
778-564-3300
gurtaj@mainlandcommercial.com | www.maillandcommercial.com
105 - 7928 128nd Street Surrey, BC V3W 4E8

# ਵੈਨਕੂਵਰ ਅੰਤਰਰਾਸ਼ਟਰੀ ਹਵਾਈ ਅੱਡੇ ਤੋਂ ਫੜੀ ਗਈ 148 ਕਿਲੋ ਮੈਥਾਮਫੇਟਾਮਾਈਨ

**ਸਰੀ, (ਸਿਮਰਨਜੀਤ ਸਿੰਘ):** ਕੈਨੇਡਾ ਬਾਰਡਰ ਸਰਵਿਸਿਜ਼ ਏਜੰਸੀ (ਸੀਬੀਐਸਏ) ਵਲੋਂ ਦੱਸਿਆ ਗਿਆ ਹੈ ਕਿ ਵੈਨਕੂਵਰ ਅੰਤਰਰਾਸ਼ਟਰੀ ਹਵਾਈ ਅੱਡੇ 'ਤੇ ਛੇ ਵੱਖ-ਵੱਖ ਮੌਕਿਆਂ 'ਤੇ ਕੁੱਲ 148.8 ਕਿਲੋਗ੍ਰਾਮ ਮੈਥਾਮਫੇਟਾਮਾਈਨ ਨੂੰ ਜ਼ਬਤ ਕੀਤਾ ਗਿਆ। ਇਸ ਦੀ ਅੰਦਾਜ਼ਨ ਸੜਕ ਮੁੱਲ 5 ਲੱਖ ਡਾਲਰ ਹੈ। ਸਾਰੇ ਮਾਮਲਿਆਂ ਵਿੱਚ, ਇਹ ਨਸ਼ੀਲੇ ਪਦਾਰਥ ਯਾਤਰੀਆਂ ਦੇ ਸੂਟਕੇਸਾਂ ਵਿੱਚ ਛੁਪਾਏ ਗਏ ਸਨ ਅਤੇ ਇਨ੍ਹਾਂ ਨੂੰ ਨਿਰਯਾਤ ਲਈ ਭੇਜਿਆ ਜਾ ਰਿਹਾ ਸੀ।



18 ਜਨਵਰੀ ਨੂੰ, ਸੀਬੀਐਸਏ ਦੇ ਬਾਰਡਰ ਸਰਵਿਸਿਜ਼ ਅਧਿਕਾਰੀਆਂ ਨੇ 35.7 ਕਿਲੋ ਮੈਥਾਮਫੇਟਾਮਾਈਨ ਨੂੰ ਰੋਕਿਆ, ਜੋ ਹਾਂਗਕਾਂਗ ਨਿਰਯਾਤ ਲਈ ਜਾ ਰਿਹਾ ਸੀ। ਇਹ ਨਸ਼ੀਲੇ ਪਦਾਰਥ ਤੋਹਫ਼ੇ ਦੀ ਪੈਕਿੰਗ ਵਿੱਚ ਲਪੇਟੇ ਹੋਏ ਸਨ ਅਤੇ ਦੋ ਸੂਟਕੇਸਾਂ ਵਿੱਚ ਛੁਪਾਏ ਗਏ ਸਨ।

31 ਜਨਵਰੀ ਨੂੰ, ਬਾਰਡਰ ਸਰਵਿਸਿਜ਼ ਅਧਿਕਾਰੀਆਂ ਨੇ 28.5 ਕਿਲੋ ਮੈਥਾਮਫੇਟਾਮਾਈਨ ਜ਼ਬਤ ਕੀਤਾ, ਜੋ ਹਾਂਗਕਾਂਗ ਲਈ ਨਿਰਯਾਤ ਕੀਤਾ ਜਾ ਰਿਹਾ ਸੀ। ਇਹ ਨਸ਼ੀਲੇ ਪਦਾਰਥ ਕੌਫੀ ਦੀਆਂ ਥੈਲੀਆਂ ਵਿੱਚ ਛੁਪਾਏ ਗਏ ਸਨ ਅਤੇ ਦੋ ਸੂਟਕੇਸਾਂ ਵਿੱਚ ਰੱਖੇ ਹੋਏ ਸਨ।

16 ਫਰਵਰੀ ਨੂੰ, ਅਧਿਕਾਰੀਆਂ ਨੇ 23.5 ਕਿਲੋ ਮੈਥਾਮਫੇਟਾਮਾਈਨ ਰੋਕਿਆ, ਜੋ ਆਸਟ੍ਰੇਲੀਆ ਲਈ ਨਿਰਯਾਤ ਕੀਤਾ ਜਾ ਰਿਹਾ ਸੀ। ਇਹ ਨਸ਼ੀਲੇ ਪਦਾਰਥ ਸਰਕੇ ਅਤੇ ਮਿਰਚ ਦੇ ਪਾਊਡਰ ਨਾਲ ਭਿੱਜੇ ਤੌਲੀਏ ਵਿੱਚ ਲਪੇਟੇ ਪੈਕੇਜਾਂ ਵਿੱਚ ਛੁਪਾਏ ਗਏ ਸਨ, ਤਾਂ ਜੋ ਗੰਧ ਨੂੰ ਲੁਕਾਇਆ ਜਾ ਸਕੇ।

19 ਫਰਵਰੀ ਨੂੰ, ਬਾਰਡਰ ਸਰਵਿਸਿਜ਼ ਅਧਿਕਾਰੀਆਂ ਨੇ ਤਿੰਨ ਵੱਖ-ਵੱਖ ਮਾਮਲਿਆਂ ਵਿੱਚ ਜ਼ਬਤੀ ਕੀਤੀ:

16.4 ਕਿਲੋ ਮੈਥਾਮਫੇਟਾਮਾਈਨ, ਜੋ ਆਸਟ੍ਰੇਲੀਆ ਲਈ ਸੀ। ਇਹ ਨਸ਼ੀਲੇ ਪਦਾਰਥ ਵੱਖ-ਵੱਖ ਕੱਪੜਿਆਂ ਵਿੱਚ ਮਿਲਾਏ ਗਏ ਸਨ।

19.2 ਕਿਲੋ ਮੈਥਾਮਫੇਟਾਮਾਈਨ, ਜੋ ਆਸਟ੍ਰੇਲੀਆ ਲਈ ਸੀ। ਇਹ ਵੀ ਕੱਪੜਿਆਂ ਵਿੱਚ ਮਿਲਾਏ ਗਏ ਸਨ।

25.5 ਕਿਲੋ ਮੈਥਾਮਫੇਟਾਮਾਈਨ, ਜੋ ਨਿਊਜ਼ੀਲੈਂਡ ਲਈ ਸੀ। ਇਹ ਵੈਕਿਊਮ ਸੀਲਡ ਪੈਕੇਜਿੰਗ ਵਿੱਚ ਕੌਫੀ ਅਤੇ ਮਿਰਚ ਦੇ ਮਿਸ਼ਰਣ ਨਾਲ ਛੁਪਾਏ ਗਏ ਸਨ।

ਇਨ੍ਹਾਂ ਛੇ ਮਾਮਲਿਆਂ ਵਿੱਚ, ਸਾਰੇ ਯਾਤਰੀਆਂ ਨੂੰ ਗ੍ਰਿਫਤਾਰ ਕਰ ਲਿਆ ਗਿਆ ਅਤੇ ਆਰਸੀਐਮਪੀ ਦੀ ਫੈਡਰਲ ਪੁਲਿਸ ਪੈਸੀਫਿਕ ਰੀਜਨ ਯੂਨਿਟ ਦੀ ਹਿਰਾਸਤ ਵਿੱਚ ਲੈ ਲਿਆ ਗਿਆ।

ਸੀਬੀਐਸਏ ਦੇ ਅਧਿਕਾਰੀਆਂ ਨੇ ਦੱਸਿਆ ਕਿ ਇਹ ਜ਼ਬਤੀਆਂ ਨਸ਼ੀਲੇ ਪਦਾਰਥਾਂ ਦੀ ਤਸਕਰੀ ਨੂੰ ਰੋਕਣ ਲਈ ਉਨ੍ਹਾਂ ਦੀ ਚੌਕਸੀ ਅਤੇ ਸਖਤੀ ਨੂੰ ਦਰਸਾਉਂਦੀਆਂ ਹਨ। ਉਨ੍ਹਾਂ ਨੇ ਕਿਹਾ ਕਿ ਅਜਿਹੀਆਂ ਗਤੀਵਿਧੀਆਂ ਨਾਲ ਨਜਿੱਠਣ ਲਈ ਉਹ ਆਪਣੀਆਂ ਕੋਸ਼ਿਸ਼ਾਂ ਨੂੰ ਹੋਰ ਤੇਜ਼ ਕਰਨਗੇ। ਇਸ ਦੇ ਨਾਲ ਹੀ, ਆਰਸੀਐਮਪੀ ਨੇ ਵੀ ਇਨ੍ਹਾਂ ਮਾਮਲਿਆਂ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ ਤਾਂ ਜੋ ਇਸ ਤਸਕਰੀ ਦੇ ਪਿੱਛੇ ਦੇ ਨੈਟਵਰਕ ਨੂੰ ਬੇਨਕਾਬ ਕੀਤਾ ਜਾ ਸਕੇ। This report was written by Simranjit Singh as part of the Local Journalism Initiative.


**Guru Nanak's Free Kitchen**

LOVE ALL, FEED ALL

## ਸੰਗਤਾਂ ਨੂੰ ਸਾਹਿਯੋਗ ਲਈ ਬੇਨਤੀ

ਗੁਰੂ ਨਾਨਕ ਫਰੀ ਕਿਚਨ ਵਲੋਂ ਪਿਛਲੇ 15-16 ਸਾਲਾਂ ਤੋਂ ਵੈਨਕੂਵਰ 'ਚ ਲੋੜਵੰਦ ਲੋਕਾਂ ਲਈ ਲੰਗਰ ਦੀ ਸੇਵਾ ਕੀਤੀ ਜਾ ਰਹੀ ਹੈ ਅਤੇ ਹਜ਼ਾਰਾਂ ਦੀ ਗਿਣਤੀ ਵਿੱਚ ਲੋੜਵੰਦ ਲੋਕਾਂ ਨੂੰ ਲੰਗਰ ਛਕਾਇਆ ਜਾਂਦਾ ਹੈ। ਪਿਛਲੇ ਸਾਲ ਸੰਗਤਾਂ ਦੇ ਸਹਿਯੋਗ ਨਾਲ ਗੁਰੂ ਨਾਨਕ ਫਰੀ ਕਿਚਨ ਲਈ ਵੈਨਕੂਵਰ 'ਚ ਇਮਾਰਤ ਖਰੀਦੀ ਗਈ ਸੀ। ਹੁਣ ਇਸ ਇਮਾਰਤ 'ਚ ਲੰਗਰ ਤਿਆਰ ਕਰਨ ਲਈ ਕਈ ਉਪਕਰਨ ਲਿਆਏ ਜਾਣੇ ਹਨ ਤਾਂ ਕਿ ਹਫ਼ਤੇ ਦੇ 7 ਦਿਨ ਲੋੜਵੰਦ ਲੋਕਾਂ ਲਈ ਲੰਗਰ ਤਿਆਰ ਕੀਤਾ ਜਾ ਸਕੇ। ਇਸ ਉਪਰਾਲੇ ਲਈ ਸੰਗਤਾਂ ਦੇ ਸਹਿਯੋਗ ਦੀ ਜ਼ਰੂਰਤ ਹੈ।




ਸੰਗਤਾਂ ਨੂੰ ਬੇਨਤੀ ਹੈ ਜੇਕਰ ਕੋਈ ਸੱਜਣ ਸੇਵਾਂ ਲੈਣੀ ਚਾਹੁੰਦੇ ਹਨ ਤਾਂ ਉਹ ਹੇਠ ਲਿਖੇ ਨੰਬਰਾਂ 'ਤੇ ਸੰਪਰਕ ਕਰ ਸਕਦਾ ਹੈ।

**778-895-1453, 604-771-7170**



**Are you looking to Buy, Sell or Invest in Properties?**

**We Can Help!** for a Free market evaluation of your property, contact

ਘਰ, ਬੇਰੀ ਫਾਰਮ, ਖਾਲੀ ਜ਼ਮੀਨ, ਪਲਾਟ ਜਾਂ ਵਪਾਰਕ ਜਾਇਦਾਦ ਖਰੀਦਣ ਅਤੇ ਵੇਚਣ ਵੇਲੇ

ਇਮਾਨਦਾਰ ਸੇਵਾਵਾਂ ਲਈ ਅੱਜ ਹੀ ਮਿਲੋ।

**Amarpal Singh | Call : 604.338.7310**

PARALLEL

1200 W 73rd Ave Unit 828, Vancouver, BC V6P 6G5

# HOUSE FOR SALE

## 9213 133rd Street Surrey B.C., V3V7E3




Conveniently located in the heart of Surrey, this sought-after home is near Elementary and Secondary School, making it ideal for families. It also offers easy access to King George SkyTrain Station and nearby hospitals. This charming three-level split home features a spacious kitchen with oak cabinets and a cozy eating area. Additionally, it includes a two-bedroom unauthorized basement suite, perfect for rental income or extended family. The large backyard provides ample outdoor space, Situated in a quiet cul-de-sac, this home offers both comfort and convenience

## 15108 83A Avenue, Surrey, BC, V3S8R9




a beautifully maintained home in Surrey's sought-after Bear Creek Green Timbers neighbourhood. Nestled on a 7,153 sq. ft. lot, this spacious home offers the perfect blend of comfort and functionality. With multiple bedrooms and bathrooms, it's ideal for growing families or those who love to entertain. Step inside to discover a bright and inviting layout featuring two cozy fireplaces, large windows, and well-appointed living spaces. The generously sized kitchen offers plenty of storage and overlooks the backyard-perfect for family gatherings. Outside, enjoy a private, landscaped yard with ample space for relax. Enjoy breathtaking views of Mount Baker and the valley from this desirable corner lot. Walking distance to both elementary and high schools. Viewings by appointment only.

# ਵੈਨਕੂਵਰ ਸਿਟੀ ਕੌਂਸਲ ਨੇ 13 ਟਾਵਰਾਂ ਵਿੱਚ ਲਗਭਗ 3,100 ਨਵੇਂ ਰਿਹਾਇਸ਼ੀ ਘਰ ਬਣਾਉਣ ਲਈ ਦਿੱਤੀ ਮਨਜ਼ੂਰੀ

ਸਰੀ, (ਸਿਮਰਨਜੀਤ ਸਿੰਘ): ਹਾਲ ਹੀ ਦੇ ਹਫ਼ਤਿਆਂ ਵਿੱਚ, ਵੈਨਕੂਵਰ ਸਿਟੀ ਕੌਂਸਲ ਨੇ ਕਈ ਵੱਡੀਆਂ ਜਨਤਕ ਸੁਣਵਾਈਆਂ ਕੀਤੀਆਂ ਅਤੇ ਮਹੱਤਵਪੂਰਨ ਨਵੇਂ ਰਿਹਾਇਸ਼ੀ ਪ੍ਰੋਜੈਕਟਾਂ ਨੂੰ ਮਨਜ਼ੂਰੀ ਦਿੱਤੀ।

ਕੁੱਲ 3,097 ਨਵੇਂ ਘਰ ਨੌਂ ਵੱਖ-ਵੱਖ ਪ੍ਰੋਜੈਕਟਾਂ ਵਿੱਚ ਮਨਜ਼ੂਰ ਕੀਤੇ ਗਏ, ਜਿਨ੍ਹਾਂ ਵਿੱਚੋਂ 2,939 ਘਰ, ਜਿਸ ਵਿੱਚ ਕਈ ਪ੍ਰੋਜੈਕਟ ਸ਼ਾਮਲ ਹਨ ਜਿਨ੍ਹਾਂ ਵਿੱਚ ਮੌਜੂਦਾ ਨਿਵਾਸੀਆਂ ਦਾ ਕੋਈ ਵਿਸਥਾਪਨ ਨਹੀਂ ਹੋਵੇਗਾ। ਇਹ ਸਾਰੇ ਪ੍ਰੋਜੈਕਟ 13 ਨਵੀਆਂ ਉੱਚੀਆਂ ਇਮਾਰਤਾਂ ਰਾਹੀਂ ਬਣਾਏ ਜਾਣਗੇ।

ਇਨ੍ਹਾਂ ਵਿੱਚੋਂ ਸੱਤ ਪ੍ਰੋਜੈਕਟ ਸ਼ਹਿਰ ਦੇ ਬ੍ਰੌਡਵੇ ਪਲਾਨ ਖੇਤਰ ਵਿੱਚ ਹਨ, ਅਤੇ ਸਾਰੇ ਪ੍ਰੋਜੈਕਟ ਮੌਜੂਦਾ ਜਾਂ ਭਵਿੱਖੀ ਸਕਾਈਟ੍ਰੇਨ ਸਟੇਸ਼ਨ ਤੋਂ ਥੋੜ੍ਹੀ ਦੂਰੀ 'ਤੇ ਬਣਾਏ ਹਨ।



ਇਨ੍ਹਾਂ ਪ੍ਰੋਜੈਕਟਾਂ ਦੀ ਬਹੁਗਿਣਤੀ ਸੁਰੱਖਿਅਤ ਉਦੇਸ਼-ਨਿਰਮਿਤ ਕਿਰਾਏ ਦੀ ਰਿਹਾਇਸ਼ ਪ੍ਰਦਾਨ ਕਰੇਗੀ—ਕੁੱਲ 2,603 ਕਿਰਾਏ ਦੇ ਘਰ, ਜਿਨ੍ਹਾਂ ਵਿੱਚ 2,136 ਮਾਰਕੀਟ ਕਿਰਾਏ ਦੀਆਂ ਇਕਾਈਆਂ ਅਤੇ 466 ਘੱਟ-ਮਾਰਕੀਟ ਇਕਾਈਆਂ ਸ਼ਾਮਲ ਹਨ।

ਇਸ ਤੋਂ ਇਲਾਵਾ, 383 ਇਕਾਈਆਂ ਸਟ੍ਰਾਟਾ ਮਾਰਕੀਟ ਮਾਲਕੀ ਵਾਲੇ ਕੰਡੋਮੀਨੀਅਮ ਹੋਣਗੇ, ਅਤੇ 112 ਇਕਾਈਆਂ ਰਿਹਾਇਸ਼ੀ ਹੋਣਗੀਆਂ।

2025 ਦੇ ਪਹਿਲੇ ਤਿਮਾਹੀ ਦੇ ਅੰਤ ਵਿੱਚ ਹੋਈਆਂ ਜਨਤਕ ਸੁਣਵਾਈਆਂ ਦੌਰਾਨ ਮਨਜ਼ੂਰ ਕੀਤੇ ਗਏ ਉੱਚੀਆਂ ਰਿਹਾਇਸ਼ੀ ਟਾਵਰ ਪ੍ਰੋਜੈਕਟਾਂ ਲਈ ਤਾਜ਼ਾ ਰੀਜ਼ੋਨਿੰਗ ਅਰਜ਼ੀਆਂ ਵਿੱਚ 396 ਈਸਟ 2ਐਂਡ ਐਵੇਨਿਊ, 22 ਮੰਜ਼ਿਲਾਂ ਇਮਾਰਤ, 2111 ਮੇਨ ਸਟ੍ਰੀਟ (ਸਿਟੀ ਸੈਂਟਰ ਮੋਟਲ) ਵਿੱਚ ਦੋ ਟਾਵਰ—22 ਮੰਜ਼ਿਲਾਂ ਅਤੇ 24 ਮੰਜ਼ਿਲਾਂ, 1045 ਵੈਸਟ 14ਥ ਐਵੇਨਿਊ ਵਿੱਚ 20 ਮੰਜ਼ਿਲਾਂ ਇਮਾਰਤ, 648-680 ਈਸਟ ਬ੍ਰੌਡਵੇ ਅਤੇ 2505 ਫਰੇਜ਼ਰ ਸਟ੍ਰੀਟ ਵਿੱਚ 16 ਮੰਜ਼ਿਲਾਂ ਇਮਾਰਤ, 2950 ਪ੍ਰਿੰਸ ਐਡਵਰਡ ਸਟ੍ਰੀਟ (ਮਾਊਂਟ ਸੇਂਟ ਜੋਸਫ ਹਸਪਤਾਲ ਪਾਰਕਿੰਗ ਲਾਟ) ਵਿੱਚ ਦੋ ਟਾਵਰ—32 ਮੰਜ਼ਿਲਾਂ ਅਤੇ 25 ਮੰਜ਼ਿਲਾਂ ਇਮਾਰਤ ਜ਼ਿਕਰਯੋਗ ਹਨ। This report was written by Simranjit Singh as part of the Local Journalism Initiative.

# ਸਿਟੀ ਆਫ਼ ਸਰੀ ਨੇ ਪ੍ਰਾਪਰਟੀ ਟੈਕਸ ’ਚ ਕੀਤਾ 2.8% ਦਾ ਵਾਧਾ

**ਸਰੀ, (ਸਿਮਰਨਜੀਤ ਸਿੰਘ):** ਸਰੀ ਵਿੱਚ ਮਕਾਨ ਮਾਲਕਾਂ ਨੂੰ ਇਸ ਸਾਲ ਜਾਇਦਾਦ ਕਰ ਵਿੱਚ ਵਾਧੂ ਭੁਗਤਣਾ ਪਵੇਗਾ, ਹਾਲਾਂਕਿ ਇਹ ਦਰ ਗ੍ਰੇਟਰ ਵੈਨਕੂਵਰ ‘ਚ ਸਭ ਤੋਂ ਘੱਟ ਹੋਵੇਗੀ।

ਸਰੀ ਦੀ ਮੇਅਰ ਬ੍ਰੈਂਡਾ ਲੌਕ ਨੇ ਐਲਾਨ ਕੀਤਾ ਕਿ ਸ਼ਹਿਰ 2025-29 ਦੇ ਆਮ ਆਪਰੇਟਿੰਗ ਅਤੇ ਰਾਜਧਾਨੀ ਬਜਟ ਤਹਿਤ 2.8 ਪ੍ਰਤੀਸ਼ਤ ਸੰਪਤੀ ਟੈਕਸ ਵਾਧਾ ਕਰ ਰਿਹਾ ਹੈ। ਇਹ ਵਾਧੂ ਕਿਸੇ ਵੀ ਸੇਵਾ ਵਿੱਚ ਕਟੌਤੀ ਕੀਤੇ ਬਗੈਰ ਕੀਤੀ ਜਾ ਰਹੀ ਹੈ।

ਇਹ ਵਾਧਾ ਇੱਕ ਆਮ ਪਰਿਵਾਰਕ ਮਕਾਨ ਲਈ ਲਗਭਗ $77 ਵਾਧਾ ਹੋਵੇਗਾ। ਇਸ ਤੋਂ ਇਲਾਵਾ ਨਾਗਰਿਕਾਂ ਨੂੰ 1 ਪ੍ਰਤੀਸ਼ਤ ਰੋਡ ਅਤੇ ਟਰੈਫਿਕ ਲੈਵੀ ਦਾ ਭੁਗਤਾਨ ਵੀ ਕਰਨਾ ਪਵੇਗਾ।




ਮੇਅਰ ਨੇ ਐਲਾਨ ਕੀਤਾ ਕਿ ਸ਼ਹਿਰ 20 ਨਵੇਂ ਅੱਗ ਬੁਝਾਉਣ ਵਾਲੇ, 10 ਬਾਇਲੋ ਅਧਿਕਾਰੀ ਅਤੇ 25 ਨਵੇਂ ਪੁਲਿਸ ਅਧਿਕਾਰੀ ਭਰਤੀ ਕਰਨ ਜਾ ਰਿਹਾ ਹੈ। ਇਹ ਨਿਯੁਕਤੀਆਂ 2025-29 ਦੇ ਆਮ ਬਜਟ ਤਹਿਤ ਕੀਤੀਆਂ ਜਾਣਗੀਆਂ।

ਇਨ੍ਹਾਂ ਭਰਤੀਆਂ ਅਤੇ ਵਿਕਾਸ ਪ੍ਰੋਜੈਕਟਾਂ ਦੀ ਵਧੇਰੀ ਲਾਗਤ $701 ਮਿਲੀਅਨ ਤਹਿਤ ਆਉਣ ਦੀ ਉਮੀਦ ਹੈ।

ਮੁੱਖ ਪ੍ਰੋਜੈਕਟਾਂ ਵਿੱਚ 10,000 ਸੀਟਾਂ ਵਾਲਾ ਨਵਾਂ ਸਪੋਰਟਸ ਅਤੇ ਮਨੋਰੰਜਨ ਮੈਦਾਨ, ਇੰਟਰਐਕਟਿਵ ਆਰਟ ਮਿਊਜ਼ੀਅਮ ਸ਼ਾਮਲ ਹੈ। ਦੂਜੇਪਾਸੇ ਸਰੀ ਸ਼ਹਿਰ ਦੀ ਕੌਂਸਲਰ ਲਿੰਡਾ ਐਨਿਸ ਨੇ ਕੁਝ ਪ੍ਰੋਜੈਕਟਾਂ ਨੂੰ ਲੈ ਕੇ ਚਿੰਤਾ ਜਤਾਉਂਦੇ ਹੋਏ ਕਿਹਾ ਕਿ ਜਦੋਂ ਮੈਂ ਰਾਜਧਾਨੀ ਪ੍ਰੋਜੈਕਟਾਂ ਦੀ ਲਿਸਟ ਵੇਖਦੀ ਹਾਂ, ਤਾਂ ਉਨ੍ਹਾਂ ਵਿੱਚੋਂ ਕੁਝ ਲਈ ਫੰਡ ਉਪਲਬਧ ਨਹੀਂ ਹਨ।

ਇਨਾਂ ਨੂੰ ਕਿਵੇਂ ਫੰਡਿੰਗ ਹੋਵੇਗੀ - ਕੀ ਇਹ ਹੋਰ ਸੰਪਤੀ ਕਰ ਵਾਧੂ ਜਾਂ ਨਵੇਂ ਕਰਜ਼ਿਆਂ ਰਾਹੀਂ ਪੂਰਾ ਕੀਤਾ ਜਾਵੇਗਾ? ਸ਼ਹਿਰ ਦੇ ਨਿਵਾਸੀਆਂ ਨੂੰ ਅਪੀਲ ਕੀਤੀ ਗਈ ਹੈ ਕਿ ਉਹ 14 ਅਪਰੈਲ ਤੋਂ ਪਹਿਲਾਂ ਆਪਣੀ ਫੀਡਬੈਕ ਸ਼ਹਿਰੀ ਆਰਥਿਕ ਕਮੇਟੀ ਤੱਕ ਪਹੁੰਚਾਉਣ। This report was written by Simranjit Singh as part of the Local Journalism Initiative.










ਕੈਨੇਡੀਅਨ ਪੰਜਾਬ ਟਾਈਮਜ਼
Canadian Punjab Times

Funded by the Government of Canada | Financé par le gouvernement du Canada | Canada

- Brar Bhagta Bhai Ka
604-751-1113
- Karamjit Singh Buttar
Journalist
- Simranjit Singh
Journalist
- Dr. Puran Singh
Writer
- Gora Sandhu Khurd
News Reporter (Punjab)
- Paramjit Singh
Graphic Designer

Contact for Advertisement
**604-338-7310**

**ਕੈਨੇਡੀਅਨ ਪੰਜਾਬ ਟਾਈਮਜ਼ ਵਿੱਚ ਛਪੇ ਲੇਖਾਂ ਜਾਂ ਵਿਚਾਰਾਂ ਨਾਲ ਅਦਾਰਾ ਕੈਨੇਡੀਅਨ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।**

**The Canadian Punjab Times is not responsible or legally liable for any news, articles, advertisements or typing mistakes in the news or articles.**

**Canadian Punjab Times Inc.**

**(Punjabi Newspaper)**

Website :
**www.thepunjabtimes.ca**

E-mail :
**canadianpunjabtimes@gmail.com**

**Please Note:**

The Publisher does not guaranty the interaction of any particular advertisement on a specified date, or at all advertiser, Further, the publisher does not accept liability for printing and advertisement beyond the amount for the space actually occupied by the portion of the advertisements in which error occurs The publisher reserves the right to cancel any contract on which space has not been used within 90 days of from the contract does. All advertising is subject the publishers approved contract must be completed within one year from the date of commencement. Printing of key numbers is not guaranteed.

Publisher is not responsible in any mishappening between the customer and Advertiser.

**ਪਾਠਕਾਂ ਵਲੋਂ ਲੇਖਾਂ ਬਾਰੇ ਕੀਤੇ ਜਾ ਰਹੇ ਫੋਨਾਂ ਸਬੰਧੀ ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਜੇਕਰ ਕਿਸੇ ਵੀ ਪਾਠਕ ਨੂੰ ਕਿਸੇ ਲੇਖ ਸਬੰਧੀ ਕੋਈ ਇਤਰਾਜ ਹੈ ਤਾਂ ਉਹ ਸਿਰਫ 'ਤੇ ਸਿਰਫ ਲਿਖਤੀ ਰੂਪ ਵਿੱਚ ਭੇਜੇ। ਪਾਠਕਾਂ ਵਲੋਂ ਭੇਜੀ ਲੇਖਾਂ ਸਬੰਧੀ ਸੱਭਿਅਕ ਭਾਸ਼ਾ ਨੂੰ ਪ੍ਰਕਾਸ਼ਤ ਕੀਤਾ ਜਾਵੇਗਾ।**

# ਪ੍ਰਵਾਸੀਆਂ ਨੂੰ ਕੈਨੇਡਾ ਵਿਚ ਵੋਟ ਦਾ ਹੱਕ ਮਿਲਣ ਦੀ 78ਵੀਂ ਵਰ੍ਹੇਗੰਢ

ਲੇਖਕ : ਸੋਹਣ ਸਿੰਘ ਪੂੰਨੀ
ਸੰਪਰਕ : 604761-219



ਕੈਨੇਡਾ ਵਿੱਚ ਜ਼ਿਆਦਾਤਰ ਪ੍ਰਵਾਸੀ 1903-04 ਵਿਚ ਆਉਣ ਲੱਗੇ ਸਨ। ਇੱਥੇ ਤਿੰਨ ਸਾਲ ਰਹਿਣ ਬਾਅਦ ਉਨ੍ਹਾਂ ਨੂੰ ਵੋਟ ਦਾ ਹੱਕ ਮਿਲ ਜਾਣਾ ਸੀ। ਪਰ ਬਰਿਟਸ਼ ਕੋਲੰਬੀਆ ਸੂਬੇ ਦੀ ਕਨਜ਼ਰਵੇਟਿਵ ਸਰਕਾਰ ਨੇ 27 ਮਾਰਚ, 1907 ਨੂੰ ਕਾਨੂੰਨ ਬਣਾ ਕੇ ਹਿੰਦੁਸਤਾਨੀਆਂ ਤੋਂ ਬੀ.ਸੀ. ਵਿਚ ਵੋਟ ਦਾ ਹੱਕ ਖੋਹ ਲਿਆ। ਹਿੰਦੁਸਤਾਨੀਆਂ ਤੋਂ ਵੋਟ ਦਾ ਹੱਕ ਖੋਹਣ ਲਈ ਵਿਰੋਧੀ ਧਿਰ ਲਿਬਰਲ ਪਾਰਟੀ ਨੇ ਸਰਕਾਰ ਨੂੰ ਪੂਰਾ ਸਹਿਯੋਗ ਦਿੱਤਾ। ਉਦੋਂ ਡੋਮੀਨੀਅਨ (ਫੈਡਰਲ) ਇਲੈਕਸ਼ਨ ਲਈ ਵੋਟਰਾਂ ਦੀ ਉਹ ਹੀ ਲਿਸਟ ਵਰਤੀ ਜਾਂਦੀ ਸੀ ਜੋ ਬੀ. ਸੀ. ਦੀ ਇਲੈਕਸ਼ਨ ਵੇਲੇ ਵਰਤੀ ਜਾਂਦੀ ਸੀ। ਮਤਲਬ ਇਹ ਕਿ ਜਿਸ ਬੰਦੇ ਦਾ ਨਾਂ ਬਰਿਟਸ਼ ਕੋਲੰਬੀਆ ਸੂਬੇ ਦੀ ਵੋਟਰ ਲਿਸਟ ਵਿਚ ਨਹੀਂ ਸੀ ਹੁੰਦਾ ਉਹ ਡੋਮੀਨੀਅਨ ਇਲੈਕਸ਼ਨ ਵਿਚ ਵੀ ਵੋਟ ਨਹੀਂ ਸੀ ਪਾ ਸਕਦਾ। ਉਦੋਂ ਤਕਰੀਬਨ ਸਾਰੇ ਦੇ ਸਾਰੇ ਹਿੰਦੁਸਤਾਨੀ ਬੀ.ਸੀ. ਵਿਚ ਹੀ ਰਹਿੰਦੇ ਸਨ। ਇਸ ਲਈ ਬੀ.ਸੀ ਦੀ ਸਰਕਾਰ ਵੱਲੋਂ ਹਿੰਦੋਸਤਾਨੀਆ ਤੋਂ ਵੋਟ ਦਾ ਹੱਕ ਖੋਹੇ ਜਾਣ ਦਾ ਮਤਲਬ ਸੀ ਕਿ ਉਹ ਸਿਰਫ ਬੀ.ਸੀ ਵਿਚ ਹੀ ਨਹੀਂ ਸਗੋਂ ਡੋਮੀਨੀਅਨ ਇਲੈਕਸ਼ਨ ਵਿਚ ਵੀ ਵੋਟ ਨਹੀਂ ਸੀ ਪਾ ਸਕਦੇ। ਹਿੰਦੋਸਤਾਨੀਆ ਤੋਂ ਵੋਟ ਦਾ ਹੱਕ ਕਿਉਂ ਖੋਹਿਆ ਗਿਆ ਸੀ? ਇਸ ਦੇ ਨਸਲਵਾਦ ਆਦਿ ਕਈ ਕਾਰਨ ਸਨ। ਪਰ ਬਰਿਟਸ਼ ਇੰਡੀਅਨ ਗਵਰਨਮਿੰਟ ਦੇ ਕੈਨੇਡਾ ਵਿਚ ਜਸੂਸ ਵਿਲੀਅਮ ਹਾਪਕਿਨਸਨ ਮੁਤਾਬਕ ਮੁਖ ਕਾਰਨ ਸਿਆਸੀ ਸੀ। ਹਾਪਕਿਨਸਨ ਅਨੁਸਾਰ ਜੇ ਹਿੰਦੋਸਤਾਨੀਆ ਨੂੰ ਕਨੇਡਾ ਵਿਚ ਵੋਟ ਦਾ ਹੱਕ ਦੇ ਦਿੱਤਾ ਜਾਂਦਾ ਤਾਂ ਹਿੰਦੁਸਤਾਨ ਦੀ ਆਜ਼ਾਦੀ ਲਈ ਸੰਘਰਸ਼ ਕਰਨ ਵਾਲ਼ੇ ਦੇਸ਼ਭਗਤ ਲੀਡਰ ਆਖ ਸਕਦੇ ਸਨ ਕਿ ਹਿੰਦੋਸਤਾਨੀਆ ਨੂੰ ਬਦੇਸ਼ਾਂ ਵਿਚ ਤੇ ਵੋਟ ਦਾ ਹੱਕ ਹੈ ਪਰ ਉਨ੍ਹਾਂ ਦੇ ਆਪਣੇ ਮੁਲਕ ਵਿਚ ਨਹੀ। ਇਸ ਗੱਲ ਨਾਲ ਬਰਿਟਸ਼ ਸਰਕਾਰ ਕਸੂਤੀ ਸਥਿਤੀ ਵਿਚ ਫਸ ਸਕਦੀ ਸੀ। ਤੇ ਕਨੇਡਾ ਵਾਲ਼ੇ ਬ੍ਰਿਟਿਸ਼ ਸਰਕਾਰ ਨੂੰ ਕਸੂਤੀ ਸਥਿਤੀ 'ਚ ਫਸਣੋਂ ਬਚਾਉਣਾ ਆਪਣਾ ਫਰਜ਼ ਸਮਝਦੇ ਸਨ। ਵੋਟ ਦਾ ਹੱਕ ਖੋਹੇ ਜਾਣ ਦੇ ਹਿੰਦੋਸਤਾਨੀ ਕਮਿਊਨਿਟੀ ਉਤੇ ਬੜੇ ਭੈੜੇ ਪ੍ਰਭਾਵ ਪਏ ਸਨ। ਵੋਟ ਦਾ ਹੱਕ ਨਾ ਹੋਣ ਕਾਰਨ ਉਹ ਸਿਆਸਤ ਵਿਚ ਹਿੱਸਾ ਨਹੀਂ ਸੀ ਲੈ ਸਕਦੇ। ਨਾ ਉਹ ਐੱਮ. ਐੱਲ,ਏ. ਦੀ ਚੋਣ ਲੜ ਸਕਦੇ ਸਨ ਨਾਂ ਹੀ ਐੱਮ.ਪੀ. ਦੀ। ਉਹ ਵਕੀਲ, ਫਾਰਮੇਸਿਸਟ, ਜਿਊਰੀ ਦੇ ਮੈਂਬਰ ਜਾਂ ਸਕੂਲ ਬੋਰਡ ਦੇ ਟਰੱਸਟੀ ਆਦਿ ਵੀ ਨਹੀਂ ਸੀ ਬਣ ਸਕਦੇ। ਇਸ ਤਰ੍ਹਾਂ ਦੀਆਂ ਛੱਬੀ ਪਾਬੰਦੀਆਂ ਸਨ ਉਨ੍ਹਾਂ ਉੱਤੇ। ਪਹਿਲੇ ਸੰਸਾਰ ਯੁੱਧ ਤੋਂ ਬਾਅਦ ਹਿੰਦੁਸਤਾਨੀਆ ਨੂੰ ਕਨੇਡਾ ਵਿਚ ਆਪਣੇ ਪਰਿਵਾਰ ਮੰਗਵਾ ਸਕਣ ਦੀ ਇਜਾਜ਼ਤ ਮਿਲ ਗਈ ਸੀ। ਪਰ ਹਿੰਦੁਸਤਾਨੀ ਆਪਣੇ ਬੱਚਿਆਂ ਨੂੰ ਯੂਨੀਵਰਸਿਟੀ ਵਿਚ ਨਹੀਂ ਸੀ ਪੜ੍ਹਾਉਂਦੇ, ਬਾਰਾਂ ਜਮਾਤਾਂ ਕਰਵਾ ਕੇ ਹਟਾ ਲੈਂਦੇ ਸਨ। ਪਤਾ ਸੀ ਕਿ ਨੌਕਰੀ ਤਾਂ ਕੋਈ ਮਿਲਨੀ ਨਹੀਂ ਸੀ, ਮਿੱਲ ਵਿਚ ਫੱਟੇ ਹੀ ਖਿੱਚਣੇ ਸਨ (ਹਜ਼ਾਰਾ ਸਿੰਘ ਗਰਚਾ ਨੇ ਯੂ.ਬੀ.ਸੀ. ਤੋਂ ਐੱਮ.ਐੱਸ.ਸੀ. ਕੀਤੀ ਹੋਈ ਸੀ। ਪਰ ਸਾਰੀ ਉਮਰ ਫੱਟੇ ਹੀ ਖਿੱਚੇ ਸਨ ਉਹਨੇ)। ਵੋਟ ਦਾ ਹੱਕ ਨਾ ਹੋਣ ਕਾਰਨ ਹਿੰਦੋਸਤਾਨੀਆ ਦੀ ਕਿਸੇ ਵੀ ਸਿਆਸਤਦਾਨ ਨੂੰ ਲੋੜ ਨਹੀਂ ਸੀ। ਡੈਮੋਕ੍ਰੈਟਿਕ ਕਨੇਡਾ ਵਿਚ ਸੂਬਾਈ ਜਾਂ ਡੋਮੀਨੀਅਨ ਪੱਧਰ 'ਤੇ ਬਣਨ ਵਾਲੇ ਕਾਨੂੰਨਾਂ 'ਤੇ ਉਹ ਕਿਸੇ ਤਰਾਂ ਦਾ ਪ੍ਰਭਾਵ ਨਹੀਂ ਸੀ ਪਾ ਸਕਦੇ। ਹਿੰਦੋਸਤਾਨੀ ਇਮੀਗ੍ਰੈਂਟਾਂ ਨੇ ਉਨ੍ਹਾਂ ਤੋਂ ਵੋਟ ਦਾ ਹੱਕ ਖੋਹੇ ਜਾਣ ਵਿਰੁੱਧ ਆਵਾਜ਼ ਉਠਾਉਣੀ ਤਾਂ ਉਦੋਂ ਹੀ ਸ਼ੁਰੂ ਕਰ ਦਿੱਤੀ ਸੀ। ਕਮਿਊਨਿਟੀ ਲੀਡਰ ਉਨ੍ਹਾਂ ਨੂੰ ਮਹਾਰਾਜਾ ਰਣਜੀਤ ਸਿੰਘ ਦੀ ਪੋਤਰੀ ਸੋਫੀਆ ਦਲੀਪ ਸਿੰਘ ਦੀ ਮਿਸਾਲ ਦਿਆ ਕਰਦੇ ਸਨ ਜੋ ਉਸ ਸਮੇਂ ਬਰਤਾਨੀਆ ਵਿਚ ਔਰਤਾਂ ਲਈ ਵੋਟ ਦੇ ਹੱਕ ਵਾਸਤੇ ਸੰਘਰਸ਼ ਕਰ ਰਹੀ ਸੀ। ਕਨੇਡਾ ਦੇ ਹਿੰਦੋਸਤਾਨੀਆ ਨੇ ਵੋਟ ਦੇ ਹੱਕ ਲਈ ਚਾਲੀ ਸਾਲ ਸੰਘਰਸ਼ ਕੀਤਾ ਸੀ। ਪਰ ਚਾਲੀ ਸਾਲ ਚੱਲੇ ਇਸ ਸੰਘਰਸ਼ ਦੀ ਸਿਖਰ 1942 ਤੋਂ 1947 ਤੱਕ ਸੀ। ਇਸ ਅਹਿਮ ਸਮੇਂ ਵੋਟ ਦੇ ਹੱਕ ਲਈ ਕੀਤੇ ਜਾ ਰਹੇ ਇਸ ਸੰਘਰਸ਼ ਦੀ ਅਗਵਾਈ 'ਖਾਲਸਾ ਦੀਵਾਨ ਸੁਸਾਇਟੀ ਵੈਨਕੂਵਰ' ਦੇ ਸਕੱਤਰ ਸ੍ਰ. ਨਗਿੰਦਰ ਸਿੰਘ ਗਿੱਲ (ਚੂਹੜਚੱਕ), ਦਰਸ਼ਨ ਸਿੰਘ 'ਕਨੇਡੀਅਨ' ਅਤੇ ਉਨ੍ਹਾਂ ਦੇ ਸਾਥੀਆਂ ਨੇ ਕੀਤੀ। ਦਰਸ਼ਨ ਸਿੰਘ 'ਕਨੇਡੀਅਨ' ਟਰੇਡ ਯੂਨੀਅਨ ਮੂਵਮੈਂਟ ਵਿਚ ਸਰਗਰਮ ਸਨ। ਬੀ.ਸੀ. ਵਿਚ ਲੱਕੜ ਮਿਲਾਂ ਦੇ ਕਾਮਿਆਂ ਦੀ ਯੂਨੀਅਨ 'ਆਈ. ਡਬਲਯੂ. ਏ.' ਸੰਗਠਤ ਕਰਨ ਵਿਚ ਉਨ੍ਹਾਂ ਅਹਿਮ ਰੋਲ ਨਿਭਾਇਆ ਸੀ। ਖੱਬੀ ਸੋਚ ਵਾਲੇ ਲੋਕਾਂ ਵਿਚ ਦਰਸ਼ਨ ਸਿੰਘ ਦਾ ਬਹੁਤ ਸਤਿਕਾਰ ਸੀ। ਦਰਸ਼ਨ ਸਿੰਘ ਦੀ ਬਦੌਲਤ 'ਟਰੇਡ ਯੂਨੀਅਨ ਮੂਵਮੈਂਟ' ਅਤੇ ਖੱਬੀ ਸੋਚ ਰੱਖਣ ਵਾਲ਼ੀ ਪਾਰਟੀ 'ਸੀ.ਸੀ.ਐੱਫ.'(ਕੋਓਪ੍ਰੇਟਿਵ ਕਾਮਨਵੈਲਥ ਫੈਡਰੇਸ਼ਨ) ਇਸ ਸੰਘਰਸ਼ ਵਿਚ ਹਿੰਦੁਸਤਾਨੀਆ ਦੇ ਹੱਕ ਵਿਚ ਖੜ੍ਹੀਆਂ। ਖਾਲਸਾ ਦੀਵਾਨ ਸੋਸਾਇਟੀ ਵੈਨਕੂਵਰ ਦੇ ਸਕੱਤਰ ਸ੍ਰ. ਨਗਿੰਦਰ ਸਿੰਘ ਗਿੱਲ ਵੋਟ ਦੇ ਹੱਕ ਲਈ ਹਿੰਦੋਸਤਾਨੀ ਕਮਿਊਨਿਟੀ ਦਾ ਇਕ ਡੈਲੀਗੇਸ਼ਨ ਲੈ ਕੇ ਮਾਰਚ, 1943 ਵਿਚ ਬੀ.ਸੀ. ਦੀ ਰਾਜਧਾਨੀ ਵਿਕਟੋਰੀਆ ਗਏ। ਉੱਥੇ ਉਹ ਬੀ.ਸੀ. ਦੇ ਪ੍ਰੀਮੀਅਰ (ਮੁੱਖ ਮੰਤਰੀ) ਜਾਹਨ ਹਾਰਟ ਨੂੰ ਮਿਲੇ। ਇਸ ਡੈਲੀਗੇਸ਼ਨ ਵਿਚ ਨਗਿੰਦਰ ਸਿੰਘ ਗਿੱਲ ਦੇ ਨਾਲ਼ ਦਰਸ਼ਨ ਸਿੰਘ ਕਨੇਡੀਅਨ, ਖਾਲਸਾ ਦੀਵਾਨ ਸੁਸਾਇਟੀ ਵਿਕਟੋਰੀਆ ਦਾ ਪਰਧਾਨ ਦੀਦਾਰ ਸਿੰਘ, ਲੱਕੜ ਮਿੱਲਾਂ ਦੇ ਕਾਮਿਆਂ ਦੀ ਯੂਨੀਅਨ 'ਆਈ.ਡਬਲਿਊ.ਏ.' ਦਾ ਵੱਡਾ ਲੀਡਰ ਹੈਰਲਡ ਪ੍ਰਿਚਟ ਅਤੇ ਹੋਰ ਕਈ ਬੰਦੇ ਸ਼ਾਮਲ ਸਨ। ਇਸ ਡੈਲੀਗੇਸ਼ਨ ਨੇ ਪ੍ਰੀਮੀਅਰ ਜਾਹਨ ਹਾਰਟ ਨਾਲ਼ ਮੀਟਿੰਗ ਕੀਤੀ। ਨਗਿੰਦਰ ਸਿੰਘ ਨੇ ਦਲੀਲਾਂ ਦੇ ਕੇ ਪ੍ਰੀਮੀਅਰ ਜਾਹਨ ਹਾਰਟ ਤੋਂ ਮੰਗ ਕੀਤੀ ਕਿ ਹਿੰਦੁਸਤਾਨੀਆ ਨੂੰ ਵੋਟ ਦਾ ਹੱਕ ਦਿੱਤਾ ਜਾਵੇ। ਵੋਟ ਦੇ ਹੱਕ ਲਈ ਹੋਏ ਇਸ ਸੰਘਰਸ਼ ਵਿਚ ਹਿੰਦੁਸਤਾਨੀਆ ਨੂੰ ਬਹੁਤਾ ਸਹਿਯੋਗ ਖੱਬੀ ਸੋਚ ਵਾਲ਼ੀ ਪਾਰਟੀ ਸੀ.ਸੀ.ਐੱਫ. (ਹੁਣ ਦੀ ਐੱਨ.ਡੀ.ਪੀ.) ਅਤੇ ਟਰੇਡ ਯੂਨੀਅਨ ਮੂਵਮੈਂਟ ਤੋਂ ਮਿਲਿਆ। ਵੈਨਕੂਵਰ ਤੋਂ ਸੀ.ਸੀ.ਐੱਫ. ਪਾਰਟੀ ਦੇ ਐੱਮ. ਐੱਲ. ਏ., ਡਬਲਿਊ. ਡਬਲਿਊ. ਲੀਫੈਕਸ ਨੇ ਫਰਵਰੀ, 1944 'ਚ ਵਿਕਟੋਰੀਆ ਲੈਜਿਸਲੇਟਿਵ ਅਸੰਬਲੀ ਵਿਚ ਬਿਲ ਪੇਸ਼ ਕੀਤਾ ਕਿ ਹਿੰਦੋਸਤਾਨੀਆ ਨੂੰ ਵੋਟ ਦਾ ਹੱਕ ਦੇਣ ਲਈ ਬੀ.ਸੀ. ਇਲੈਕਸ਼ਨ ਐਕਟ ਵਿਚ ਤਰਮੀਮ ਕੀਤੀ ਜਾਵੇ। 8 ਮਾਰਚ ਨੂੰ ਇਸ ਬਿੱਲ 'ਤੇ ਬਹਿਸ ਹੋਈ। ਬਹਿਸ ਦੌਰਾਨ ਵੈਨਕੂਵਰ ਸੈਂਟਰ ਤੋਂ ਸੀ.ਸੀ.ਐੱਫ. ਦੀ ਐੱਮ.ਐੱਲ.ਏ. ਲਾਰਾ ਜੇਮੀਸਨ ਤਰਮੀਮ ਦੇ ਹੱਕ ਵਿਚ ਬੋਲੀ। ਉਸ ਨੇ ਦਲੀਲ ਦਿੰਦਿਆਂ ਆਖਿਆ ਕਿ ਹਿੰਦੁਸਤਾਨੀ ਫੌਜੀ ਸਾਡੇ ਲਈ ਲੜਾਈ ਵਿਚ ਫਾਸ਼ਿਸ਼ਟਾਂ ਨਾਲ਼ ਲੜ ਰਹੇ ਹਨ ਇਸ ਲਈ ਹਿੰਦੁਸਤਾਨੀਆਂ ਨੂੰ ਵੋਟ ਦਾ ਹੱਕ ਮਿਲਣਾ ਚਾਹੀਦਾ। ਪਰ ਬੀ.ਸੀ. ਦੀ ਲਿਬਰਲ ਸਰਕਾਰ ਨੇ ਇਸ ਬਿੱਲ ਦਾ ਵਿਰੋਧ ਕੀਤਾ। ਲੇਬਰ ਮਨਿਸਟਰ ਜਾਹਨ ਪੀਅਰਸਨ ਨੇ ਤਾਂ ਇਸ ਬਿਲ ਦਾ ਵਿਰੋਧ ਕਰਦਿਆਂ ਇੱਥੋਂ ਤੱਕ ਆਖ ਦਿੱਤਾ ਕਿ "ਹਿੰਦੋਸਤਾਨੀ ਲੋਕ ਦੰਭੀ, ਬੇਈਮਾਨ ਅਤੇ ਧੋਖੇਬਾਜ਼ ਹਨ ਜਿਨ੍ਹਾਂ 'ਤੇ ਇਤਬਾਰ ਨਹੀਂ ਕੀਤਾ ਜਾ ਸਕਦਾ।" ਲੇਬਰ ਮਨਿਸਟਰ ਪੀਅਰਸਨ ਦੀ ਇਸ ਸਟੇਟਮੈਂਟ ਦਾ ਖਾਲਸਾ ਦੀਵਾਨ ਸੁਸਾਇਟੀ ਵੈਨਕੂਵਰ ਨੇ ਬਹੁਤ ਬੁਰਾ ਮਨਾਇਆ। ਇਸ ਦੇ ਸਕੱਤਰ ਸ੍ਰ. ਨਗਿੰਦਰ ਸਿੰਘ ਗਿੱਲ ਨੇ ਮੰਗ ਕੀਤੀ ਕਿ ਲੇਬਰ ਮਨਿਸਟਰ ਜਾਹਨ ਪੀਅਰਸਨ ਆਪਣੇ ਇਸ ਨਸਲਵਾਦੀ ਬਿਆਨ ਲਈ ਹਿੰਦੋਸਤਾਨੀ ਕਮਿਊਨਿਟੀ ਤੋਂ ਮਾਫੀ ਮੰਗੇ। ਸ੍ਰ. ਨਗਿੰਦਰ ਸਿੰਘ ਨੇ ਲੇਬਰ ਮਨਿਸਟਰ ਨੂੰ ਚੈਲਿੰਜ ਕੀਤਾ ਕਿ ਜੇ ਉਹ ਆਪਣੇ ਬਿਆਨ ਲਈ ਮਾਫੀ ਨਹੀਂ ਮੰਗਦਾ ਤਾਂ ਉਹਨੂੰ ਇਹ ਬਿਆਨ ਅਸੰਬਲੀ ਤੋਂ ਬਾਹਰ ਆ ਕੇ ਦੇਣਾ ਚਾਹੀਦਾ ਤੇ ਫੇਰ ਇਸ ਬਿਆਨ ਲਈ ਹਿੰਦੁਸਤਾਨੀ ਕਮਿਊਨਿਟੀ ਉਸ ਉੱਤੇ ਅਦਾਲਤ ਵਿਚ ਮੁਕੱਦਮਾ ਕਰੇਗੀ। ਸ੍ਰ. ਨਗਿੰਦਰ ਸਿੰਘ ਗਿੱਲ ਅਤੇ ਦਰਸ਼ਨ ਸਿੰਘ ਕਨੇਡੀਅਨ ਦੀ ਅਗਵਾਈ ਥੱਲੇ ਹਿੰਦੋਸਤਾਨੀ ਭਾਈਚਾਰੇ ਦੇ ਇਕ ਡੈਪੂਟੇਸ਼ਨ ਨੇ 14 ਮਾਰਚ, 1944 ਨੂੰ ਲੇਬਰ ਮਨਿਸਟਰ ਨੂੰ ਮਿਲ ਕੇ ਉਸਦੇ ਇਸ ਬਿਆਨ ਵਿਰੁੱਧ ਰੋਸ ਪਰਗਟ ਕੀਤਾ। ਜਾਹਨ ਪੀਅਰਸਨ ਨੇ ਖਾਲਸਾ ਦੀਵਾਨ ਸੁਸਾਇਟੀ ਨੂੰ ਖਤ ਲਿਖ ਕੇ ਆਪਣੇ ਬਿਆਨ ਲਈ ਹਿੰਦੁਸਤਾਨੀ ਭਾਈਚਾਰੇ ਤੋਂ ਮਾਫੀ ਮੰਗ ਲਈ। ਵੋਟ ਦਾ ਹੱਕ ਲੈਣ ਲਈ ਲੜੀ ਜਾ ਰਹੀ ਲੜਾਈ ਵਿਚ ਸੀ.ਸੀ.ਐਫ. ਤੇ ਹੋਰ ਖੱਬੀਆਂ ਧਿਰਾਂ ਹਿੰਦੁਸਤਾਨੀਆ ਦੀ ਮਦਦ ਕਰ ਰਹੀਆਂ ਸਨ। ਪਰ ਨਗਿੰਦਰ ਸਿੰਘ ਹੋਰੀਂ ਇਹ ਗੱਲ ਚੰਗੀ ਤਰ੍ਹਾਂ ਸਮਝਦੇ ਸਨ ਕਿ ਇਕੱਲੀ ਸੀ. ਸੀ. ਐਫ. ਜਾਂ ਹੋਰ ਖੱਬੀਆਂ ਧਿਰਾਂ ਦੀ ਮਦਦ ਨਾਲ਼ ਇਹ ਲੜਾਈ ਜਿੱਤੀ ਨਹੀਂ ਸੀ ਜਾ ਸਕਦੀ। ਇਸ ਲਈ ਲਿਬਰਲ ਅਤੇ ਕਨਜ਼ਰਵੇਟਿਵ ਪਾਰਟੀ ਦੀ ਮਦਦ ਜ਼ਰੂਰੀ ਸੀ। ਅਕਤੂਬਰ, 1945 ਵਿਚ ਬੀ. ਸੀ. ਦੀ ਸੂਬਾਈ ਇਲੈਕਸ਼ਨ ਹੋਣੀ ਸੀ। ਸ੍ਰ. ਨਗਿੰਦਰ ਸਿੰਘ ਨੇ ਇਲੈਕਸ਼ਨ ਵਿਚ ਹਿੱਸਾ ਲੈ ਰਹੇ ਸਾਰੀਆਂ ਪਾਰਟੀਆਂ ਦੇ ਉਮੀਦਵਾਰਾਂ ਨੂੰ ਖਾਲਸਾ ਦੀਵਾਨ ਸੁਸਾਇਟੀ ਵਲੋਂ ਇਕ ਖਤ ਭੇਜਿਆ। ਇਸ ਖਤ ਵਿਚ ਤਰਕ ਭਰੀਆਂ ਦਲੀਲਾਂ ਦੇ ਕੇ ਮੰਗ ਕੀਤੀ ਗਈ ਸੀ ਕਿ ਹਿੰਦੁਸਤਾਨੀਆ ਨੂੰ ਵੋਟ ਦਾ ਹੱਕ ਮਿਲਣਾ ਚਾਹੀਦਾ ਹੈ। ਖਤ ਵਿਚ ਇਨ੍ਹਾਂ ਉਮੀਦਵਾਰਾਂ ਨੂੰ ਬੇਨਤੀ ਕੀਤੀ ਗਈ ਸੀ ਕਿ ਹਿੰਦੋਸਤਾਨੀਆ ਨੂੰ ਵੋਟ ਦਾ ਹੱਕ ਦੁਆ ਕੇ ਉਹ ਆਪਣਾ ਨੈਤਿਕ ਫਰਜ਼ ਪੂਰਾ ਕਰਨ। 25 ਅਕਤੂਬਰ, 1945 ਨੂੰ ਹੋਈ ਬਰਿਟਸ਼ ਕੋਲੰਬੀਅਸ਼ਾ ਸੂਬੇ ਦੀ ਇਸ ਇਲੈਕਸ਼ਨ 'ਚ ਲਿਬਰਲ ਅਤੇ ਕਨਜ਼ਰਵੇਟਿਵ ਪਾਰਟੀ ਦੀ ਸਾਂਝੀ ਸਰਕਾਰ ਬਣੀ। ਖਾਲਸਾ ਦੀਵਾਨ ਸੁਸਾਇਟੀ ਵਾਲਿਆਂ ਇਲੈਕਸ਼ਨ ਵਿਚ ਜਿੱਤਣ ਵਾਲ਼ੇ ਬਹੁਤ ਸਾਰੇ ਐੱਮ.ਐੱਲ.ਏਜ਼. ਨਾਲ਼ ਚੰਗੇ ਸੰਬੰਧ ਬਣਾ ਲਏ ਸਨ। ਸ੍ਰ. ਨਗਿੰਦਰ ਸਿੰਘ ਨੇ ਕੋਸ਼ਿਸ਼ ਕਰਕੇ ਬਹੁਤ ਸਾਰਿਆਂ ਨਾਲ਼ ਜਾਤੀ ਪੱਧਰ 'ਤੇ ਦੋਸਤਾਨਾ ਸੰਬੰਧ ਬਣਾ ਲਏ ਸਨ। ਅੰਤਰਰਾਸ਼ਟਰੀ ਪੱਧਰ 'ਤੇ ਵੀ ਹਾਲਾਤ ਬਦਲ ਚੁੱਕੇ ਸਨ। ਸੰਸਾਰ ਯੁੱਧ ਖਤਮ ਹੋ ਚੁੱਕਾ ਸੀ। ਲੜਾਈ 'ਚੋਂ ਮੁੜੇ ਕਨੇਡੀਅਨ ਫੌਜੀ ਇੱਥੇ ਰਹਿ ਰਹੇ ਹਿੰਦੁਸਤਾਨੀਆ ਨਾਲ ਹਮਦਰਦੀ ਰੱਖਦੇ ਸਨ। ਪੱਛਮੀ ਦੇਸ਼ਾਂ ਦੀਆਂ ਸਰਕਾਰਾਂ ਸੰਸਾਰ ਯੁੱਧ ਦੌਰਾਨ ਮਨੁੱਖੀ ਅਧਿਕਾਰਾਂ ਦੀ ਗੱਲ ਕਰਦੀਆਂ ਰਹੀਆਂ ਸਨ। ਹਿੰਦੁਸਤਾਨ ਆਜ਼ਾਦ ਹੋਣ ਵਾਲ਼ਾ ਸੀ। ਇਨ੍ਹਾਂ ਗੱਲਾਂ ਕਰਕੇ, ਨਵੀਂ ਬਣੀ ਕੁਲੀਸ਼ਨ ਸਰਕਾਰ ਨੇ 11 ਮਾਰਚ, 1946 ਨੂੰ 'ਬਰਿਟਸ਼ ਕੋਲੰਬੀਆ ਇਲੈਕਸ਼ਨ ਐਕਟ' 'ਤੇ ਮੁੜ-ਵਿਚਾਰ ਕਰਨ ਲਈ 'ਆਲ ਪਾਰਟੀ ਇਲੈਕਸ਼ਨ ਕਮੇਟੀ' ਬਣਾ ਦਿੱਤੀ। ਇਸ ਕਮੇਟੀ ਨੇ ਹਿੰਦੋਸਤਾਨੀਆ ਨੂੰ ਵੋਟ ਦਾ ਹੱਕ ਦੇਣ ਲਈ ਬਰਿਟਸ਼ ਕੋਲੰਬੀਆ ਦੇ ਲੋਕਾਂ ਨੂੰ ਮਿਲ ਕੇ ਉਨ੍ਹਾਂ ਦੀ ਰਾਏ ਜਾਣਨੀ ਸੀ ਤੇ ਇਸ ਬਾਰੇ ਸਰਕਾਰ ਨੂੰ ਰਿਪੋਰਟ ਦੇਣੀ ਸੀ। 'ਆਲ ਪਾਰਟੀ ਇਲੈਕਸ਼ਨ ਕਮੇਟੀ' ਨੇ ਬੀ.ਸੀ. ਦੇ ਲੋਕਾਂ ਦੀ ਰਾਏ ਜਾਣਨ ਲਈ ਵੱਖ ਵੱਖ ਥਾਵਾਂ 'ਤੇ ਮੀਟਿੰਗਾਂ ਕੀਤੀਆਂ। ਵੈਨਕੂਵਰ 'ਚ 13 ਵਿਚੋਂ 12 ਜਥੇਬੰਦੀਆਂ ਨੇ ਇਸ ਕਮੇਟੀ ਕੋਲ਼ ਹਿੰਦੁਸਾਨੀਆ ਨੂੰ ਵੋਟ ਦਾ ਹੱਕ ਦੇਣ ਦੀ ਸਿਫਾਰਸ਼ ਕੀਤੀ। 'ਆਲ ਪਾਰਟੀ ਇਲੈਕਸ਼ਨ ਕਮੇਟੀ' ਨੇ 7 ਨਵੰਬਰ, 1946 ਨੂੰ ਆਪਣੀ ਰਿਪੋਰਟ ਬੀ.ਸੀ. ਸਰਕਾਰ ਨੂੰ ਦੇ ਦਿੱਤੀ। ਲੋਕਾਂ ਵਿਚ ਹਿੰਦੁਸਤਾਨੀਆਂ ਦੇ ਹੱਕ 'ਚ ਰਾਏ ਵੇਖਦਿਆਂ ਇਸ ਰਿਪੋਰਟ ਵਿਚ ਹਿੰਦੋਸਤਾਨੀਆ ਨੂੰ ਵੋਟ ਦਾ ਹੱਕ ਦੇਣ ਦੀ ਸਿਫਾਰਸ਼ ਕੀਤੀ ਗਈ ਸੀ। ਇਹ ਰਿਪੋਰਟ ਮਿਲਣ ਪਿੱਛੋਂ ਲਿਬਰਲ ਅਤੇ ਕਨਜ਼ਰਵੇਟਿਵ ਪਾਰਟੀ ਦੀ ਕੁਲੀਸ਼ਨ ਸਰਕਾਰ ਨੇ 2 ਅਪਰੈਲ, 1947 ਨੂੰ ਬਿਲ 85 ਪਾਸ ਕਰਕੇ ਹਿੰਦੋਸਤਾਨੀਆ ਨੂੰ ਵੋਟ ਦਾ ਹੱਕ ਦੇ ਦਿੱਤਾ। ਵੋਟ ਦਾ ਹੱਕ ਮਿਲਣ ਨਾਲ ਹਿੰਦੋਸਤਾਨੀ ਭਾਈਚਾਰੇ ਦਾ ਕਨੇਡਾ ਵਿਚ ਮਾਣ ਵਧਿਆ। ਸਿਰਫ ਹਿੰਦੁਸਤਾਨੀ ਭਾਈਚਾਰੇ ਦਾ ਹੀ ਨਹੀਂ ਸਗੋਂ ਇਸ ਨਾਲ਼ ਕਨੇਡਾ ਦਾ ਵੀ ਮਾਣ ਵਧਿਆ। ਅੱਜ ਕਨੇਡਾ ਦੁਨੀਆ ਦੇ ਵਧੀਆ ਮੁਲਕਾਂ ਵਿਚ ਗਿਣਿਆਂ ਜਾਂਦਾ ਹੈ ਜਿੱਥੇ ਰੰਗ ਨਸਲ ਦਾ ਭੇਦ ਕੀਤੇ ਬਿਨਾਂ ਸਾਰਿਆ ਨੂੰ ਬਰਾਬਰ ਦੇ ਹੱਕ ਹਨ। ਵੋਟ ਦਾ ਹੱਕ ਮਿਲਣ ਕਰਕੇ ਹੀ ਹਿੰਦੁਸਤਾਨੀ ਲੋਕ ਸੂਬਾਈ ਅਤੇ ਫੈਡਰਲ ਪੱਧਰ 'ਤੇ ਐੱਮ.ਐੱਲ.ਏ., ਐੱਮ.ਪੀ. ਅਤੇ ਵਜ਼ੀਰ ਬਣ ਸਕੇ। ਅੱਜ ਇਹ ਕਨੇਡਾ ਦੇ ਮਾਣ ਮੱਤੇ ਸ਼ਹਿਰੀ ਹਨ ਜੋ ਆਪਣੇ ਹੱਕਾਂ ਅਤੇ ਫਰਜ਼ਾਂ ਨੂੰ ਭਲੀ ਭਾਂਤ ਸਮਝਦੇ ਹਨ। ਕਨੇਡਾ ਦਾ ਹਿੰਦੁਸਤਾਨੀ ਭਾਈਚਾਰਾ ਸ੍ਰ ਨਗਿੰਦਰ ਸਿੰਘ ਗਿੱਲ (ਚੂਹੜਚੱਕ) ਅਤੇ ਕਾਮਰੇਡ ਦਰਸ਼ਨ ਸਿੰਘ ਕਨੇਡੀਅਨ ਵਰਗੇ ਉਨ੍ਹਾਂ ਕਮਿਊਨਿਟੀ ਲੀਡਰਾਂ ਦਾ ਸਦਾ ਰਿਣੀ ਰਹੇਗਾ ਜਿਨ੍ਹਾਂ ਸਾਨੂੰ ਇੱਥੇ ਵੋਟ ਦਾ ਹੱਕ ਲੈ ਕੇ ਦਿੱਤਾ।

# ਸ਼੍ਰੋਮਣੀ ਕਮੇਟੀ ਵਲੋਂ 13.86 ਅਰਬ ਦਾ ਬਜਟ ਪਾਸ



ਅੰਮ੍ਰਿਤਸਰ : ਸ਼੍ਰੋਮਣੀ ਕਮੇਟੀ ਦਾ ਵਿੱਤੀ ਵਰ੍ਹੇ 2025-26 ਲਈ 13 ਅਰਬ 86 ਕਰੋੜ 47 ਲੱਖ 80 ਹਜ਼ਾਰ ਰੁਪਏ ਦਾ ਅਨੁਮਾਨਿਤ ਬਜਟ ਬੀਤੇ ਦਿਨੀਂ ਇਤਿਹਾਸਕ ਤੇਜਾ ਸਿੰਘ ਸਮੁੰਦਰੀ ਹਾਲ ਵਿਚ ਨੇਪਰੇ ਚੜ੍ਹੇ ਇਜਲਾਸ ਦੌਰਾਨ ਹਾਜ਼ਰ ਮੈਂਬਰਾਂ ਵਲੋਂ ਜੈਕਾਰਿਆਂ ਦੀ ਗੂੰਜ ਵਿਚ ਪਾਸ ਕੀਤਾ ਗਿਆ ਸੀ ।ਜਥੇ: ਮੰਡਵਾਲਾ ਅਨੁਸਾਰ ਸ਼੍ਰੋਮਣੀ ਕਮੇਟੀ ਪ੍ਰਧਾਨ ਸ. ਧਾਮੀ ਦੀ ਅਗਵਾਈ ਵਿਚ ਸਿੱਖ ਸੰਸਥਾ ਨੇ ਧਰਮ ਪ੍ਰਚਾਰ, ਵਿੱਦਿਆ ਦੇ ਪ੍ਰਚਾਰ ਪ੍ਰਸਾਰ, ਪੰਥਕ ਕਾਰਜਾਂ ਅਤੇ ਲੋਕ ਭਲਾਈ ਵਾਸਤੇ ਅਹਿਮ ਕਾਰਜ ਕੀਤੇ ਹਨ ਅਤੇ ਇਸ ਵਾਰ ਵੀ ਬਜਟ ਵਿਚ ਇਨ੍ਹਾਂ ਖੇਤਰਾਂ ਲਈ ਵਿਸ਼ੇਸ਼ ਰਾਸ਼ੀ ਦਾ ਇੰਤਜਾਮ ਕੀਤਾ ਗਿਆ ਹੈ। ਇਸ ਦੌਰਾਨ ਜਿਥੇ ਵਿਰੋਧੀ ਧਿਰ ਨਾਲ ਸੰਬੰਧਿਤ ਮੈਂਬਰਾਂ ਵਲੋਂ ਇਜਲਾਸ ਦੌਰਾਨ ਅੰਤ੍ਰਿੰਗ ਕਮੇਟੀ ਵਲੋਂ ਤਿੰਨ ਜਥੇਦਾਰਾਂ ਦੀ ਬਰਖ਼ਾਸਤਗੀ ਸੰਬੰਧੀ ਬੀਤੇ ਦਿਨੀਂ ਪਾਸ ਕੀਤੇ ਦੋ ਮਤੇ ਰੱਦ ਨਾ ਕੀਤੇ ਜਾਣ ਦੇ ਰੋਸ ਵਜੋਂ ਇਜਲਾਸ 'ਚੋਂ ਵਾਕਆਊਟ ਕਰਕੇ ਵਿਰੋਧ ਦਰਜ ਕਰਾਇਆ ਗਿਆ ਪਰ ਇਸ ਦੇ ਬਾਵਜੂਦ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਦੀ ਪ੍ਰਧਾਨਗੀ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਪਾਵਨ ਹਜ਼ੂਰੀ ਵਿਚ ਜਨਰਲ ਸਕੱਤਰ ਜਥੇ: ਸ਼ੇਰ ਸਿੰਘ ਮੰਡ ਵਲੋਂ ਪੇਸ਼ ਕੀਤਾ ਗਿਆ ਸਾਲਾਨਾ ਅਨੁਮਾਨਿਤ ਬਜਟ ਅਮਨ-ਅਮਾਨ ਨਾਲ ਜੈਕਾਰਿਆਂ ਦੀ ਗੂੰਜ 'ਚ ਪਾਸ ਕੀਤਾ ਗਿਆ । ਇਸ ਦੌਰਾਨ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਦੀ ਯੋਗਤਾ, ਨਿਯੁਕਤੀ, ਕਾਰਜ ਖੇਤਰ ਤੇ ਸੇਵਾ ਮੁਕਤੀ ਸੰਬੰਧੀ ਨਿਯਮ ਨਿਰਧਾਰਿਤ ਕਰਨ ਨੂੰ ਪ੍ਰਵਾਨਗੀ ਦੇਣ ਤੇ ਇਸ ਸੰਬੰਧੀ ਪੰਥਕ ਨੁਮਾਇੰਦਿਆਂ ਦੀ ਉੱਚ ਪੱਧਰੀ ਕਮੇਟੀ ਗਠਿਤ ਕਰਨ ਦੇ ਫ਼ੈਸਲੇ ਸਮੇਤ ਹੋਰ ਕਈ ਅਹਿਮ ਮਤੇ ਵੀ ਪਾਸ ਕੀਤੇ ਗਏ ।ਇਸ ਦੌਰਾਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੀ ਨਵੰਬਰ 2025 ਵਿੱਚ ਮਨਾਈ ਜਾ ਰਹੀ 350 ਸਾਲਾ ਸ਼ਹੀਦੀ ਸ਼ਤਾਬਦੀ ਸਬੰਧੀ ਮਤੇ ਵਿਚ ਆਉਣ ਵਾਲੀਆਂ ਪੀੜ੍ਹੀਆਂ ਨੂੰ ਗੁਰੂ ਸਾਹਿਬ ਦੇ ਉਪਦੇਸ਼ਾਂ ਅਤੇ ਸਿਧਾਂਤਾਂ ਤੋਂ ਜਾਣੂ ਕਰਵਾਉਣ ਲਈ ਕੇਂਦਰ ਸਰਕਾਰ ਨੂੰ ਢੁੱਕਵੀਂ ਯਾਦਗਾਰ ਸਥਾਪਤ ਕਰਨ ਦੀ ਅਪੀਲ ਕੀਤੀ ਗਈ। ਮਤੇ ’ਚ ਕੇਂਦਰ ਤੋਂ ਗੁਰੂ ਸਾਹਿਬ ਦੇ ਨਾਂ ’ਤੇ ਕੌਮੀ ਪੱਧਰ ਦੀ ਸਿੱਖਿਆ ਸੰਸਥਾ ਜਾਂ ਖੋਜ ਕੇਂਦਰ ਸਥਾਪਤ ਕਰਨ, ਵਿਸ਼ੇਸ਼ ਡਾਕ ਟਿਕਟ ਤੇ ਯਾਦਗਾਰੀ ਸਿੱਕੇ ਜਾਰੀ ਕਰਨ ਦੀ ਮੰਗ ਵੀ ਕੀਤੀ ਗਈ। ਸ਼੍ਰੋਮਣੀ ਕਮੇਟੀ ਨੇ ਲੰਘੇ ਦਿਨੀਂ ਸੰਸਦ ਵਿੱਚ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਵੱਲੋਂ ਸੰਤ ਜਰਨੈਲ ਸਿੰਘ ਖ਼ਾਲਸਾ ਭਿੰਡਰਾਂਵਾਲਿਆਂ ਸਬੰਧੀ ਦਿੱਤੇ ਬਿਆਨ ਅਤੇ ਗੁਰਬਾਣੀ ਪੜ੍ਹਨ ’ਤੇ ਤਨਜ਼ ਕੱਸਣ ਦੀ ਨਿਖੇਧੀ ਕੀਤੀ। ਇਕ ਹੋਰ ਮਤੇ ’ਚ ਹਿਮਾਚਲ ਪ੍ਰਦੇਸ਼ ਸਿੱਖ ਸ਼ਰਧਾਲੂਆਂ ਨਾਲ ਵਾਪਰ ਰਹੀਆਂ ਘਟਨਾਵਾਂ ਬਾਰੇ ਹਿਮਾਚਲ ਪ੍ਰਦੇਸ਼ ਸਰਕਾਰ ਨੂੰ ਸੰਜੀਦਾ ਪਹੁੰਚ ਅਪਣਾਉਣ ਤੇ ਦੋਸ਼ੀਆਂ ਵਿਰੁੱਧ ਕਾਰਵਾਈ ਦੀ ਅਪੀਲ ਕੀਤੀ ਗਈ। ਇਸ ਦੌਰਾਨ ਹੋਰ ਮਤਿਆਂ ’ਚ ਪੰਜਾਬ ਸਰਕਾਰ ਨੂੰ ਅਪੀਲ ਕੀਤੀ ਗਈ ਕਿ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਨਾਲ ਸਬੰਧਤ ਇਤਿਹਾਸਕ ਥਾਵਾਂ ਤੇ ਇਮਾਰਤਾਂ ਦੀ ਤਰਸਯੋਗ ਹਾਲਤ ਵੱਲ ਧਿਆਨ ਤੇ ਸਿੱਖ ਵਿਰਾਸਤਾਂ ਦੀ ਸੰਭਾਲ ਠੋਸ ਨੀਤੀ ਬਣਾਈ ਜਾਵੇ। ਇਸ ਤੋਂ ਇਲਾਵਾ ਪਾਕਿਸਤਾਨ ਸਥਿਤ ਗੁਰਧਾਮਾਂ ਦੇ ਦਰਸ਼ਨਾਂ ਲਈ ਜਾਣ ਵਾਲੇ ਸਿੱਖ ਸ਼ਰਧਾਲੂਆਂ ਦੀ ਸਹੂਲਤ ਲਈ ਵੀਜ਼ਾ ਦਫ਼ਤਰ ਅੰਮ੍ਰਿਤਸਰ ਵਿਖੇ ਖੋਲ੍ਹਣ ਅਤੇ ਕੇਂਦਰ ਨੂੰ ਫੌਜ ’ਚ ਸਿੱਖਾਂ ਲਈ ਵਿਸ਼ੇਸ਼ ਰਾਖਵਾਂ ਕੋਟਾ ਤੈਅ ਕਰਨ ਦੀ ਅਪੀਲ ਕੀਤੀ ਗਈ। ਸ਼੍ਰੋਮਣੀ ਕਮੇਟੀ ਨੇ ਸਰਕਾਰਾਂ ਵੱਲੋਂ ਮੌਜੂਦਾ ਕਿਸਾਨ ਸੰਘਰਸ਼ ਵਿਚ ਅਪਣਾਈ ਗਈ ਨਕਾਰਾਤਮਕ ਭੂਮਿਕਾ ਦੀ ਨਿਖੇਧੀ ਕਰਦਿਆਂ ਮਤੇ ’ਚ ਕਿਸਾਨ ਆਗੂਆਂ ’ਤੇ ਦਰਜ ਮੁਕੱਦਮੇ ਵਾਪਸ ਲੈਣ ਤੇ ਕਿਸਾਨਾਂ ਦੇ ਹੱਕ ਵਿਚ ਸਹੀ ਫੈਸਲੇ ਕਰਨ ਦੀ ਅਪੀਲ ਵੀ ਕੀਤੀ।ਇਜਲਾਸ ਦੌਰਾਨ ਸ਼੍ਰੋਮਣੀ ਕਮੇਟੀ ਨੇ ਕੇਂਦਰ ਸਰਕਾਰ ਨੂੰ ਸਿੱਖ ਭਾਵਨਾਵਾਂ ਦੀ ਕਦਰ ਕਰਦਿਆਂ ਸਿੱਖ ਬੰਦੀਆਂ ਨੂੰ ਤੁਰੰਤ ਰਿਹਾਅ ਕਰਨ ਦੀ ਅਪੀਲ ਕੀਤੀ ਗਈ। ਇਸੇ ਦੌਰਾਨ ਇਜਲਾਸ ਵਿਚੋਂ ਵਾਕ ਆਊਟ ਕਰਕੇ ਆਏ ਭਾਈ ਮਨਜੀਤ ਸਿੰਘ ਭੂਰਾ ਕੋਹਨਾ ਤੇ ਸੁਖਦੇਵ ਸਿੰਘ ਭੌਰ ਨੇ ਕਿਹਾ ਕਿ ਉਹ ਇਜਲਾਸ ਵਿਚ ਹਟਾਏ ਗਏ ਸਿੰਘ ਸਾਹਿਬਾਨ ਬਾਰੇ ਗੱਲ ਰੱਖਣਾ ਚਾਹੁੰਦੇ ਸਨ ਤੇ ਬੀਤੇ ਦਿਨੀਂ ਸ਼੍ਰੋਮਣੀ ਕਮੇਟੀ ਨੂੰ 40 ਮੈਂਬਰਾਂ ਦੇ ਦਸਤਖ਼ਤਾਂ ਵਾਲਾ ਪੱਤਰ ਵੀ ਸੌਂਪਿਆ ਗਿਆ ਸੀ ਪਰ ਅੰਤ੍ਰਿੰਗ ਕਮੇਟੀ ਦੇ ਮਤੇ ਰੱਦ ਕਰਨ ਵਾਲਾ ਮਤਾ ਹੀ ਏਜੰਡੇ ਵਿਚ ਸ਼ਾਮਿਲ ਨਹੀਂ ਕੀਤਾ ਗਿਆ । ਉਨ੍ਹਾਂ ਕਿਹਾ ਕਿ ਜਥੇਦਾਰਾਂ ਵਲੋਂ ਕੀਤੇ ਗਏ ਸਖ਼ਤ ਫ਼ੈਸਲਿਆਂ ਕਾਰਨ ਉਨ੍ਹਾਂ ਨੂੰ ਹਟਾ ਕੇ ਮਨਮਰਜ਼ੀ ਦੇ ਜਥੇਦਾਰ ਥਾਪੇ ਗਏ ਹਨ।

ਇਸੇ ਦੌਰਾਨ ਇਜਲਾਸ ਦੌਰਾਨ ਵਿਰੋਧੀ ਧਿਰ ਦੇ ਮੈਂਬਰ ਬੀਬੀ ਕਿਰਨਜੋਤ ਕੌਰ ਨੂੰ ਮਤਾ ਪੜ੍ਹਨ ਸਮੇਂ ਬੋਲਣ ਲਈ ਸਮਾਂ ਨਾ ਦਿੱਤੇ ਜਾਣ 'ਤੇ ਬਾਦਲ ਦਲ ਨਾਲ ਸੰਬੰਧਿਤ ਕੁਝ ਮੈਂਬਰਾਂ ਵਲੋਂ ਕਥਿਤ ਤੌਰ 'ਤੇ ਉਨ੍ਹਾਂ ਨਾਲ ਦੁਰਵਿਵਹਾਰ ਕਰਦਿਆਂ ਮਾਈਕ ਨਾ ਦੇਣ ਦਾ ਦੋਸ਼ ਲਾਉਂਦਿਆਂ ਸਾਬਕਾ ਪ੍ਰਧਾਨ ਬੀਬੀ ਜਗੀਰ ਕੌਰ, ਜਥੇ: ਸੁਖਦੇਵ ਸਿੰਘ ਭੌਰ, ਬੀਬੀ ਪਰਮਜੀਤ ਕੌਰ ਲਾਂਡਰਾਂ, ਭਾਈ ਮਨਜੀਤ ਸਿੰਘ ਭੂਰਾ ਕੋਹਨਾ ਤੇ ਸ: ਟੌਹੜਾ ਆਦਿ ਆਗੂਆਂ ਨੇ ਇਜਲਾਸ ਵਿਚੋਂ ਵਾਕ ਆਊਟ ਕੀਤਾ ਗਿਆ ।ਬੀਬੀ ਜਗੀਰ ਕੌਰ, ਬੀਬੀ ਕਿਰਨਜੋਤ ਕੌਰ, ਬੀਬੀ ਪਰਮਜੀਤ ਕੌਰ ਤੇ ਹੋਰਨਾਂ ਨੇ ਕਿਹਾ ਕਿ ਉਹਨਾਂ ਵੱਲੋਂ 42 ਦੇ ਕਰੀਬ ਮੈਂਬਰਾਂ ਨੇ ਦਸਤਖਤ ਕਰਕੇ ਜਥੇਦਾਰਾਂ ਸਬੰਧੀ ਪਿਛਲੇ ਸਮੇਂ ਵਿੱਚ 10 ਫਰਵਰੀ ਤੇ 7 ਮਾਰਚ ਨੂੰ ਪਾਏ ਗਏ ਮਤਿਆਂ ਨੂੰ ਰੱਦ ਕਰਾਉਣ ਦੀ ਮੰਗ ਰੱਖੀ ਸੀ। ਇਸ ਮਤੇ ਨੂੰ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਵੱਲੋਂ ਵਿਚਾਰਿਆ ਨਹੀਂ ਗਿਆ ਅਤੇ ਉਹਨਾਂ ਦੇ ਨਾਲ ਜਨਰਲ ਇਜਲਾਸ ਵਿੱਚ ਬਦ ਸਲੂਕੀ ਕੀਤੀ ਗਈ ਹੈ।ਉਹਨਾਂ ਕਿਹਾ ਕਿ ਉਹ ਮੰਗ ਕਰਦੇ ਹਨ ਕਿ ਸ਼੍ਰੋਮਣੀ ਕਮੇਟੀ ਦਾ ਵਿਸ਼ੇਸ਼ ਜਨਰਲ ਇਜਲਾਸ ਉਪਰੋਕਤ ਮਤੇ ਤੇ ਵਿਚਾਰ ਲਈ ਸੱਦਿਆ ਜਾਵੇ। ਜੇਕਰ ਸ਼੍ਰੋਮਣੀ ਕਮੇਟੀ ਪ੍ਰਧਾਨ ਇਸ ਵਿਸ਼ੇਸ਼ ਇਜਲਾਸ ਨੂੰ ਨਹੀਂ ਸੱਦ ਦੇ ਤਾਂ 15 ਮੈਂਬਰ ਨੂੰ ਅਧਿਕਾਰ ਹੈ ਕਿ ਉਹ ਆਪਣੇ ਤੌਰ ਤੇ ਜਨਰਲ ਇਜਲਾਸ ਸੱਦ ਸਕਦੇ ਹਨ। ਉਹਨਾਂ ਕਿਹਾ ਕਿ ਆਉਣ ਵਾਲੇ ਦਿਨਾਂ ਵਿੱਚ ਜੇਕਰ ਪ੍ਰਧਾਨ ਵੱਲੋਂ ਜਨਰਲ ਇਜਲਾਸ ਨਹੀਂ ਸੱਦਿਆ ਜਾਂਦਾ ਤਾਂ 15 ਮੈਂਬਰ ਆਪਣਾ ਅਧਿਕਾਰ ਵਰਤ ਕੇ ਜਨਰਲ ਇਜਲਾਸ ਸੱਦ ਕੇ ਉਪਰੋਕਤ ਮੱਤੇ ਤੇ ਵਿਚਾਰ ਚਰਚਾ ਕਰਨਗੇ

ਵਿਰੋਧੀ ਧਿਰ ਨਾਲ ਸੰਬੰਧਿਤ ਸ਼੍ਰੋਮਣੀ ਕਮੇਟੀ ਮੈਂਬਰ ਬੀਬੀ ਪਰਮਜੀਤ ਕੌਰ ਲਾਂਡਰਾ ਨੇ ਕਿਹਾ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਾਬਕਾ ਕਾਰਜਕਾਰੀ ਜਥੇਦਾਰ ਦੀ ਇਕ ਰਿਸ਼ੇਤਦਾਰ ਔਰਤ ਬਾਰੇ ਜਾਂਚ ਰਿਪੋਰਟ ਪੇਸ਼ ਕੀਤੀ ਸੀ, ਜਿਸ 'ਚ ਇਕ ਔਰਤ ਦੀ ਕਿਰਦਾਰਕੁਸ਼ੀ ਕੀਤੀ ਗਈ ।ਉਨਾਂ ਕਿਹਾ ਕਿ ਬਿਨਾਂ ਕਿਸੇ ਸਬੂਤ ਦੇ ਔਰਤ ਦੇ ਆਚਰਨ 'ਤੇ ਇਲਜ਼ਾਮ ਲਗਾਏ ਗਏ ਸਨ ਤੇ ਉਹ ਇਸ ਬਾਰੇ ਪੁੱਛਣਾ ਚਾਹੁੰਦੇ ਸਨ ਪਰ ਇਹ ਅੰਤ੍ਰਿੰਗ ਕਮੇਟੀ ਨਹੀਂ ਕੌਰਵਾ ਦੀ ਸਭਾ ਸੀ ਜਿਸ ਵਿਚ ਪ੍ਰਧਾਨ ਸ. ਧਾਮੀ ਨੇ ਵੀ ਧ੍ਰਿਰਾਸ਼ਟਰ ਵਾਂਗ ਅੱਖਾਂ ਮੀਟ ਲਈਆਂ।

ਗਲੈਡਵਿਨ ਔਪਟੀਕਲ
GLADWIN OPTICAL
ਨਜ਼ਰ ਦੀਆਂ ਐਨਕਾਂ
EYE GLASSES
CONTACT LENSES
SUNGLASSES
» ਸਾਡੇ ਕੋਲ ਬਹੁਤ ਤਰ੍ਹਾਂ ਦੇ ਫਰੇਮਾਂ ਦੇ ਡਿਜ਼ਾਈਨ ਮੌਜੂਦ ਹਨ।
» ਅਸੀਂ ਕਨਟੈਕਟ ਲੈਂਜ਼ ਹਰ ਤਰ੍ਹਾਂ ਦੇ ਰੰਗਾਂ ਵਿੱਚ ਰੱਖਦੇ ਹਾਂ।
» ਐਨਕਾਂ ਦੀ ਰਿਪੇਅਰ ਦਾ ਕੰਮ ਤੱਸਲੀਬਖਸ਼ ਹੁੰਦਾ ਹੈ।
» ਅਸੀਂ ਅੱਖਾਂ ਦਾ ਫਰੀ ਚੈੱਕ-ਅਪ ਕਰਦੇ ਹਾਂ।

BHUPINDER OBEROI
ਸਾਡਾ ਐਡਰੈੱਸ ਨੋਟ ਕਰੋ
3200 George Ferguson Way #3, Abbotsford B.C. V2T 4C8
604-864-8803
Surrey (Kwantlen Square)
Unit # 105, 12568-72 Ave, Surrey
ਸਰੀ, ਡੈਲਟਾ ਅਤੇ ਐਬਟਸਫੋਰਡ ਵਿੱਚ ਪੰਜਾਬੀ ਭਰਾਵਾਂ ਦੀ ਆਪਣੀ ਦੁਕਾਨ ਜਿੱਥੇ ਨਜ਼ਰ ਦੀਆਂ ਐਨਕਾਂ ਦਾ ਕੰਮ ਤੱਸਲੀਬਖਸ਼ ਹੁੰਦਾ ਹੈ।
ਅਸੀਂ ਆਪਣੇ ਗਾਹਕਾਂ ਦੀ ਨਜ਼ਰ ਟੈਸਟ ਫਰੀ ਕਰਦੇ ਹਾਂ।
ਵਧੇਰੇ ਜਾਣਕਾਰੀ ਲਈ ਫੋਨ ਕਰੋ
604-594-6940
Unit #105, 12568-72 Ave, Surrey
FREE
SIGHT TEST

ਸੁਪਰ ਵੀਜ਼ਾ
ਵਿਜ਼ਟਰ ਇੰਸ਼ੋਰੈਂਸ

MONEY
BACK LIFE
INSURANCE
- ਲਾਇਫ਼ ਇੰਸ਼ੋਰੈਂਸ
- ਮੋਰਟਗੇਜ ਇੰਸ਼ੋਰੈਂਸ
- ਟ੍ਰੈਵਲ ਇੰਸ਼ੋਰੈਂਸ
- ਕਰੀਟੀਕਲ ਇਲਨੈਂਸ ਇੰਸ਼ੋਰੈਂਸ
- ਡਿਸੇਬਿਲਟੀ ਇੰਸ਼ੋਰੈਂਸ
15 YEARS EXPERIENCE
Punjab Insurance Agency Inc.
ਬਰਿੰਦਰ ਸਿੰਘ ਗਿੱਲ 604-835-1212
insuranceresp@gmail.com
MOVE TO : Unit 148-32050 Cedar Lane, Abbotsford
301 - 8128, 128 St. Surrey, B.C.

# ਮਾਨਵਤਾ ਖ਼ਾਤਰ ਰੂਸ-ਯੂਕਰੇਨ ਜੰਗ ਨੂੰ ਰੋਕਣ ਦੀ ਲੋੜ




**ਖਾਸ ਰਿਪੋਰਟ**

ਯੂਕਰੇਨ ਦੇ ਰਾਸ਼ਟਰਪਤੀ ਵੋਲੋਦੀਮੀਰ ਜ਼ੇਲੈਂਸਕੀ ਨੇ ਕਿਹਾ ਹੈ ਕਿ ਯੂਕਰੇਨੀ ਪਾਵਰ ਪਲਾਂਟ ਕਿਸੇ ਨੂੰ ਨਹੀਂ ਦਿਆਂਗੇ।

ਯੂਕਰੇਨੀ ਪਾਵਰ ਪਲਾਂਟ ਸਾਡੇ ਦੇਸ਼ ਦੇ ਲੋਕਾਂ ਦੇ ਹਨ। ਓਧਰ ਪ੍ਰਸਤਾਵਤ ਜੰਗਬੰਦੀ ਦੇ ਯਤਨਾਂ ਵਿਚਾਲੇ ਰੂਸ ਅਤੇ ਯੂਕਰੇਨ ਦੀ ਜੰਗ ਤੇਜ਼ ਹੋ ਗਈ ਹੈ। ਰੂਸ ਨੇ 200 ਈਰਾਨੀ ਸ਼ਾਹਿਦ ਡ੍ਰੋਨ ਛੱਡੇ ਸਨ।ਇਸ ਦੇ ਜਵਾਬ ਵਿਚ ਯੂਕਰੇਨ ਨੇ ਰੂਸ ’ਚ 700 ਕਿੱਲੋਮੀਟਰ ਅੰਦਰ ਸਥਿਤ ਇੰਗਲਿਸ਼ ਏਅਰਬੇਸ ’ਤੇ ਡ੍ਰੋਨ ਹਮਲਾ ਕੀਤਾ ਜਿੱਥੇ ਪਰਮਾਣੂ ਸਮਰੱਥਾ ਵਾਲੇ ਜੰਗੀ ਜਹਾਜ਼ ਟੀਯੂ-160 ਤਾਇਨਾਤ ਸਨ।

ਇਸ ਦੌਰਾਨ ਰੂਸ ਅਤੇ ਯੂਕਰੇਨ ਵੱਲੋਂ 175-175 ਕੈਦੀਆਂ ਦੀ ਅਦਲਾ-ਬਦਲੀ ਕੀਤੀ ਗਈ। ਯੂਕਰੇਨ ਦੇ ਰਾਸ਼ਟਰਪਤੀ ਵੋਲੋਦੀਮੀਰ ਜ਼ੇਲੈਂਸਕੀ ਨੇ ਕਿਹਾ ਕਿ ਯੁੱਧਬੰਦੀਆਂ ਅਤੇ ਨਾਗਰਿਕਾਂ ਨੂੰ ਰਿਹਾਅ ਕਰਨਾ ਸ਼ਾਂਤੀ ਦੀ ਦਿਸ਼ਾ ਵਿਚ ਮਹੱਤਵਪੂਰਨ ਕਦਮ ਹੈ। ਅਮਰੀਕਾ ਦੇ ਰਾਸ਼ਟਰੋਤੀ ਡੋਨਾਲਡ ਟਰੰਪ ਨੇ ਆਪਣੇ ਚੋਣ ਪ੍ਰਚਾਰ ਦੌਰਾਨ 24 ਘੰਟੇ ਵਿਚ ਜੰਗ ਖ਼ਤਮ ਕਰਨ ਦਾ ਵਾਅਦਾਅਤੇ ਦਾਅਵਾ ਕੀਤਾ ਸੀ।

ਹੁਣ ਟਰੰਪ ਇਕ ਟੀਵੀ ਇੰਟਰਵੀਊ ਦੌਰਾਨ ਕਹਿ ਰਹੇ ਹਨ ਕਿ ਉਹ ਮਹਿਜ਼ ‘ਜੁਮਲਾ’ ਸੀ। ਅਠਾਰਾਂ ਮਾਰਚ ਨੂੰ ਅਮਰੀਕਾ ਦੇ ਰਾਸ਼ਟਰਪਤੀ ਟਰੰਪ ਅਤੇ ਰੂਸ ਦੇ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਦਰਮਿਆਨ ਟੈਲੀਫੋਨ ’ਤੇ ਗੱਲਬਾਤ ਇਕ ਘੰਟੇ ਤੋਂ ਜ਼ਿਆਦਾ ਸਮਾਂ ਚੱਲੀ। ਇਸ ਦੌਰਾਨ ਵ੍ਹਾਈਟ ਹਾਊਸ ਰੂਸ ’ਤੇ ਯੂਕਰੇਨ ਨਾਲ 30 ਦਿਨਾਂ ਦੀ ਆਰਜ਼ੀ ਜੰਗਬੰਦੀ ਦੇ ਪ੍ਰਸਤਾਵ ’ਤੇ ਦਸਤਖ਼ਤ ਕਰਨ ਲਈ ਦਬਾਅ ਪਾ ਰਿਹਾ ਸੀ ਜਿਸ ਦਾ ਉਦੇਸ਼ ਤਿੰਨ ਸਾਲਾਂ ਤੋਂ ਚੱਲ ਰਹੀ ਜੰਗ ਨੂੰ ਖ਼ਤਮ ਕਰਨਾ ਹੈ। ਵ੍ਹਾਈਟ ਹਾਊਸ ਅਤੇ ਕਰੈਮਲਿਨ ਨੇ ਗੱਲਬਾਤ ਦੇ ਸਾਰ ਬਾਰੇ ਤੁਰੰਤ ਕੋਈ ਵੇਰਵਾ ਨਹੀਂ ਦਿੱਤਾ ਪਰ ਦੋਵਾਂ ਧਿਰਾਂ ਨੇ ਪੁਸ਼ਟੀ ਕੀਤੀ ਕਿ ਗੱਲਬਾਤ ਖ਼ਤਮ ਹੋ ਗਈ ਹੈ। ਟਰੰਪ ਨੇ ਫੋਨ ਵਾਰਤਾ ਤੋਂ ਪਹਿਲਾਂ ਕਿਹਾ ਸੀ ਕਿ ਉਨ੍ਹਾਂ ਨੂੰ ਆਸ ਹੈ ਕਿ ਪੁਤਿਨ ਨਾਲ ਤਿੰਨ ਸਾਲਾਂ ਤੋਂ ਚੱਲ ਰਹੀ ਜੰਗ ਦੌਰਾਨ ਦੱਬੇ ਗਏ ਯੂਕਰੇਨ ਦੇ ਇਲਾਕਿਆਂ ਅਤੇ ਬਿਜਲੀ ਪਲਾਂਟਾਂ ਬਾਰੇ ਚਰਚਾ ਹੋਵੇਗੀ।

ਦੂਸਰੇ ਪਾਸੇ ਯੂਕਰੇਨ ਦੇ ਰਾਸ਼ਟਰਪਤੀ ਜ਼ੇਲੈਂਸਕੀ ਨੂੰ ਪੁਤਿਨ ਦੇ ਸ਼ਾਂਤੀ ਲਈ ਤਿਆਰ ਹੋਣ ਬਾਰੇ ਸ਼ੱਕ ਹੈ ਕਿਉਂਕਿ ਰੂਸੀ ਫ਼ੌਜ ਯੂਕਰੇਨ ’ਤੇ ਲਗਾਤਾਰ ਬੰਬਾਰੀ ਕਰ ਰਹੀ ਹੈ। ਪਿਛਲੇ ਹਫ਼ਤੇ ਯੂਕਰੇਨ ਦੇ ਅਧਿਕਾਰੀਆਂ ਨੇ ਸਾਊਦੀ ਅਰਬ ਦੇ ਸ਼ਹਿਰ ਜੱਦਾਹ ਵਿਚ ਅਮਰੀਕਾ ਦੇ ਵਿਦੇਸ਼ ਮੰਤਰੀ ਮਾਰਕੋ ਰੂਬੀਓ ਦੀ ਅਗਵਾਈ ਵਿਚ ਹੋਈ ਗੱਲਬਾਤ ਦੌਰਾਨ ਅਮਰੀਕਾ ਦੇ ਜੰਗਬੰਦੀ ਪ੍ਰਸਤਾਵ ’ਤੇ ਸਹਿਮਤੀ ਜਤਾਈ ਸੀ। ਅਮਰੀਕਾ ਅਤੇ ਰੂਸ ਦੇ ਰਾਸ਼ਟਰਪਤੀ ਵਿਚਾਲੇ ਮੰਗਲਵਾਰ ਨੂੰ ਫੋਨ ’ਤੇ ਹੋਈ ਗੱਲਬਾਤ ਨੂੰ ਕੁਝ ਘੰਟੇ ਵੀ ਨਹੀਂ ਸਨ ਹੋਏ ਕਿ ਰੂਸ ਅਤੇ ਯੂਕਰੇਨ ਨੇ ਇਕ-ਦੂਜੇ ’ਤੇ ਹਵਾਈ ਹਮਲੇ ਕਰ ਦਿੱਤੇ। ਦੋਵਾਂ ਦੇਸ਼ਾਂ ਨੇ ਊਰਜਾ ਪਲਾਂਟਾਂ ’ਤੇ ਹਮਲੇ ਰੋਕਣ ਲਈ ਨਵੇਂ ਜੰਗਬੰਦੀ ਸਮਝੌਤੇ ਦੀ ਉਲੰਘਣਾ ਕਰਨ ਦੇ ਦੋਸ਼ ਲਗਾਏ ਹਨ।

ਟਰੰਪ ਨਾਲ ਫੋਨ ਵਾਰਤਾ ਦੌਰਾਨ ਪੁਤਿਨ ਨੇ 30 ਦਿਨਾਂ ਲਈ ਪੂਰਨ ਜੰਗਬੰਦੀ ਦੇ ਮਤੇ ਨੂੰ ਰੱਦ ਕਰ ਦਿੱਤਾ ਸੀ ਪਰ ਨਾਲ ਹੀ ਉਨ੍ਹਾਂ ਕਿਹਾ ਸੀ ਕਿ ਉਹ ਸਿਰਫ਼ ਯੂਕਰੇਨ ਦੇ ਊਰਜਾ ਪਲਾਂਟਾਂ ’ਤੇ 30 ਦਿਨਾਂ ਲਈ ਹਮਲੇ ਰੋਕਣ ਬਾਰੇ ਸਹਿਮਤ ਹੋਣਗੇ। ਇਸ ਪੇਸ਼ਕਸ਼ ਨੂੰ ਯੂਕਰੇਨ ਦੇ ਰਾਸ਼ਟਰਪਤੀ ਜ਼ੇਲੈਂਸਕੀ ਨੇ ਤੁਰੰਤ ਸਵੀਕਾਰ ਕਰ ਲਿਆ।

ਇਸ ਨਾਲ ਉਮੀਦ ਜਾਗੀ ਸੀ ਕਿ ਤਿੰਨ ਸਾਲ ਤੋਂ ਚੱਲ ਰਹੇ ਰੂਸ-ਯੂਕਰੇਨ ਯੁੱਧ ਦੇ ਖ਼ਤਮ ਹੋਣ ਦਾ ਰਾਹ ਸਾਫ਼ ਹੋ ਸਕਦਾ ਹੈ। ਉਹ ਉਮੀਦ ਬੁੱਧਵਾਰ ਨੂੰ ਉਦੋਂ ਟੁੱਟ ਗਈ ਜਦੋਂ ਰੂਸ ਤੇ ਯੂਕਰੇਨ ਨੇ ਇਕ-ਦੂਜੇ ’ਤੇ ਡ੍ਰੋਨ ਹਮਲੇ ਦੇ ਦੋਸ਼ ਲਾਏ। ਕੀਵ ਨੇ ਮਾਸਕੋ ’ਤੇ 178 ਡ੍ਰੋਨ ਹਮਲਿਆਂ ਦਾ ਦੋਸ਼ ਲਾਇਆ ਪਰ ਰੂਸ ਨੇ ਤੇਲ ਰਿਫਾਈਨਰੀ ਨੂੰ ਹਮਲੇ ਦੌਰਾਨ ਅੱਗ ਲੱਗਣ ਅਤੇ ਰੂਸੀ ਫ਼ੌਜ ਨੇ ਕੁਰਕਸ ’ਚ ਕਈ ਇਲਾਕਿਆਂ ਦਾ ਵੱਡਾ ਹਿੱਸਾ ਆਪਣੇ ਕਬਜ਼ੇ ਵਿਚ ਲੈਣ ਦਾ ਦਾਅਵਾ ਕੀਤਾ। ਪੁਤਿਨ ਵੱਲੋਂ ਯੂਕਰੇਨ ਦੇ ਊਰਜਾ ਢਾਂਚੇ ’ਤੇ 30 ਦਿਨਾਂ ਲਈ ਹਮਲੇ ਰੋਕਣ ਦਾ ਫ਼ੈਸਲਾ ਸ਼ਲਾਘਾਯੋਗ ਹੈ ਪਰ ਟਕਰਾਅ ਘਟਾਉਣ ਅਤੇ ਸਥਾਈ ਸ਼ਾਂਤੀ ਵੱਲ ਵਧਾਇਆ ਕਦਮ ਕੀ ਜੰਗ ਰੋਕਣ ਵਿਚ ਕਾਮਯਾਬ ਹੋ ਸਕੇਗਾ? ਇਹ ਵੱਡਾ ਸਵਾਲ ਹੈ।

ਸਾਫ਼ ਦਿਸ ਰਿਹਾ ਹੈ ਕਿ ਹਾਲਾਤ ਕਾਫ਼ੀ ਗੁੰਝਲਦਾਰ ਹਨ ਕਿਉਂਕਿ ਰੂਸ ਦੇ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਅਜਿਹੀਆਂ ਸ਼ਰਤਾਂ ਰੱਖ ਰਹੇ ਹਨ ਜੋ ਸਿਰਫ਼ ਮਾਸਕੋ ਦਾ ਹੀ ਹਿੱਤ ਪੂਰਦੀਆਂ ਹਨ। ਯੂਕਰੇਨ ਦੀ ਖ਼ੁਦਮੁਖਤਾਰੀ ਅਤੇ ਖੇਤਰੀ ਸਥਿਰਤਾ ਦੀ ਰਾਖੀ ਲਈ ਕੂਟਨੀਤੀ ਨੂੰ ਅਜਿਹੀ ਆਰਜ਼ੀ ਜੰਗਬੰਦੀ ਤੋਂ ਅਗਾਂਹ ਸੋਚਣਾ ਪਵੇਗਾ।

ਰੂਸ ਨੇ ਜੰਗ ਦੀ ਤੀਜੀ ਵਰ੍ਹੇਗੰਢ ਮੌਕੇ ਯੂਕਰੇਨ ਉੱਤੇ ਹਮਲੇ ਤੇਜ਼ ਕਰ ਕੇ ਸੰਕੇਤ ਦੇ ਦਿੱਤੇ ਹਨ ਕਿ ਉਹ ਯੂਕਰੇਨੀ ਸ਼ਰਤਾਂ ਤਹਿਤ ਜੰਗਬੰਦੀ ਸਮਝੌਤੇ ਲਈ ਰਾਜ਼ੀ ਨਹੀਂ ਹੈ।

ਸੋ, ਨੇੜ ਭਵਿੱਖ ਵਿਚ ਇਸ ਜੰਗ ਦਾ ਹਾਂ-ਪੱਖੀ ਨਬੇੜਾ ਨਜ਼ਰ ਨਹੀਂ ਆ ਰਿਹਾ। ਇਸ ਦੇ ਕਈ ਕਾਰਨ ਹਨ ਜਿਨ੍ਹਾਂ ਕਰ ਕੇ ਇਹ ਜੰਗ ਹੋਰ ਲਟਕ ਸਕਦੀ ਹੈ ਅਤੇ ਹੋਰ ਭਿਆਨਕ ਬਣ ਸਕਦੀ ਹੈ। ਡੋਨਾਲਡ ਟਰੰਪ ਇਸ ਜੰਗ ਨੂੰ ਖ਼ਤਮ ਕਰਨ ਲਈ ਕਾਹਲੇ ਹਨ ਅਤੇ ਯੂਕਰੇਨ ਨੂੰ ਜੰਗ ਦੀ ਸਮਾਪਤੀ ਲਈ ਕਾਫ਼ੀ ਕੁਝ ਮਨਵਾ ਵੀ ਚੁੱਕੇ ਹਨ ਪਰ ਉਨ੍ਹਾਂ ਦਾ ਜਿੰਨਾ ਜ਼ੋਰ ਯੂਕਰੇਨ ’ਤੇ ਚੱਲਦਾ ਹੈ, ਓਨਾ ਰੂਸ ’ਤੇ ਨਹੀਂ ਚੱਲਦਾ। ਸਾਰੀ ਦੁਨੀਆ ਇਸ ਗੱਲ ਦੀ ਗਵਾਹ ਬਣੀ ਜਦ ਜ਼ੇਲੈਂਸਕੀ ਟਰੰਪ ਨੂੰ ਮਿਲਣ ਵ੍ਹਾਈਟ ਹਾਊਸ ਪੁੱਜੇ ਤੇ ਜੰਗਬੰਦੀ ਬਾਰੇ ਦੋਵਾਂ ਦੀ ਤਲਖ਼ਕਲਾਮੀ ਹੋ ਗਈ।

ਉਦੋਂ ਟਰੰਪ ਨੇ ਜ਼ੇਲੈਂਸਕੀ ਦੀ ਕਾਫ਼ੀ ਝਾੜਝੰਬ ਕੀਤੀ ਸੀ ਤੇ ਉਸ ਨੂੰ ਮੂਰਖ ਰਾਸ਼ਟਰਪਤੀ ਤੱਕ ਕਹਿ ਦਿੱਤਾ ਸੀ ਤੇ ਬਿਨਾਂ ਕੁਝ ਖੁਆਏ-ਪਿਆਏ ਵ੍ਹਾਈਟ ਹਾਊਸ ’ਚੋਂ ਨਿਕਲ ਜਾਣ ਲਈ ਕਹਿ ਦਿੱਤਾ ਸੀ। ਯੂਰਪੀ ਦੇਸ਼ਾਂ ਦੀ ਸ਼ਹਿ ਦੇ ਬਾਵਜੂਦ ਜ਼ੇਲੈਂਸਕੀ ਨੂੰ ਬਾਅਦ ਵਿਚ ਆਪਣਾ ਰੁਖ਼ ਨਰਮ ਕਰਨਾ ਪਿਆ ਸੀ ਤੇ ਟਰੰਪ ਨੂੰ ਜੰਗਬੰਦੀ ਬਾਬਤ ਕਦਮ ਅੱਗੇ ਵਧਾਉਣ ਲਈ ਹਰੀ ਝੰਡੀ ਦੇ ਦਿੱਤੀ ਸੀ।

ਦੂਜੇ ਪਾਸੇ ਰੂਸ ਆਪਣੀਆਂ ਪਹਿਲਾਂ ਵਾਲੀਆਂ ਸ਼ਰਤਾਂ ’ਤੇ ਡਟਿਆ ਹੋਇਆ ਹੈ ਅਤੇ ਜੰਗ ’ਚ ਉਸਦਾ ਹੱਥ ਉੱਪਰ ਹੈ। ਰੂਸ ਸਥਿਰ ਅਮਨ ਚਾਹੁੰਦਾ ਹੈ। ਰੂਸ ਤਾਂ ਅਮਰੀਕਾ ਤੇ ਉਸ ਦੇ ਸਹਿਯੋਗੀਆਂ ਤੋਂ ਯੂਕਰੇਨ ਨੂੰ ਫ਼ੌਜੀ ਅਤੇ ਖ਼ੁਫ਼ੀਆ ਸੂਚਨਾਵਾਂ ਉਪਲਬਧ ਕਰਵਾਉਣੀਆਂ ਪੂਰੀ ਤਰ੍ਹਾਂ ਬੰਦ ਕਰਨ ਦੀ ਮੰਗ ਕਰ ਰਿਹਾ ਹੈ। ਜਦਕਿ ਯੂਕਰੇਨ ਆਪਣੇ ਤਮਾਮ ਖੇਤਰਾਂ ਵਿੱਚੋਂ ਰੂਸੀ ਫ਼ੌਜਾਂ ਕੱਢਣ ਅਤੇ ਯੂਕਰੇਨ ਨੂੰ ਰੂਸ ਤੋਂ ਸੁਰੱਖਿਆ ਗਾਰੰਟੀ ਦੇਣ ਦੀ ਸ਼ਰਤ ਰੱਖ ਰਿਹਾ ਹੈ। ਓਧਰ ਯੂਕਰੇਨ ਨੂੰ ਲੈ ਕੇ ਹਾਲਾਤ ਬਹੁਤ ਗੰਭੀਰ ਹੁੰਦੇ ਜਾ ਰਹੇ ਹਨ। ਰੂਸ, ਅਮਰੀਕਾ ਤੇ ਯੂਕਰੇਨ ਤੋਂ ਇਲਾਵਾ ਯੂਰਪ ਮਜ਼ਬੂਤ ਧਿਰ ਬਣ ਕੇ ਉੱਭਰਿਆ ਹੈ। ਜੰਗਬੰਦੀ ਦੀਆਂ ਕਿਆਸ ਅਰਾਈਆਂ ਵਿਚਕਾਰ ਫਰਾਂਸ ਤੇ ਬ੍ਰਿਟੇਨ ਨੇ ਯੁੱਧ ਰੁਕਣ ’ਤੇ ਯੂਕਰੇਨ ’ਚ ਸ਼ਾਂਤੀ ਸੈਨਿਕਾਂ ਦੀ ਤਾਇਨਾਤੀ ਦਾ ਐਲਾਨ ਕੀਤਾ ਹੈ। ਇਹ ਸ਼ਾਂਤੀ ਸੈਨਿਕ 25 ਤੋਂ ਜ਼ਿਆਦਾ ਦੇਸ਼ਾਂ ਦੇ ਹੋਣਗੇ।

ਰੂਸ ਤੇ ਯੂਕਰੇਨ ਵਿਚਾਲੇ ਸਿੱਧੀ ਗੱਲਬਾਤ ਨਾ ਹੋਣ ਕਾਰਨ ਮੌਜੂਦਾ ਸਮੇਂ ਕਿਸੇ ਵੀ ਕੋਲ ਕੋਈ ਸਪਸ਼ਟ ਯੋਜਨਾ ਨਹੀਂ ਹੈ ਜੋ ਦੋਵਾਂ ਪੱਖਾਂ ਦੇ ਹਾਲਾਤ ਬਾਰੇ ਵਿਚਾਰ ਕਰੇ। ਰੂਸ ਤੇ ਨਾ ਹੀ ਯੂਕਰੇਨ ਨੇ ਸ਼ਾਂਤੀ ਵਾਰਤਾ ਲਈ ਕਿਸੇ ਵਿਸ਼ੇਸ਼ ਪ੍ਰਤਨਿਧ ਨੂੰ ਨਿਯੁਕਤ ਕੀਤਾ ਹੈ।

ਇਹ ਸਥਿਤੀ ਹੋਰ ਵੀ ਕਠਿਨ ਹੈ। ਇਹ ਮੁੱਦੇ ਬਹੁਤ ਹੀ ਜਟਿਲ ਅਤੇ ਸੰਵੇਦਨਸ਼ੀਲ ਹਨ। ਇਸ ਲਈ ਦੋਵਾਂ ਦੇਸ਼ਾਂ ਲਈ ਸਹਿਮਤੀ ਦੀ ਜ਼ਰੂਰਤ ਹੋਵੇਗੀ ਪ੍ਰੰਤੂ ਇਹ ਬਹੁਤ ਕਠਿਨ ਹੋਵੇਗਾ ਕਿ ਦੋਵੇਂ ਦੇਸ਼ ਬਹੁਤ ਜ਼ਿਆਦਾ ਹਿੰਸਕ ਯੁੱਧ ਲੜ ਰਹੇ ਹਨ ਅਤੇ ਉਨ੍ਹਾਂ ਨੂੰ ਸਖ਼ਤ ਸਮਝੌਤੇ ਕਰਨੇ ਹੋਣਗੇ। ਸ਼ਾਂਤੀ ਲਈ ਪੂਰੀ ਯੋਜਨਾ ਬਣਾਉਣ ਲਈ ਰੂਸ ਅਤੇ ਯੂਕਰੇਨ ਨੂੰ ਸਿੱਧੀ ਗੱਲਬਾਤ ਕਰਨੀ ਚਾਹੀਦੀ ਹੈ, ਤਾਂ ਹੀ ਕੋਈ ਹੱਲ ਨਿਕਲੇਗਾ।

ਮੰਨਿਆ ਜਾ ਰਿਹਾ ਹੈ ਕਿ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੀ ਰੂਸ ਦੇ ਰਾਸ਼ਟਰਪਤੀ ਪੁਤਿਨ ਨਾਲ ਫੋਨ ਵਾਰਤਾ ਜੰਗਬੰਦੀ ਦੀ ਦਿਸ਼ਾ ਵਿਚ ਪਹਿਲਾ ਕਦਮ ਹੈ ਅਤੇ ਇਸ ਦੇ ਬਿਹਤਰ ਨਤੀਜੇ ਨਿਕਲਣਗੇ।

ਪ੍ਰੰਤੂ ਅਮਰੀਕਾ ਲਈ ਰੂਸ ਦੀਆਂ ਸ਼ਰਤਾਂ ਨੂੰ ਮੰਨਣਾ ਆਸਾਨ ਨਹੀਂ ਹੋਵੇਗਾ। ਉਹ ਨਾਟੋ ਦੇ ਦੂਸਰੇ ਮੈਂਬਰ ਦੇਸ਼ਾਂ ’ਤੇ ਕਿਸ ਤਰ੍ਹਾਂ ਦਬਾਅ ਬਣਾ ਸਕਦਾ ਹੈ ਕਿ ਉਹ ਯੂਕਰੇਨ ਨੂੰ ਫ਼ੌਜੀ ਸਹਾਇਤਾ ਅਤੇ ਗੁਪਤ ਜਾਣਕਾਰੀਆਂ ਉਪਲਬਧ ਕਰਵਾਉਣ ’ਤੇ ਪੂਰੀ ਤਰ੍ਹਾਂ ਰੋਕ ਲਗਾ ਦੇਣ। ਇਹ ਇਕ ਤਰ੍ਹਾਂ ਨਾਲ ਰੂਸ ਦੇ ਸਾਹਮਣੇ ਸਮਰਪਣ ਕਰਨ ਵਰਗਾ ਹੋਵੇਗਾ। ਇਹ ਟਰੰਪ ਵੀ ਨਹੀਂ ਕਰਨਾ ਚਾਹੁਣਗੇ। ਇਸ ਤਿੰਨ ਸਾਲ ਲੰਬੀ ਅਤੇ ਭਿਆਨਕ ਜੰਗ ਵਿਚ ਕਾਫ਼ੀ ਖ਼ੂਨ ਡੁੱਲ੍ਹ ਚੁੱਕਾ ਹੈ, ਬਹੁਤ ਕੁਝ ਤਬਾਹ ਹੋ ਗਿਆ ਹੈ। ਪ੍ਰਸਤਾਵਤ ਜੰਗਬੰਦੀ ਨੂੰ ਸੁਹਿਰਦਤਾ ਤੇ ਸੰਜੀਦਗੀ ਨਾਲ ਲਾਗੂ ਕਰਦੇ ਹੋਏ ਮਾਨਵਤਾ ਖ਼ਾਤਰ ਇਸ ਜੰਗ ਨੂੰ ਰੋਕਿਆ ਜਾਣਾ ਚਾਹੀਦਾ ਹੈ।

SINCE : 2007
ਕੈਨੇਡੀਅਨ ਪੰਜਾਬ ਟਾਈਮਜ਼ ਸੱਚ ਅਤੇ ਨਿਰਪੱਖ ਸੋਚ
CANADIAN PUNJAB TIMES
ਪਾਠਕਾਂ ਦੇ ਵਿਸ਼ਵਾਸ਼ ਦਾ 18 ਵਾਂ ਸਾਲ



24 ਘੰਟੇ ਆਨਲਾਈਨ ਪੜ੍ਹੋ
www.thepunjabtimes.ca
ਲੇਖ ਅਤੇ ਚਲੰਤ ਮਸਲੇ

ਜੇਕਰ ਤੁਸੀਂ ਆਪਣੇ ਵਪਾਰ ਨੂੰ ਵਧਾਉਣਾ ਚਾਹੁੰਦੇ ਹੋ
ਤਾਂ ਅੱਜ ਹੀ ਸਾਡੇ ਨਾਲ ਜੁੜੋ

It's Time To Grow Your Business
Advertise with us...

ਕੈਨੇਡੀਅਨ ਪੰਜਾਬ ਟਾਈਮਜ਼ ਸੱਚ ਅਤੇ ਨਿਰਪੱਖ ਸੋਚ

: canadianpunjabtimes@gmail.com
Contact : 604-338-7310

# ਕਿਸਾਨਾਂ ਦਾ ਸੰਘਰਸ਼, ਸਟੇਟ ਦਾ ਡੰਡਾ ਪੰਜਾਬ ਸਰਕਾਰ 'ਤੇ ਸਵਾਲ

- ਕੀ 'ਆਪ' ਅਤੇ ਭਾਜਪਾ ਕਾਰਪੋਰੇਟਾਂ ਲਈ ਇੱਕਜੁੱਟ ਨੇ ?
- ਕੀ ਇਹ ਦਮਨ ਕਿਸਾਨਾਂ ਨੂੰ ਚੁੱਪ ਕਰਵਾ ਦੇਵੇਗਾ, ਜਾਂ ਇਹ ਕਿਸਾਨਾਂ ਦੀ ਲੜਾਈ ਨੂੰ ਨਵੀਂ ਤਾਕਤ ਦੇਵੇਗਾ?

**ਖਾਸ ਰਿਪੋਰਟ**

ਪੰਜਾਬ ਵਿੱਚ ਕਿਸਾਨ ਵਿਰੋਧ ਦਾ ਇੱਕ ਨਵਾਂ ਤੂਫ਼ਾਨ ਉੱਠਿਆ ਹੈ। ਹਿਰਾਸਤ ਵਿੱਚ ਲਏ ਕਿਸਾਨ ਆਗੂਆਂ ਨੇ ਭੁੱਖ ਹੜਤਾਲ ਸ਼ੁਰੂ ਕਰ ਦਿੱਤੀ ਹੈ, ਜਦੋਂ ਕਿ ਸੰਯੁਕਤ ਕਿਸਾਨ ਮੋਰਚਾ ਦੇ ਸੰਗਠਨਾਂ ਨੇ ਭਾਜਪਾ ਅਤੇ 'ਆਪ' 'ਤੇ ਕਾਰਪੋਰੇਟ ਹਿੱਤਾਂ ਦੀ ਰਾਖੀ ਕਰਨ ਦੇ ਸਨਸਨੀਖੇਜ਼ ਦੋਸ਼ ਲਗਾਏ ਹਨ। ਇਹ ਦੋਸ਼ ਉਦੋਂ ਲਗਾਇਆ ਗਿਆ ਹੈ ਜਦੋਂ ਪੰਜਾਬ ਦੀ 'ਆਪ' ਸਰਕਾਰ ਨੇ ਹਾਲ ਹੀ ਵਿੱਚ ਕਿਸਾਨ ਆਗੂਆਂ ਵਿਰੁੱਧ ਵੱਡੀ ਕਾਰਵਾਈ ਕੀਤੀ ਹੈ। ਸੰਘਰਸ਼ ਨੂੰ ਸਟੇਟ ਦੇ ਡੰਡੇ ਨਾਲ ਦਬਾਉਣ ਦੀ ਕੋਸ਼ਿਸ਼ ਕੀਤੀ।ਕਿਸਾਨਾਂ ਵਲੋਂ ਦੋਸ਼ ਲਗੇ ਕਿ ਉਨ੍ਹਾਂ ਦੀਆਂ ਗ੍ਰਿਫਤਾਰੀਆਂ ਬਾਅਦ ਉਨ੍ਹਾਂ ਦੇ ਕੈਂਪਾਂ ਵਿਚਲੇ ਸਮਾਨ ਦੀ ਲੁਟਮਾਰ ਹੋਈ ਹੈ। ਕਿਸਾਨਾਂ ਦੇ ਬਣਾਏ ਸ਼ੈਡਾਂ ਨੂੰ ਬੁਲਡੋਜਰਾਂ ਦੇ ਨਾਲ ਤਹਿਸ ਨਹਿਸ ਕਰ ਦਿੱਤਾ ਗਿਆ ਸੀ ਅਤੇ ਉਨ੍ਹਾਂ ਦੇ ਕਈ ਟਰੈਕਟਰਾਂ ਨੂੰ ਜ਼ਬਤ ਕਰ ਲਿਆ ਗਿਆ ਸੀ। ਜਿਸ ਤੋਂ ਬਾਅਦ ਇੱਕ ਵੀਡੀਓ ਸੋਸ਼ਲ ਮੀਡੀਆ 'ਤੇ ਕਾਫੀ ਵਾਇਰਲ ਹੋ ਰਹੀ ਹੈ ਜਿਸ ਵਿੱਚ ਕਿਹਾ ਜਾ ਰਿਹਾ ਹੈ ਕਿ ਆਮ ਪਾਰਟੀ ਦਾ ਐਮ ਐਲਏ ਗੁਰਲਾਲ ਸਿੰਘ ਘਨੌਰ ਦੇ ਘਰੋਂ ਕਿਸਾਨਾਂ ਦੇ ਟਰੈਕਟਰ ਟਰਾਲੀਆਂ ਬਰਾਮਦ ਹੋਈਆਂ ਹਨ। ਇਸ ਮਾਮਲੇ ਨੂੰ ਲੈ ਕੇ ਕਾਂਗਰਸ ਦੇ ਵਿਧਾਇਕ ਸੁਖਪਾਲ ਸਿੰਘ ਖਹਿਰਾ ਨੇ ਪੰਜਾਬ ਸਰਕਾਰ ਅਤੇ ਗੁਰਲਾਲ ਸਿੰਘ ਘਨੌਰ 'ਤੇ ਨਿਸ਼ਾਨਾ ਸਾਧਦਿਆਂ ਖਹਿਰਾ ਨੇ ਕਿਹਾ ਸੀ ਕਿ ਮੈਂ ਭਗਵੰਤ ਮਾਨ ਅਤੇ ਡੀਜੀਪੀ ਪੰਜਾਬ ਪੁਲਿਸ ਨੂੰ ਬੇਨਤੀ ਕਰਦਾ ਹਾਂ ਕਿ ਉਹ ਕਿਸਾਨ ਅੰਦੋਲਨ ਤੋਂ ਕਿਸਾਨਾਂ ਦੇ ਟਰੈਕਟਰ-ਟਰਾਲੀਆਂ ਚੋਰੀ ਕਰਨ ਦੇ ਮਾਮਲੇ ਵਿੱਚ ਆਮ ਆਦਮੀ ਪਾਰਟੀ ਦੇ ਵਿਧਾਇਕ ਗੁਰਲਾਲ ਸਿੰਘ ਘਨੌਰ ਵਿਰੁੱਧ ਕੇਸ ਦਰਜ ਕਰਨ।ਖਹਿਰਾ ਨੇ ਕਿਹਾ ਕਿ ਮੈਂ ਉਨ੍ਹਾਂ ਪੁਲਿਸ ਅਧਿਕਾਰੀਆਂ ਵਿਰੁੱਧ ਵੀ ਅਪਰਾਧਿਕ ਕਾਰਵਾਈ ਦੀ ਮੰਗ ਕਰਦਾ ਹਾਂ ਜਿਨ੍ਹਾਂ ਨੇ ਅਸਥਾਈ ਵਿਰੋਧ ਪ੍ਰਦਰਸ਼ਨ ਦੇ ਢਾਂਚੇ ਨੂੰ ਢਾਹ ਦਿੱਤਾ ਅਤੇ ਕਿਸਾਨਾਂ ਦੇ ਬਹੁਤ ਸਾਰੇ ਉਪਕਰਣ ਚੋਰੀ ਕਰ ਲਏ। ਖਹਿਰਾ ਨੇ ਕਿਹਾ ਕਿ ਇਸ ਲਈ ਮੈਂ ਕਹਿੰਦਾ ਹਾਂ ਕਿ ਭਗਵੰਤ ਮਾਨ ਨੇ ਪੰਜਾਬ ਨੂੰ ਪੁਲਿਸ ਰਾਜ ਵਿੱਚ ਬਦਲ ਦਿੱਤਾ ਹੈ ।

ਕਿਸਾਨਾਂ ਦਾ ਕਹਿਣਾ ਹੈ ਕਿ ਘੱਟੋ-ਘੱਟ ਸਮਰਥਨ ਮੁੱਲ ਦੀ ਮੰਗ ਲਈ ਚੱਲ ਰਿਹਾ ਇਹ ਸੰਘਰਸ਼ ਹੁਣ ਸਿਰਫ਼ ਖੇਤਾਂ ਦੀ ਲੜਾਈ ਨਹੀਂ ਰਿਹਾ, ਸਗੋਂ ਸਰਕਾਰ ਅਤੇ ਕਿਰਤੀਆਂ ਵਿਚਕਾਰ ਜੰਗ ਬਣ ਗਿਆ ਹੈ।

ਇਥੇ ਜ਼ਿਕਰਯੋਗ ਹੈ ਕਿ 19 ਮਾਰਚ ਨੂੰ ਕੇਂਦਰੀ ਖੇਤੀਬਾੜੀ ਮੰਤਰੀ ਸ਼ਿਵਰਾਜ ਸਿੰਘ ਚੌਹਾਨ ਨਾਲ ਐਮਐਸਪੀ ਨੂੰ ਕਾਨੂੰਨੀ ਦਰਜਾ ਦੇਣ ਵਰਗੇ ਮੁੱਦਿਆਂ 'ਤੇ ਚਰਚਾ ਕਰਨ ਲਈ ਹੋਈ ਮੀਟਿੰਗ ਤੋਂ ਬਾਅਦ 28 ਕਿਸਾਨ ਆਗੂਆਂ ਦੀ ਗ੍ਰਿਫ਼ਤਾਰੀ ਨੇ ਪੂਰੇ ਦੇਸ਼ ਨੂੰ ਹਿਲਾ ਕੇ ਰੱਖ ਦਿੱਤਾ ਸੀ। ਸੰਯੁਕਤ ਕਿਸਾਨ ਮੋਰਚਾ ਅਤੇ ਸੰਯੁਕਤ ਕਿਸਾਨ ਮੋਰਚਾ ਤੇ ਗੈਰ-ਰਾਜਨੀਤਿਕ ਨੇ ਕੇਂਦਰ ਦੀ ਭਾਜਪਾ ਸਰਕਾਰ ਅਤੇ ਪੰਜਾਬ ਦੀ 'ਆਪ' ਸਰਕਾਰ 'ਤੇ ਕਾਰਪੋਰੇਟ ਹਿੱਤਾਂ ਦੀ ਰਾਖੀ ਲਈ ਇਕੱਠੇ ਹੋਣ ਦੇ ਗੰਭੀਰ ਦੋਸ਼ ਲਗਾਏ ਹਨ।

ਭਾਰਤੀ ਕਿਸਾਨ ਯੂਨੀਅਨ (ਏਕਤਾ-ਸਿੱਧੂਪੁਰ) ਦੇ ਬੁਲਾਰੇ ਗੁਰਦੀਪ ਸਿੰਘ ਚਾਹਲ ਅਨੁਸਾਰ ਡਲੇਵਾਲ, ਸਰਵਣ ਸਿੰਘ ਪੰਧੇਰ ਸਮੇਤ 28 ਆਗੂ ਪੁਲਿਸ ਹਿਰਾਸਤ ਵਿੱਚ ਭੁੱਖ ਹੜਤਾਲ 'ਤੇ ਹਨ।' ਜਿਵੇਂ ਹੀ ਉਹ ਚੰਡੀਗੜ੍ਹ ਤੋਂ ਪੰਜਾਬ ਵਿੱਚ ਦਾਖਲ ਹੋਇਆ, ਉਸਨੂੰ ਪੰਜਾਬ ਪੁਲਿਸ ਨੇ ਹਿਰਾਸਤ ਵਿੱਚ ਲੈ ਲਿਆ। ਸ਼ੰਭੂ ਬਾਰਡਰ 'ਤੇ ਕਿਸਾਨੀ ਕੈਂਪ ਨੂੰ ਬੁਲਡੋਜਰਾਂ ਨਾਲ ਪੂਰੀ ਤਰ੍ਹਾਂ ਢਾਹ ਦਿੱਤਾ ਗਿਆ। ਸੈਂਕੜੇ ਕਾਰਕੁਨ ਹਿਰਾਸਤ ਵਿੱਚ ਹਨ। ਇਸ ਦਮਨ ਨੂੰ ਬਸਤੀਵਾਦੀ ਦੌਰ ਨਾਲੋਂ ਵੀ ਵੱਧ ਬੇਰਹਿਮ ਦੱਸਦਿਆਂ, ਉਨ੍ਹਾਂ ਭਾਜਪਾ ਅਤੇ 'ਆਪ' 'ਤੇ ਕਿਸਾਨਾਂ ਵਿਰੁੱਧ ਸਾਜ਼ਿਸ਼ ਰਚਣ ਦਾ ਦੋਸ਼ ਲਗਾਇਆ। ਐਸਕੇਐਮ ਦੇ ਅਧਿਕਾਰੀ ਅਤੇ ਭਾਰਤੀ ਕਿਸਾਨ ਯੂਨੀਅਨ (ਏਕਤਾ ਉਗਰਾਹਾਂ) ਦੇ ਕੋਆਰਡੀਨੇਟਰ ਪਾਵੇਲ ਕੁੱਸਾ ਨੇ ਕਿਹਾ ਕਿ ਹੁਣ ਤੱਕ 'ਆਪ' ਦਾਅਵਾ ਕਰਦੀ ਸੀ ਕਿ ਉਹ ਭਾਜਪਾ ਤੋਂ ਵੱਖ ਹੈ, ਪਰ ਇਸ ਦਮਨ ਨੇ ਸਪੱਸ਼ਟ ਕਰ ਦਿੱਤਾ ਕਿ ਦੋਵੇਂ ਕਾਰਪੋਰੇਟ ਹਿੱਤਾਂ ਦੀ ਰਾਖੀ ਲਈ ਇਕੱਠੇ ਹਨ।

ਸੰਯੁਕਤ ਕਿਸਾਨ ਮੋਰਚਾ-ਗੈਰ-ਰਾਜਨੀਤਿਕ ਅਤੇ ਕਿਸਾਨ ਮਜ਼ਦੂਰ ਮੋਰਚਾ,ਸ਼੍ਰੋਮਣੀ ਅਕਾਲੀ ਦਲ, ਕਾਂਗਰਸ ,ਬਸਪਾ ਨੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ 'ਤੇ ਤਿੱਖਾ ਹਮਲਾ ਕਰਦਿਆਂ ਕਿਹਾ ਗਿਆ ਹੈ ਕਿ ਮੀਟਿੰਗ ਲਈ ਬੁਲਾਏ ਗਏ ਆਗੂਆਂ ਨੂੰ ਗ੍ਰਿਫ਼ਤਾਰ ਕਰਨਾ ਸਰਕਾਰ ਦੇ ਵਿਸ਼ਵਾਸਘਾਤ ਦਾ ਸਬੂਤ ਹੈ।

ਬਹੁਜਨ ਸਮਾਜ ਪਾਰਟੀ ਪੰਜਾਬ ਦੇ ਪ੍ਰਧਾਨ ਡਾ. ਅਵਤਾਰ ਸਿੰਘ ਕਰੀਮਪੁਰੀ ਨੇ ਕਿਹਾ ਕਿ ਕਿਸਾਨਾਂ ਨੂੰ ਦਿੱਲੀ ਜਾਣ ਤੋਂ ਰੋਕਣ ਲਈ ਕੇਂਦਰ ਦੇ ਇਸ਼ਾਰੇ 'ਤੇ ਹਰਿਆਣਾ ਦੀ ਭਾਜਪਾ ਸਰਕਾਰ ਅਤੇ ਪੰਜਾਬ ਦੀ 'ਆਪ' ਸਰਕਾਰ ਨੇ ਤਰ੍ਹਾਂ-ਤਰ੍ਹਾਂ ਦੇ ਹੱਥਕੰਡੇ ਅਪਣਾ ਕੇ ਕਿਸਾਨਾਂ 'ਤੇ ਜ਼ੁਲਮ ਕੀਤੇ ਹਨ।

ਪੰਜਾਬ ਦੇ ਸਾਬਕਾ ਉੱਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਪੰਜਾਬ ਸਰਕਾਰ ਗ੍ਰਿਫ਼ਤਾਰ ਕੀਤੇ ਕਿਸਾਨਾਂ ਨੂੰ ਤੁਰੰਤ ਰਿਹਾਅ ਕਰੇ ਅਤੇ ਉਹਨਾਂ ਦੀਆਂ ਮੰਗਾਂ ਨੂੰ ਪ੍ਰਵਾਨ ਕਰੇ।" ਪੰਜਾਬ ਦੇ ਸਾਬਕਾ ਕੈਬਨਿਟ ਮੰਤਰੀ ਤੇ ਕਾਂਗਰਸੀ ਆਗੂ ਪਰਗਟ ਸਿੰਘ ਨੇ ਸਰਕਾਰ ਦੀ ਕਾਰਵਾਈ ਨੂੰ ਕਿਸਾਨਾਂ ਦੀ ਪਿੱਠ ਤੇ ਛੁਰਾ ਮਾਰਨਾ ਦੱਸਿਆ ਗਿਆ ਹੈ।

ਪੰਜਾਬ ਦੇ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਵੀ ਕਿਸਾਨਾਂ ਦੀਆਂ ਗ੍ਰਿਫਤਾਰੀਆਂ ਦਾ ਵਿਰੋਧ ਕੀਤਾ ਹੈ।ਚਰਨਜੀਤ ਚੰਨੀ ਨੇ ਕਿਹਾ, "ਮੁੱਖ ਮੰਤਰੀ ਭਗਵੰਤ ਮਾਨ ਦਿੱਲੀ ਵਿੱਚ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੂੰ ਮਿਲ ਕੇ ਗਏ ਹਨ। ਉਸ ਤੋਂ ਬਾਅਦ ਅਮਿਤ ਸ਼ਾਹ ਦੀਆਂ ਨੀਤੀਆਂ ਤਹਿਤ ਕਿਸਾਨਾਂ ਖਿਲਾਫ ਐਕਸ਼ਨ ਕੀਤਾ ਗਿਆ । ਅੱਜ ਮੈਨੂੰ ਅਫਸੋਸ ਨਾਲ ਕਹਿਣਾ ਪੈ ਰਿਹਾ ਹੈ ਕਿ ਭਗਵੰਤ ਮਾਨ ਨੇ ਕੇਂਦਰ ਅੱਗੇ ਗੋਡੇ ਟੇਕ ਦਿੱਤੇ ਹਨ। ਦੂਜੇ ਪਾਸੇ ਪੰਜਾਬ ਦੇ ਸਪੀਕਰ ਕੁਲਤਾਰ ਸਿੰਘ ਸੰਧਵਾ ਨੇ ਪੰਜਾਬ ਪੁਲਿਸ ਦੀ ਕਾਰਵਾਈ ਨੂੰ ਸਹੀਂ ਠਹਿਰਾਉਂਦਿਆਂ ਕਿਹਾ ਕਿ ਸੜਕ ਦੇ ਬੰਦ ਹੋਣ ਕਾਰਨ ਪੰਜਾਬ ਦਾ ਨੁਕਸਾਨ ਹੋ ਰਿਹਾ ਸੀ।ਉਨ੍ਹਾਂ ਕਿਹਾ ਕਿ ਬਾਰਡਰ ਦਾ ਬੰਦ ਹੋਣਾ, ਕਾਰੋਬਰ ਦੇ ਰਾਹ ਬੰਦ ਕਰਦੇ ਹੋਏ ਵਿੱਤੀ ਢਾਹ ਲਗਾ ਰਿਹਾ ਸੀ। ਕਿਸਾਨ ਆਗੂਆਂ ਦਾ ਮੰਨਣਾ ਹੈ ਕਿ ਇਹ ਘਟਨਾ ਸਿਰਫ਼ ਗ੍ਰਿਫ਼ਤਾਰੀਆਂ ਦੀ ਕਹਾਣੀ ਨਹੀਂ ਹੈ, ਸਗੋਂ ਇਹ ਸੱਤਾ ਅਤੇ ਕਾਰਪੋਰੇਟ ਤਾਕਤਾਂ ਵਿਚਕਾਰ ਡੂੰਘੇ ਗੱਠਜੋੜ ਨੂੰ ਉਜਾਗਰ ਕਰਦੀ ਹੈ। ਐਮਐਸਪੀ ਨੂੰ ਕਾਨੂੰਨੀ ਦਰਜਾ ਕਿਸਾਨਾਂ ਦੀ ਰੋਜ਼ੀ-ਰੋਟੀ ਦੀ ਗਰੰਟੀ ਦਿੰਦਾ ਹੈ, ਪਰ ਇਹ ਕਾਰਪੋਰੇਟ ਮੁਨਾਫ਼ਿਆਂ ਲਈ ਖ਼ਤਰਾ ਪੈਦਾ ਕਰਦਾ ਹੈ। ਭਾਜਪਾ ਅਤੇ 'ਆਪ', ਜੋ ਰਾਜਨੀਤਿਕ ਮੰਚਾਂ 'ਤੇ ਇੱਕ ਦੂਜੇ ਦੇ ਵਿਰੁੱਧ ਜਾਪਦੇ ਹਨ, ਇਸ ਮੁੱਦੇ 'ਤੇ ਇੱਕੋ ਹੀ ਧੜੇ ਵਿੱਚ ਜਾਪਦੇ ਹਨ। ਸ਼ੰਭੂ ਸਰਹੱਦ 'ਤੇ ਵਿਰੋਧ ਸਥਾਨ ਨੂੰ ਢਾਹੁਣਾ ਅਤੇ ਆਗੂਆਂ ਵੱਲੋਂ ਭੁੱਖ ਹੜਤਾਲ ਸੱਤਾ ਦੇ ਚਿਹਰੇ ਨੂੰ ਬੇਨਕਾਬ ਕਰਦੀ ਹੈ ਜੋ ਲੋਕਤੰਤਰ ਦੇ ਨਾਮ 'ਤੇ ਕਾਰਪੋਰੇਟਾਂ ਨੂੰ ਉਤਸ਼ਾਹਿਤ ਕਰ ਰਹੀ ਹੈ। ਸਵਾਲ ਇਹ ਹੈ ਕਿ ਕੀ ਇਹ ਦਮਨ ਕਿਸਾਨਾਂ ਨੂੰ ਚੁੱਪ ਕਰਵਾ ਦੇਵੇਗਾ, ਜਾਂ ਇਹ ਉਨ੍ਹਾਂ ਦੀ ਲੜਾਈ ਨੂੰ ਨਵੀਂ ਤਾਕਤ ਦੇਵੇਗਾ।ਭਾਵੇਂ ਕਿਸਾਨਾਂ ਨੂੰ ਰਿਹਾਅ ਕੀਤਾ ਜਾ ਰਿਹਾ,ਪਰ ਇਸ ਨਾਲ ਕਿਸਾਨਾਂ ਦਾ ਗੁਸਾ ਸ਼ਾਂਤ ਹੋਣ ਵਾਲਾ ਨਹੀਂ।

### ਕਿਸਾਨ ਅੰਦੋਲਨ ਫੇਲ ਕਿਉਂ ਹੋਇਆ

ਹਰਿਆਣਾ ਦੀਆਂ ਕੁਝ ਕਿਸਾਨ ਜਥੇਬੰਦੀਆਂ ਬੇਸ਼ੱਕ ਇਸ ਅੰਦੋਲਨ ਵਿੱਚ ਨਾਲ ਸਨ ਪਰ ਉੱਤਰ ਪ੍ਰਦੇਸ਼, ਰਾਜਸਥਾਨ ਦੱਖਣੀ ਸੂਬਿਆਂ ਤੋਂ ਇਸ ਅੰਦੋਲਨ ਨੂੰ ਉਹ ਸਮਰਥਨ ਨਹੀਂ ਮਿਲਿਆ ਜੋ ਅੰਦੋਲਨ ਨੂੰ ਕਾਮਯਾਬ ਬਣਾਉਣ ਲਈ ਚਾਹੀਦਾ ਸੀ। ਇਹ ਲੱਗ ਰਿਹਾ ਸੀ ਜਿਵੇਂ ਪੰਜਾਬ ਦੇ ਕਿਸਾਨ ਹੀ ਐੱਮਐੱਸਪੀ ਮੰਗ ਰਹੇ ਹੋਣ।

ਕਿਰਤੀ ਕਿਸਾਨ ਯੂਨੀਅਨ ਦੇ ਪ੍ਰਧਾਨ ਰਜਿੰਦਰ ਸਿੰਘ ਦੀਪ ਵਾਲਾ ਇਸ ਅੰਦੋਲਨ ਦਾ ਹਿੱਸਾ ਨਹੀਂ ਸਨ। ਪਰ ਉਹ ਸੰਯੁਕਤ ਕਿਸਾਨ ਮੋਰਚੇ ਦਾ ਹਿੱਸਾ ਰਹੇ ਹਨ।ਉਹ ਕਹਿੰਦੇ ਹਨ, "ਅਸੀਂ ਵੀ ਇਹੀ ਸਲਾਹ ਦਿੱਤੀ ਸੀ ਕਿ ਐੱਮਐੱਸਪੀ ਦੀ ਮੰਗ ਉਦੋਂ ਹੀ ਪੂਰੀ ਹੋਵੇਗੀ ਜਦੋਂ ਇਹ ਅੰਦੋਲਨ ਹੋਰ ਸੂਬਿਆਂ ਵਿੱਚ ਵੀ ਖੜ੍ਹਾ ਹੋਵੇਗਾ। ਪਰ ਕਿਸਾਨ ਆਗੂ ਕਹਿ ਰਹੇ ਸਨ ਕਿ ਅੰਦੋਲਨ ਦਾ ਅਸਰ ਹੌਲੀ-ਹੌਲੀ ਦਿਖੇਗਾ, ਜੋ ਕਿ ਇੱਕ ਸਾਲ ਦੇ ਅੰਦਰ ਨਹੀਂ ਦਿਖ ਸਕਿਆ।ਹਾਲਾਂਕਿ ਰਜਿੰਦਰ ਸਿੰਘ ਦੀਪ ਵਾਲਾ ਇਹ ਵੀ ਕਹਿੰਦੇ ਹਨ ਕਿ ਪੰਜਾਬ ਸਰਕਾਰ ਦੀ ਇਸ ਕਾਰਵਾਈ ਨਾਲ ਅੰਦੋਲਨ ਖਤਮ ਨਹੀਂ ਹੋਇਆ, ਸਰਕਾਰ ਨੇ ਦਬਾਉਣ ਦੀ ਕੋਸ਼ਿਸ਼ ਜ਼ਰੂਰ ਕੀਤੀ ਹੈ ਪਰ ਇਸਦਾ ਜਵਾਬ ਸਰਕਾਰ ਨੂੰ ਆਉਣ ਵਾਲੇ ਸਮੇਂ ਵਿੱਚ ਮਿਲ ਜਾਵੇਗਾ।" ਕਿਸਾਨਾਂ ਦਾ ਧਰਨਾ ਖ਼ਤਮ ਹੋਣ ਪਿੱਛੇ ਸੀਨੀਅਰ ਪੱਤਰਕਾਰ ਜਸਪਾਲ ਸਿੰਘ ਸਿੱਧੂ ਕਹਿੰਦੇ ਹਨ ਕਿ ਇਹ ਧਰਨਾ 13 ਮਹੀਨਿਆਂ ਤੋਂ ਚੱਲ ਰਿਹਾ ਸੀ, ਸ਼ੁਰੂਆਤੀ ਦਿਨਾਂ ਵਿੱਚ ਪੰਜਾਬ ਦੇ ਲੋਕ ਧਰਨੇ ਨਾਲ ਜੁੜੇ ਸਨ ਪਰ ਇਸ ਧਰਨੇ ਤੋਂ ਲੋਕ ਉਦੋਂ ਪਿੱਛੇ ਹਟੇ ਜਦੋਂ ਲੋਕਾਂ ਨੂੰ ਪ੍ਰੇਸ਼ਾਨੀ ਹੋਣ ਲੱਗੀ।" ਰਸਤੇ ਬੰਦ ਹੋਣ ਕਰਕੇ ਆਮ ਲੋਕਾਂ ਦਾ ਸਮਰਥਨ ਕਿਸਾਨਾਂ ਨੂੰ ਮਿਲਣਾ ਘਟ ਗਿਆ। ਨੌਜਵਾਨ ਇਸ ਧਰਨੇ ਵਿੱਚ ਸ਼ਾਮਲ ਨਹੀਂ ਹੋ ਰਹੇ ਸਨ।" ਪ੍ਰੋਫ਼ੈਸਰ ਕੇਸਰ ਸਿੰਘ ਭੰਗੂ ਕਹਿੰਦੇ ਹਨ ਕਿ ਇਸ ਅੰਦੋਲਨ ਵਿੱਚ ਕਿਸਾਨਾਂ ਨੇ ਇਹ ਰਣਨੀਤੀ ਬਣਾਉਣ ਵੱਲ ਧਿਆਨ ਨਹੀਂ ਦਿੱਤਾ। ਉਹ ਇੱਕ ਤੋਂ ਬਾਅਦ ਇੱਕ ਕਾਲ ਦੇ ਰਹੇ ਸਨ ਜਿਹਨਾਂ ਦਾ ਨਤੀਜਾ ਕੋਈ ਨਹੀਂ ਨਿਕਲ ਰਿਹਾ ਸੀ ਤੇ ਇਹ ਅੰਦੋਲਨ ਕੇਂਦਰ ਨਾਲ ਚਲਦੀਆਂ ਮੀਟਿੰਗਾਂ ਦੇ ਬਾਵਜੂਦ ਕਿਸੇ ਮੰਜ਼ਲ ਵੱਲ ਨਹੀਂ ਵੱਧ ਰਿਹਾ ਸੀ।" ਕਿਸਾਨ ਆਗੂ ਤੇਜਵੀਰ ਸਿੰਘ ਕਹਿੰਦੇ ਹਨ, "ਪੰਜਾਬ ਸਰਕਾਰ ਦੁਹਾਈ ਦੇ ਰਹੀ ਹੈ ਕਿ ਵਪਾਰੀਆਂ ਨੂੰ ਘਾਟਾ ਪੈ ਰਿਹਾ ਸੀ ਇਸ ਕਰਕੇ ਅਸੀਂ ਇਹ ਕਾਰਵਾਈ ਕੀਤੀ।ਕਿਸਾਨਾਂ ਨੂੰ ਗੰਨੇ ਦਾ ਭਾਅ ਨਹੀਂ ਮਿਲ ਰਿਹਾ, ਪੰਜਾਬ ਦੇ ਕਿਸਾਨਾਂ ਨੂੰ ਹੋ ਰਹੇ ਕਰੋੜਾਂ ਦੇ ਘਾਟੇ ਬਾਰੇ ਪੰਜਾਬ ਸਰਕਾਰ ਕੀ ਕਰ ਰਹੀ ਹੈ। ਕਿਸਾਨ ਫਸਲਾਂ ਖਰਾਬ ਹੋਣ ਦਾ ਮੁਆਵਜ਼ਾ ਮੰਗ ਰਹੇ ਹਨ, ਕਿਸਾਨਾਂ ਦਾ ਇਹ ਘਾਟਾ ਪੰਜਾਬ ਸਰਕਾਰ ਕਦੋਂ ਪੂਰਾ ਕਰੇਗੀ।" ਉਨ੍ਹਾਂ ਕਿਹਾ ਕਿ ਲੁਧਿਆਣਾ ਦੀ ਜਿਸ ਇੰਡਸਟਰੀ ਦਾ ਦੁੱਖ ਸਰਕਾਰ ਦੱਸ ਰਹੀ ਹੈ, ਉਹ ਇੰਡਸਟਰੀ ਬੁੱਢਾ ਨਾਲਾ ਪ੍ਰਦੂਸ਼ਿਤ ਕਰ ਰਹੀ ਹੈ, ਸਰਕਾਰ ਉਸ ਬਾਰੇ ਕਦੋਂ ਐਕਸ਼ਨ ਲਵੇਗੀ।ਇਹ ਇੰਡਸਟਰੀ ਤਾਂ ਸਾਡੀਆਂ ਫਸਲਾਂ ਤੇ ਸਾਰੇ ਪੰਜਾਬ ਨੂੰ ਬਿਮਾਰ ਕਰ ਰਹੀ ਹੈ।

ਤੇਜਵੀਰ ਸਿੰਘ ਕਿਸਾਨਾਂ ਦੇ ਟੈਂਟ, ਟ੍ਰੈਕਟਰ-ਟਰਾਲੀਆਂ ਨੂੰ ਜ਼ਬਰਦਸਤੀ ਹਟਾਉਣ ਦੀ ਕਾਰਵਾਈ ਦਾ ਵਿਰੋਧ ਕਰਦੇ ਕਹਿੰਦੇ ਹਨ, "ਸੜਕਾਂ ਹਰਿਆਣਾ ਸਰਕਾਰ ਨੇ ਰੋਕੀਆਂ ਸਨ, ਜੇ ਬੁਲਡੋਜ਼ਰ ਚਲਾਉਣਾ ਸੀ ਤਾਂ ਉਹ ਹਰਿਆਣਾ ਵੱਲੋਂ ਕੀਤੀਆਂ ਕੰਧਾਂ ਉੱਤੇ ਚੱਲਣਾ ਚਾਹੀਦਾ ਸੀ ਨਾ ਕਿ ਕਿਸਾਨਾਂ ਦੇ ਟੈਂਟਾਂ ਤੋੜਨੇ ਚਾਹੀਦੇ ਸਨ।" ਪੰਜਾਬ ਦੇ ਸੀਨੀਅਰ ਪੱਤਰਕਾਰ ਹਮੀਰ ਸਿੰਘ ਕਹਿੰਦੇ ਹਨ, "ਇਸ ਐਕਸ਼ਨ ਪਿੱਛੇ ਲੁਧਿਆਣਾ ਪੱਛਮੀ ਜ਼ਿਮਨੀ ਚੋਣ ਇੱਕ ਵੱਡਾ ਕਾਰਨ ਹੈ। ਦਿੱਲੀ ਵਿੱਚ ਆਮ ਆਦਮੀ ਪਾਰਟੀ ਦੀ ਹਾਰ ਤੋਂ ਬਾਅਦ ਹੁਣ ਆਮ ਆਦਮੀ ਪਾਰਟੀ ਦੀਆਂ ਨਜ਼ਰਾਂ ਪੰਜਾਬ ਉੱਤੇ ਹਨ।ਪੰਜਾਬ ਵਿੱਚ ਜ਼ਿਮਨੀ ਚੋਣ ਜਿੱਤਣਾ ਅਰਵਿੰਦ ਕੇਜਰੀਵਾਲ ਹੋਰਾਂ ਲਈ ਬਹੁਤ ਜ਼ਰੂਰੀ ਹੈ। ਉਹਨਾਂ ਦਾ ਉਮੀਦਵਾਰ ਜ਼ਿਮਨੀ ਚੋਣ ਜਿੱਤੇਗਾ ਤਾਂ ਉਹ ਰਾਜ ਸਭਾ ਵਿੱਚ ਜਾਣਗੇ।ਹਮੀਰ ਸਿੰਘ ਅੱਗੇ ਕਹਿੰਦੇ ਹਨ, "ਲੁਧਿਆਣਾ ਪੱਛਮੀ ਨਿਰੋਲ ਸ਼ਹਿਰੀ ਸੀਟ ਹੈ। ਜਿੱਥੇ ਵਪਾਰੀ ਵਰਗ ਜ਼ਿਆਦਾ ਹੈ, ਇਸ ਲਈ ਵਪਾਰੀ ਵਰਗ ਨੂੰ ਖੁਸ਼ ਕਰਨ ਲਈ ਆਮ ਆਦਮੀ ਪਾਰਟੀ ਹੀ ਦਲੀਲ ਦੇ ਰਹੀ ਹੈ ਕਿ ਅਸੀਂ ਵਪਾਰੀਆਂ ਦੀ ਪ੍ਰੇਸ਼ਾਨੀ ਨੂੰ ਖਤਮ ਕਰਨ ਲਈ ਇਹ ਬਾਰਡਰ ਖੁਲਵਾਏ ਹਨ। ਹਮੀਰ ਸਿੰਘ ਕਹਿੰਦੇ ਹਨ, "ਕਿਸਾਨਾਂ ਖਿਲਾਫ ਇਸ ਐਕਸ਼ਨ ਨਾਲ ਭਾਵੇਂ ਆਮ ਆਦਮੀ ਪਾਰਟੀ ਨੂੰ ਲੁਧਿਆਣਾ ਵਿੱਚ ਫਾਇਦਾ ਹੋਵੇ ਪਰ ਇਸਦਾ ਨੁਕਸਾਨ ਲੰਮੇ ਸਮੇਂ ਤੱਕ ਆਮ ਆਦਮੀ ਪਾਰਟੀ ਨੂੰ ਭੁਗਤਣਾ ਪਵੇਗਾ।""

ਪ੍ਰੋਫੈਸਰ ਮਨਜੀਤ ਸਿੰਘ ਪੰਜਾਬ ਯੂਨੀਵਰਸਿਟੀ ਦੇ ਸਾਬਕਾ ਪ੍ਰੋਫੈਸਰ ਹਨ ਦਾ ਕਹਿਣਾ ਹੈ ਕਿ ਪੰਜਾਬ ਦੇ ਮੌਜੂਦਾ ਹਾਲਾਤ ਦੇਖ ਕੇ ਤੁਹਾਨੂੰ ਲੱਗੇਗਾ ਕਿ ਇੱਥੇ ਯੂਪੀ ਵਰਗੇ ਹਾਲਾਤ ਬਣੇ ਹੋਏ ਹਨ, ਇਸ ਕਰਕੇ ਇੱਥੇ ਬੁਲਡੋਜ਼ਰ ਐਕਸ਼ਨ ਹੋ ਰਿਹਾ ਹੈ ਜਾਂ ਪੁਲਿਸ ਦਾ ਡੰਡਾ ਚਲ ਰਿਹਾ ਹੈ।'ਆਮ ਆਦਮੀ ਪਾਰਟੀ ਇਹ ਸਮਝਣ ਵਿੱਚ ਨਾਕਾਮ ਹੋ ਰਹੀ ਹੈ ਕਿ ਪੰਜਾਬ ਵਿੱਚ ਅਜਿਹੇ ਐਕਸ਼ਨਾਂ ਦੇ ਨਤੀਜੇ ਯੂਪੀ ਤੋਂ ਬਿਲਕੁਲ ਉਲਟ ਸਾਬਤ ਹੋਣਗੇ। ਪੰਜਾਬ ਵਿੱਚ ਸਿੱਖ ਅਬਾਦੀ ਜ਼ਿਆਦਾ ਹੈ, ਧਰਨਾ ਦੇ ਰਹੇ ਕਿਸਾਨ ਵੀ ਜੱਟ ਸਿੱਖ ਹੀ ਹਨ। ਭਗਵੰਤ ਮਾਨ ਉਹਨਾਂ ਨੂੰ ਨਾਰਾਜ਼ ਕਰਕੇ ਬਹੁਤ ਭਾਰੀ ਗਲਤੀ ਕਰ ਰਹੇ ਹਨ।ਪ੍ਰੋਫੈਸਰ ਮਨਜੀਤ ਆਪਣੀ ਇਸ ਗੱਲ ਨੂੰ ਅੱਗੇ ਤੋਰਦੇ ਹੋਏ ਕਹਿੰਦੇ ਹਨ, "ਪਰ ਸਭ ਦੇ ਵਿੱਚ ਸਾਨੂੰ ਇਹ ਵੀ ਸੋਚਣਾ ਪਵੇਗਾ ਕਿ ਕੀ ਇਹ ਫੈਸਲੇ ਭਗਵੰਤ ਮਾਨ ਕਰ ਰਹੇ ਹਨ ਜਾਂ ਦਿੱਲੀ ਦੇ ਫੈਸਲੇ ਪੰਜਾਬ ਵਿੱਚ ਲਾਗੂ ਹੋ ਰਹੇ ਹਨ ਅਤੇ ਭਗਵੰਤ ਮਾਨ ਬਸ ਇੱਕ ਮੋਹਰਾ ਬਣ ਕੇ ਚਲ ਰਹੇ ਹਨ। ਪਰਮਜੀਤ ਸਿੰਘ ਜੱਜ ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿੱਚ ਰਾਜਨੀਤੀ ਦੇ ਸਾਬਕਾ ਪ੍ਰੋਫੈੱਸਰ ਹਨ।

ਉਹ ਕਹਿੰਦੇ ਹਨ ਕਿ ਵਪਾਰੀ ਵਰਗ ਹੀ ਨਹੀਂ, ਆਮ ਲੋਕ ਵੀ ਬਾਰਡਰ ਬੰਦ ਹੋਣ ਕਰਕੇ ਤੰਗ ਸਨ। ਪੰਜਾਬ ਦੇ ਲੋਕ ਮੰਗ ਕਰ ਰਹੇ ਸਨ ਕਿ ਬਾਰਡਰ ਖੋਲ੍ਹੇ ਜਾਣ। ਇਸ ਕਰਕੇ ਪੰਜਾਬ ਸਰਕਾਰ ਨੇ ਵਪਾਰੀਆਂ ਅਤੇ ਆਮ ਲੋਕਾਂ ਨੂੰ ਖੁਸ਼ ਕਰਨ ਲਈ ਕੁਝ ਕੁ ਕਿਸਾਨਾਂ ਦੀ ਨਾਰਾਜ਼ਗੀ ਸਹੇੜਨ ਦਾ ਰਿਸਕ ਲੈ ਲਿਆ।"

### ਕਿਸਾਨ ਅੰਦੋਲਨ ਕਾਰਨ ਪੰਜਾਬ ਨੂੰ ਹੋਇਆ 20 ਹਜ਼ਾਰ ਕਰੋੜ ਦਾ ਨੁਕਸਾਨ

ਦੈਨਿਕ ਭਾਸਕਰ ਦੀ ਖ਼ਬਰ ਦੇ ਮੁਤਾਬਕ ਸੂਬੇ ਦੇ ਉਦਯੋਗ ਨੂੰ 13 ਮਹੀਨਿਆਂ ਵਿੱਚ ਲਗਭਗ 20 ਹਜ਼ਾਰ ਕਰੋੜ ਰੁਪਏ ਦਾ ਨੁਕਸਾਨ ਹੋਇਆ ਹੈ। ਵਪਾਰੀਆਂ ਦਾ ਤਾਂ ਇੱਥੋਂ ਤੱਕ ਕਹਿਣਾ ਹੈ ਕਿ ਕਿਸਾਨ ਅੰਦੋਲਨ ਪਹਿਲੀ ਵਾਰ ਸਾਲ 2020 ਵਿੱਚ ਸ਼ੁਰੂ ਹੋਇਆ ਸੀ ਅਤੇ ਉਦੋਂ ਤੋਂ, ਪੰਜਾਬ ਵਿੱਚ ਉਦਯੋਗ ਸਥਿਰ ਨਹੀਂ ਹੋ ਸਕਿਆ ਹੈ। ਬਹੁਤ ਸਾਰੇ ਕਾਰੋਬਾਰੀਆਂ ਨੇ ਪੰਜਾਬ ਵਿੱਚ ਸਭ ਕੁਝ ਪੈਕ ਕੀਤਾ ਅਤੇ ਹਰਿਆਣਾ ਅਤੇ ਹੋਰ ਰਾਜਾਂ ਵਿੱਚ ਚਲੇ ਗਏ।ਉਨ੍ਹਾਂ ਦਾ ਅੰਦਾਜ਼ਾ ਹੈ ਕਿ ਪਿਛਲੇ ਦੋ-ਤਿੰਨ ਸਾਲਾਂ ਵਿੱਚ ਹਰਿਆਣਾ ਦਾ ਕਾਰੋਬਾਰ ਚਾਰ ਗੁਣਾ ਵਧਿਆ ਹੈ। ਹੁਣ ਦੋਵੇਂ ਸਰਹੱਦਾਂ ਖੁੱਲ੍ਹਣ ਨਾਲ, ਉਮੀਦ ਹੈ ਕਿ ਪੰਜਾਬ ਵਿੱਚ ਵਪਾਰਕ ਗਤੀਵਿਧੀਆਂ ਫਿਰ ਤੋਂ ਤੇਜ਼ ਹੋਣਗੀਆਂ।


ਪਰੈਸ਼ਰਵਾਸ਼ ਅਤੇ ਰੂਫ ਰਿਪੇਅਰ

ਵੱਡੇ ਪਰੈਸ਼ਰਵਾਸ਼ ਨਾਲ ਘਰ ਧਵਾਊ।
ਅਸੀਂ ਛੱਤਾਂ, ਗਟਰ ਕਲੀਨ, ਡਰਾਈਵੇਅ ਤੇ ਵਿੰਡੋਵਾਸ਼ ਕਰਦੇ ਹਾਂ।
ਪੁਰਾਣੀਆਂ ਛੱਤਾਂ ਬਦਲਕੇ ਅਤੇ ਛੱਤਾਂ ਦੀ ਮੁਰੰਮਤ ਵੀ ਕਰਦੇ ਹਾਂ।
ਹੋਰ ਜਾਣਕਾਰੀ ਲਈ ਫੂਨ ਕਰੋ:
ਦਲਜੀਤ ਸਿੰਘ ਰਾਏ
604-807-1012


ਦਲਜੀਤ ਸਿੰਘ ਰਾਏ

FAST COMPUTER REPAIR

New Web Designing & Hosting Services

Onsite Service Available
Computer Repair & Upgrade
Spyware & Virus Removal
Same Day Service

Your Personal Tech, A Phone Call Away...
HARMEET SINGH
www.fastcomputerrepair.ca  E-mail : harmeet@fastcomputerrepair.ca
778-928-4444

# ਭਾਰਤੀ ਜੇਲ੍ਹਾਂ ਦਾ ਨਰਕ ਭੋਗਦੀਆਂ ਔਰਤਾਂ ਦੀ ਤ੍ਰਾਸਦਿਕ ਦਸ਼ਾ

ਲੇਖਕ : ਡਾ. ਤਜਿੰਦਰ ਵਿਰਲੀ
ਫੋਨ: 94647-97400



ਸੁਧਾ ਭਾਰਦਵਾਜ ਦੀ ਪੁਸਤਕ 'ਫਾਂਸੀ ਅਹਾਤੇ ਤੋਂ ਯੇਰਵਡਾ ਦੀਆਂ ਔਰਤਾਂ ਨਾਲ ਗੁਜ਼ਾਰਿਆ ਇੱਕ ਵਰ੍ਹਾ' ਪੰਜਾਬੀ ਦੇ ਪ੍ਰਸਿੱਧ ਅਨੁਵਾਦਕ ਬੂਟਾ ਸਿੰਘ ਮਹਿਮੂਦਪੁਰ ਦੁਆਰਾ ਪੰਜਾਬੀ ਪਾਠਕਾਂ ਲਈ ਅਨੁਵਾਦ ਕੀਤੀ ਗਈ ਹੈ। ਇਸ ਪੁਸਤਕ ਨੂੰ ਬਾਬਾ ਬੂਝਾ ਸਿੰਘ ਪ੍ਰਕਾਸ਼ਨ ਨੇ ਪ੍ਰਕਾਸ਼ਿਤ ਕੀਤਾ ਹੈ ਤੇ ਇਸ ਦੇ ਵਿਕਰੇਤਾ ਤਰਕ ਭਾਰਤੀ ਪ੍ਰਕਾਸ਼ਨ ਬਰਨਾਲਾ ਹਨ। ਦੋ ਸੌ ਪੰਨਿਆਂ ਦੀ ਇਸ ਪੁਸਤਕ ਦੀ ਕੀਮਤ 300 ਰੁਪਏ ਰੱਖੀ ਗਈ ਹੈ।

ਐਡਵੋਕੇਟ ਸੁਧਾ ਭਾਰਦਵਾਜ ਭੀਮਾ-ਕੋਰੇਗਾਓਂ ਕਥਿਤ ਸਾਜ਼ਿਸ਼ ਕੇਸ 'ਚ ਫਸਾਏ ਸਿਰਮੌਰ ਬੁੱਧੀਜੀਵੀਆਂ/ਹੱਕਾਂ ਦੇ ਕਾਰਕੁਨਾਂ 'ਚੋਂ ਇਕ ਹੈ। ਨਵੰਬਰ 2018 ਤੋਂ ਲੈ ਕੇ ਫਰਵਰੀ 2020 ਤੱਕ ਯੇਰਵਡਾ ਜੇਲ੍ਹ ਦੇ ਫਾਂਸੀ ਅਹਾਤੇ 'ਚ ਬੰਦ ਰਹਿਣ ਸਮੇਂ ਉਨ੍ਹਾਂ ਨੇ ਜੇਲ੍ਹ ਜ਼ਿੰਦਗੀ ਦੀ ਕਰੂਰਤਾ ਨੂੰ ਬਹੁਤ ਨੇੜਿਓਂ ਦੇਖਿਆ ਅਤੇ ਜ਼ਮਾਨਤ 'ਤੇ ਬਾਹਰ ਆਉਣ ਤੋਂ ਬਾਅਦ ਉਨ੍ਹਾਂ ਅਨੁਭਵਾਂ ਨੂੰ ਰੇਖਾ-ਚਿੱਤਰਾਂ ਦੇ ਰੂਪ 'ਚ ਕਲਮਬੱਧ ਕੀਤਾ। ਇਹ ਜੇਲ੍ਹ ਜ਼ਿੰਦਗੀ ਬਾਰੇ ਗਰਮਜੋਸ਼ੀ, ਹਮਦਰਦੀ ਅਤੇ ਖ਼ੁਸ਼ਮਿਜ਼ਾਜੀ ਨਾਲ ਲਿਖੀ ਕਿਤਾਬ ਹੈ।

ਪੁਸਤਕ ਵਿਚ ਬੂਟਾ ਸਿੰਘ ਨੇ ਲਿਖਿਆ ਹੈ ਕਿ ਇਹ ਸੁਧਾ ਭਾਰਦਵਾਜ ਦਾ ਆਪਣੇ ਨਾਲ ਬੰਦ ਰਹੀਆਂ ਔਰਤਾਂ ਨੂੰ ਸਤਿਕਾਰ ਵੀ ਹੈ, ਜਿਨ੍ਹਾਂ ਨੇ ਉਸ ਨੂੰ ਹਰ ਦਿਨ ਇਹ ਸਿਖਾਇਆ ਕਿ 'ਅਨਿਆਂ ਤੋਂ ਕਿਵੇਂ ਬਚਣਾ ਹੈ, ਕਿਵੇਂ ਆਸਵੰਦ ਰਹਿਣਾ ਹੈ, ਇੱਥੋਂ ਤੱਕ ਕਿ ਸੀਖਾਂ ਦੇ ਪਿੱਛੇ ਵੀ ਕਿਵੇਂ ਜੀਣਾ, ਪਿਆਰ ਕਰਨਾ, ਲੜਨਾ ਅਤੇ ਹੱਸਦੇ ਰਹਿਣਾ ਹੈ।

ਸੰਸਾਰ ਪ੍ਰਸਿੱਧ ਲੇਖਿਕਾ ਅਰੁੰਧਤੀ ਰਾਏ ਨੇ ਇਸ ਪੁਸਤਕ ਬਾਰੇ ਲਿਖਿਆ ਹੈ: 'ਜੇਲ੍ਹ ਅੰਦਰਲੀ ਜ਼ਿੰਦਗੀ ਨੂੰ ਖ਼ੂਬਸੂਰਤੀ ਨਾਲ ਘੋਖ ਕੇ, ਹਮਦਰਦੀ ਨਾਲ ਲਿਖੀ ਗਈ ਇਹ ਕਿਤਾਬ ਸਾਨੂੰ ਬਹੁਤ ਕੁਝ ਸਿਖਾਉਂਦੀ ਹੈ। ਇਹ ਲਾਜ਼ਮੀ ਪੜ੍ਹੀ ਜਾਣੀ ਚਾਹੀਦੀ ਹੈ। ਮੈਂ ਸੁਧਾ ਭਾਰਦਵਾਜ ਦਾ ਲਿਖਿਆ ਕੁਝ ਵੀ ਪੜ੍ਹਾਂਗੀ, ਕਿਉਂਕਿ ਉਹ ਅਸਾਧਾਰਨ ਔਰਤ ਹੈ ਅਤੇ ਉਸਨੇ ਅਸਾਧਾਰਨ ਜ਼ਿੰਦਗੀ ਜੀਵੀ ਹੈ। ਇਸੇ ਤਰ੍ਹਾਂ ਸੰਸਾਰ ਪ੍ਰਸਿੱਧ ਅਰਥ-ਸ਼ਾਸਤਰੀ ਅਮ੍ਰਿਤਿਆ ਸੇਨ ਨੇ ਇਸ ਨੂੰ 'ਵੱਡੇ ਮਹੱਤਵ ਵਾਲੀ ਕਿਤਾਬ' ਕਿਹਾ ਹੈ।

ਆਪਣੀ ਕੈਦ ਦੌਰਾਨ ਮਿਲੇ ਕੈਦੀਆਂ ਦੇ 76 ਸਕੈਚਾਂ ਰਾਹੀਂ, ਸਮਾਜਕ ਕਾਰਕੁਨ ਸੁਧਾ ਭਾਰਦਵਾਜ ਆਪਣੇ ਫਾਂਸੀ ਯਾਰਡ ਤੋਂ ਜੇਲ੍ਹ ਦੇ ਸਮੁੱਚੇ ਵਰਤਾਰੇ ਨੂੰ ਦੇਖਦੀ ਹੈ। ਇਸ ਵਰਤਾਰੇ ਨੂੰ ਪੁਨਰ ਬਿਆਨ ਕਰਦੀ ਉਹ ਦੋਹਰਾ ਕਾਰਜ ਨਿਭਾਉਂਦੀ ਹੈ ਜਿਸ ਤਰ੍ਹਾਂ ਉਹ ਜੇਲ੍ਹ ਦੇ ਬਾਹਰ ਇੱਕ ਸਮਾਜਿਕ ਕਾਰਜ-ਕਰਤਾ ਸੀ, ਉਸੇ ਤਰ੍ਹਾਂ ਜੇਲ੍ਹ ਦੇ ਅੰਦਰ ਵੀ ਇੱਕ ਸਮਾਜਿਕ ਕਾਰਕੁਨ ਦੀ ਅੱਖ ਨਾਲ ਵੇਖਦੀ ਸਭ ਕੁਝ ਬਿਆਨ ਕਰਦੀ ਹੈ। ਜੇਲ੍ਹ ਵਿਚ ਭੌਤਿਕ ਸਥਿਤੀਆਂ-ਭੋਜਨ, ਜਸ਼ਨਾਂ ਅਤੇ ਜ਼ਿੰਦਗੀ ਦੀਆਂ ਬੇਇੱਜ਼ਤੀਆਂ ਨੂੰ ਦੇਖਣਾ, ਦੇਖਣ ਨੂੰ ਬਹੁਤ ਸਹਿਜ ਲੱਗਦਾ ਹੈ, ਪ੍ਰੰਤੂ ਜਿਨ੍ਹਾਂ ਨਾਲ ਇਹ ਵਾਪਰ ਰਿਹਾ ਹੈ, ਉਨ੍ਹਾਂ ਦੇ ਦ੍ਰਿਸ਼ਟੀਕੋਣ ਤੋਂ ਉਸਨੂੰ ਸਮਝਣਾ ਤੇ ਬਿਆਨਣਾਂ ਇੱਕ ਜਟਿਲ ਵਰਤਾਰਾ ਸੀ।

1980 ਦੇ ਸ਼ੁਰੂ ਵਿਚ ਜਦੋਂ ਸੁਧਾ ਭਾਰਦਵਾਜ ਆਈ.ਆਈ.ਟੀ. ਕਾਨਪੁਰ ਤੋਂ ਗ੍ਰੈਜੂਏਟ ਹੋਣ ਤੋਂ ਬਾਅਦ, ਆਪਣੀ ਅਮਰੀਕੀ ਨਾਗਰਿਕਤਾ ਤਿਆਗਣ ਲਈ ਦਿੱਲੀ ਵਿਚ ਅਮਰੀਕੀ ਕੌਂਸਲੇਟ ਕੋਲ ਗਈ, ਤਾਂ ਕੌਂਸਲਰ ਹੈਰਾਨ ਰਹਿ ਗਏ। ਅਜਿਹਾ ਪਹਿਲਾਂ ਕਦੇ ਨਹੀਂ ਹੋਇਆ ਸੀ ਕਿ ਕਿਸੇ ਨੇ ਅਮਰੀਕੀ ਨਾਗਰਿਕਤਾ ਠੁਕਰਾਈ ਹੋਵੇ। ਅਜਿਹੀ ਚੀਜ਼ ਆਮ ਨਹੀਂ ਹੈ, ਖਾਸ ਕਰ ਭਾਰਤੀ ਆਈ.ਆਈ.ਟੀ. ਗ੍ਰੈਜੂਏਟਾਂ ਲਈ, ਜਿਨ੍ਹਾਂ ਦੇ ਜੀਵਨ ਦਾ ਟੀਚਾ ਨਿੱਜੀ ਵਿਕਾਸ ਹੁੰਦਾ ਹੈ। ਉਹ ਲੋਭੀ ਮਾਨਸਿਕਤਾ ਨਾਲ ਅਮਰੀਕਾ ਵਰਗੀ ਧਰਤੀ ਦੀ ਤਲਾਸ਼ ਵਿਚ ਜੁਟ ਜਾਂਦੇ ਹਨ। ਅਮਰੀਕੀ ਪਾਸਪੋਰਟ ਅਤੇ ਨਾਗਰਿਕਤਾ ਨੂੰ ਤਿਆਗਣ ਵਾਲੇ ਕੋਈ ਵਿਰਲੇ ਟਾਵੇਂ ਹੀ ਹੁੰਦੇ ਹਨ, ਜਿਨ੍ਹਾਂ 'ਚੋਂ ਇਕ ਸੀ ਸੁਧਾ ਭਾਰਦਵਾਜ। ਅਧਿਕਾਰੀਆਂ ਨੂੰ ਸਹੀ ਫਾਰਮ ਲੱਭਣ ਵਿਚ ਕੁਝ ਸਮਾਂ ਲੱਗਾ। ਉਸ ਸਮੇਂ, ਸੁਧਾ ਸ਼ਾਇਦ ਬਿਲਕੁਲ ਉਸੇ ਤਰ੍ਹਾਂ ਮੁਸਕਰਾਈ ਸੀ, ਜਿਸ ਤਰ੍ਹਾਂ ਉਹ ਤਸਵੀਰ ਵਿਚ ਕਰਦੀ ਹੈ ਜੋ ਇਸ ਕਿਤਾਬ ਦੇ ਪਿਛਲੇ ਪੰਨੇ ਨੂੰ ਸ਼ਿੰਗਾਰਦੀ ਹੈ, ਜੋ ਸਮਾਜਿਕ ਤਬਦੀਲੀ ਲਈ ਉਸਦੀ ਵਚਨਬੱਧਤਾ ਦੀ ਗੱਲ ਕਰਦੀ ਹੈ। ਇਹ ਵਚਨਬੱਧਤਾ, ਚਿਹਰੇ ਦੀ ਮੁਸਕਾਨ ਉਸ ਦੇ ਕਾਰਜ ਨਾਲ ਜੁੜੀ ਹੋਈ ਹੈ। ਇਹ ਕਾਰਜ ਵੀ ਸਦੀਵੀ ਹੈ ਤੇ ਉਸਦੇ ਚਿਹਰੇ ਦੀ ਮੁਸਕਾਨ ਵੀ, ਜਿਹੜੀ ਮੁਸਕਾਨ ਜੇਲ੍ਹ ਵੀ ਉਸਦੇ ਕੋਲੋਂ ਖੋਹ ਨਹੀਂ ਸਕੀ। ਇਸ ਵਚਨਬੱਧਤਾ ਦੀ ਪੂਰਤੀ ਲਈ, ਜਦੋਂ ਉਸ ਨੂੰ ਤਿੰਨ ਸਾਲ ਲਈ ਪਹਿਲੀ ਵਾਰ ਗ੍ਰਿਫਤਾਰ ਕੀਤਾ ਗਿਆ, ਉਦੋਂ ਵੀ ਉਹ ਉਸੇ ਤਰ੍ਹਾਂ ਮੁਸਕਰਾ ਰਹੀ ਸੀ ਜਿਵੇਂ ਯੇਰਵਡਾ ਜੇਲ੍ਹ, ਪੁਣੇ, ਮਹਾਰਾਸ਼ਟਰ ਅਤੇ ਫਿਰ ਬਾਈਕਲਾ ਜੇਲ੍ਹ, ਮੁੰਬਈ ਵਿਚ, ਉਸ ਦੇ ਹੋਠਾਂ 'ਤੇ ਮੁਸਕਰਾਹਟ ਸੀ। ਇਸ ਨੂੰ ਉਹ ਇਸ ਤਰ੍ਹਾਂ ਬਿਆਨ ਕਰਦੀ ਹੈ:

'ਮੇਰਾ ਜਨਮ 1 ਨਵੰਬਰ 1961 ਨੂੰ ਬੋਸਟਨ (ਯੂ.ਐੱਸ.ਏ.) ਵਿਚ ਹੋਇਆ, ਜਿੱਥੇ ਮੇਰੇ ਮਾਤਾ-ਪਿਤਾ ਕ੍ਰਿਸ਼ਨਾ ਅਤੇ ਰੰਗਾਨਾਥ ਭਾਰਦਵਾਜ, ਅਰਥ-ਸ਼ਾਸਤਰ ਵਿਚ ਪੋਸਟ-ਡਾਕਟਰੇਟ ਫੈਲੋ ਸਨ। ਮੈਂ ਸ਼ਾਇਦ ਇਕ ਅਣਕਿਉਂਤਿਆ ਬੱਚਾ ਸੀ ਕਿਉਂਕਿ ਮੇਰੇ ਮਾਤਾ-ਪਿਤਾ ਕੋਲ ਖ਼ਰਚਣ ਲਈ ਪੈਸਿਆਂ ਦੀ ਥੁੜ੍ਹ ਸੀ। ਅਮਰੀਕਨ ਨਾਗਰਿਕਤਾ ਜਨਮ ਦੇ ਆਧਾਰ 'ਤੇ ਮੈਨੂੰ ਮਿਲੀ। ਜਦੋਂ ਮੈਂ ਸਾਲ ਕੁ ਦੀ ਸੀ ਤਾਂ ਅਸੀਂ ਭਾਰਤ ਵਾਪਸ ਆ ਗਏ, ਇਸ ਲਈ ਅਮਰੀਕਾ ਦੀਆਂ ਯਾਦਾਂ ਮੇਰੇ ਚੇਤਿਆਂ 'ਚ ਨਹੀਂ ਹਨ। ਪਰ ਸਾਡੇ ਗੁਆਂਢੀ ਪਰਿਵਾਰ, ਇਕ ਰੂਸੀ ਆਵਾਸੀ ਜੋੜੇ ਅਤੇ ਉਨ੍ਹਾਂ ਦੇ ਪੁੱਤਰ ਗਰੇਗੋਰੀ ਨਾਲ ਮੇਰੇ ਬਚਪਨ ਦੀਆਂ ਤਸਵੀਰਾਂ ਹਨ, ਜੋ ਮੇਰੇ ਮਾਪਿਆਂ ਦੇ ਉਥੇ ਰਹਿਣ ਸਮੇਂ ਮੇਰੀ ਸਾਂਭ-ਸੰਭਾਲ ਕਰਦੇ ਸਨ।' (ਪੰਨਾ 5)

-ਸਰਕਾਰ ਨੇ ਉਸ ਦੀ ਪਛਾਣ ਨੂੰ ਸ਼ਹਿਰੀ ਨਕਸਲੀ ਵਜੋਂ ਦਰਸਾਇਆ ਹੈ, ਜੋ ਰਾਸ਼ਟਰ ਵਿਰੁੱਧ ਮੁਸੀਬਤ ਪੈਦਾ ਕਰਦਾ ਹੈ, ਉਹ ਭੀਮਾ ਕੋਰੇਗਾਓਂ ਕੇਸ ਦੇ ਵਿਚ ਗ੍ਰਿਫਤਾਰ ਕੀਤੇ 16 ਸਮਾਜਿਕ ਕਾਰਕੁਨਾਂ/ਬੁੱਧੀਜੀਵੀਆਂ ਵਿਚੋਂ ਇੱਕ ਹੈ ਜਿਸ 'ਤੇ ਭਾਰਤ ਵਿਰੁੱਧ ਲੜੀਵਾਰ ਜੰਗ ਛੇੜਨ, ਪ੍ਰਧਾਨ ਮੰਤਰੀ ਦੀ ਹੱਤਿਆ ਦੀ ਸਾਜ਼ਿਸ਼ ਰਚਣ ਅਤੇ ਹਿੰਸਕ ਘਟਨਾਵਾਂ ਦੀ ਯੋਜਨਾ ਬਣਾਉਣ ਦਾ ਦੋਸ਼ ਹੈ। ਹਾਲਾਂਕਿ, ਇਸ ਵਿਚ ਕੋਈ ਸਚਾਈ ਨਹੀਂ। ਇਹ ਸਾਰੇ ਦੋਸ਼ ਬੇ-ਬੁਨਿਆਦ ਹਨ। ਜਿਨ੍ਹਾਂ ਦੋਸ਼ਾਂ ਲਈ ਉਹ ਤੇ ਉਸ ਦੇ ਸਾਥੀ ਜੇਲ੍ਹ ਕੱਟਦੇ ਹਨ।

ਉਹ ਇੱਕ ਪ੍ਰਵਾਸੀ ਰੂਸੀ ਜੋੜੇ ਦੁਆਰਾ ਪਾਲੀ ਗਈ ਸੀ। ਉਸ ਦੇ ਮਾਤਾ-ਪਿਤਾ ਅਲੱਗ-ਅਲੱਗ ਹੋ ਗਏ। ਉਸਦੀ ਮਾਂ, ਕ੍ਰਿਸ਼ਨਾ ਨੂੰ ਬਾਅਦ ਵਿਚ ਐਂਟੋਨੀਓ ਗ੍ਰਾਮਸੀ ਦੇ ਨਜ਼ਦੀਕੀ ਸਹਿਯੋਗੀ, ਪਿਏਰੋ ਸਫਾ ਨੇ ਕੈਂਬ੍ਰਿਜ ਯੂਨੀਵਰਸਿਟੀ, ਯੂ.ਕੇ. ਵਿਚ ਬੁਲਾਇਆ ਸੀ, ਜੋ ਉਸਦੀ ਕਲਾਸਿਕ ਕਿਤਾਬ, 'ਕਮੋਡਿਟੀਜ਼ ਦੁਆਰਾ ਵਸਤੂਆਂ ਦੇ ਉਤਪਾਦਨ' ਦੀ ਸਮੀਖਿਆ ਤੋਂ ਬਹੁਤ ਪ੍ਰਭਾਵਿਤ ਹੋਇਆ ਸੀ। ਸੁਧਾ ਨੇ ਕਈ ਸਾਲ ਕੈਂਬ੍ਰਿਜ ਸਕੂਲ ਵਿਚ ਬਿਤਾਏ ਅਤੇ ਹੋਰ ਚੀਜ਼ਾਂ ਦੇ ਨਾਲ, ਆਪਣੀ ਮਾਂ ਦੀ ਆਪਣੀ ਮਸ਼ਹੂਰ ਕਿਤਾਬ 'ਭਾਰਤੀ ਖੇਤੀ ਵਿਚ ਉਤਪਾਦਨ' ਦੀਆਂ ਸਥਿਤੀਆਂ ਨੂੰ ਸੰਪਾਦਿਤ ਕਰਨ ਵਿਚ ਮਦਦ ਕੀਤੀ। ਬਾਅਦ ਵਿਚ, ਉਸਦੀ ਮਾਂ ਜਵਾਹਰ ਲਾਲ ਨਹਿਰੂ ਯੂਨੀਵਰਸਿਟੀ ਵਿਚ ਨਵੇਂ ਸਥਾਪਿਤ ਸੈਂਟਰ ਫਾਰ ਇਕਨਾਮਿਕ ਸਟੱਡੀਜ਼ ਐਂਡ ਪਲੈਨਿੰਗ ਵਿਚ ਸ਼ਾਮਲ ਹੋ ਗਈ, ਜੋ ਹੌਲੀ-ਹੌਲੀ ਅੰਤਰਰਾਸ਼ਟਰੀ ਪੱਧਰ 'ਤੇ ਮਸ਼ਹੂਰ ਹੋ ਗਿਆ। ਇਹ ਉਹ ਥਾਂ ਹੈ ਜਿੱਥੇ ਉਸਨੇ ਆਪਣਾ ਸੁਹਾਵਣਾ ਬਚਪਨ ਇੱਕ ਵਿਸ਼ਾਲ ਕੈਂਪਸ ਵਿਚ ਬਿਤਾਇਆ। ਉਸ ਦਾ ਵਿਅਕਤੀਤਵ ਸਖਤ ਮਾਂ, ਕਿਤਾਬਾਂ ਅਤੇ ਸੈਂਟਰਲ ਸਕੂਲ, ਆਈ.ਆਈ.ਟੀ. ਦਿੱਲੀ ਵਿਚ ਕਲਾਸਾਂ, ਜਿੱਥੇ ਕਰਮਚਾਰੀਆਂ ਦੇ ਬੱਚੇ ਪੜ੍ਹਦੇ ਸਨ, ਨੇ ਘੜਿਆ। ਉਹ ਆਈ.ਆਈ.ਟੀ. ਕਾਨਪੁਰ ਵਿਚ ਗਣਿਤ ਦਾ ਅਧਿਐਨ ਕਰਨ ਗਈ ਅਤੇ ਉੱਥੇ ਹੀ ਵਿਦਿਆਰਥੀਆਂ ਅਤੇ ਮਾਰਕਸਵਾਦੀ ਅਧਿਆਪਕਾਂ ਦੇ ਸਮੂਹ ਨੂੰ ਮਿਲੀ ਤੇ ਟੈਕਸਟਾਈਲ ਵਰਕਰਾਂ, ਕਿਸਾਨਾਂ ਅਤੇ ਕੈਂਪਸ ਵਰਕਰਾਂ ਨਾਲ ਕੰਮ ਕਰਨਾ ਸ਼ੁਰੂ ਕਰ ਦਿੱਤਾ। 1982 ਵਿਚ ਦਿੱਲੀ ਦੀਆਂ ਏਸ਼ੀਆਡ ਖੇਡਾਂ ਨਾਲ ਸਬੰਧਤ ਉਸਾਰੀਆਂ ਦੇ ਦੌਰ, ਮਜ਼ਦੂਰਾਂ ਦੇ ਭਿਆਨਕ ਦੁੱਖਾਂ ਅਤੇ ਅਣ-ਰਿਪੋਰਟ ਹੋਈਆਂ ਮੌਤਾਂ ਉਸ ਨੂੰ ਯੂਨੀਅਨ ਆਗੂ ਸ਼ੰਕਰ ਗੁਹਾ ਨਿਯੋਗੀ ਦੇ ਸੰਪਰਕ ਵਿਚ ਲਿਆਈਆਂ ਅਤੇ ਉਹ ਛੱਤੀਸਗੜ੍ਹ ਮੁਕਤੀ ਮੋਰਚਾ ਵਿਚ ਸ਼ਾਮਲ ਹੋਣ ਲਈ ਛੱਤੀਸਗੜ੍ਹ ਚਲੀ ਗਈ। ਗੁਹਾ ਦੀ ਹੱਤਿਆ ਤੋਂ ਪਹਿਲਾਂ ਇਸ ਖੇਤਰ ਵਿਚ ਆਦਿਵਾਸੀ ਅਤੇ ਹੋਰ ਖਾਣ ਮਜ਼ਦੂਰ ਸਨ। ਛੱਤੀਸਗੜ੍ਹ ਵਿਚ ਉਸਦਾ ਡਾ. ਬਿਨਾਇਕ ਸੇਨ ਨਾਲ ਸੰਪਰਕ ਹੁੰਦਾ ਹੈ, ਜੋ ਸਰਕਾਰ ਦੇ ਗੁੱਸੇ ਦਾ ਸਾਹਮਣਾ ਕਰ ਰਿਹਾ ਸੀ। ਇਨ੍ਹਾਂ ਸਾਰੇ ਵਿਅਕਤੀਆਂ ਨੇ ਵਿਸ਼ੇਸ਼ ਅਧਿਕਾਰ ਤਿਆਗ ਦਿੱਤੇ ਅਤੇ ਭਾਰਤ ਦੇ ਕੁਝ ਗਰੀਬਾਂ ਦੀ ਮਦਦ ਕਰਨ ਲਈ ਗਰੀਬੀ ਨੂੰ ਅਪਣਾਇਆ। ਅੰਦੋਲਨ ਦੇ ਵਿਭਾਜਨ ਤੋਂ ਬਾਅਦ ਵੀ, ਭਾਰਦਵਾਜ ਲਗਭਗ ਤਿੰਨ ਦਹਾਕੇ ਇੱਥੇ ਰਹੇ, ਇੱਕ ਬੱਚੇ ਨੂੰ ਗੋਦ ਲਿਆ ਅਤੇ ਸਭ ਤੋਂ ਗਰੀਬ ਖਾਣ ਮਜ਼ਦੂਰਾਂ ਵਿਚ ਰਹਿੰਦੀ ਰਹੀ।

ਇੱਕ ਲੰਮੀ ਇੰਟਰਵਿਊ ਵਿਚ, ਜੋ ਇਸ ਜੇਲ੍ਹ ਦੀ ਯਾਦ ਨੂੰ ਦਰਸਾਉਂਦੀ ਹੈ, ਉਸਨੇ ਦੱਸਿਆ ਕਿ ਕਿਵੇਂ ਉਹ ਗ੍ਰਿਫਤਾਰ ਕੀਤੇ ਜਾਣ ਤੋਂ ਪਹਿਲਾਂ, ਨੈਸ਼ਨਲ ਲਾਅ ਯੂਨੀਵਰਸਿਟੀ ਵਿਚ ਪੜ੍ਹਾਉਣ ਲਈ ਆਖ਼ਰਕਾਰ ਦਿੱਲੀ ਵਾਪਸ ਆਈ। ਵਰਵਰਾ ਰਾਓ, ਅਰੁਣ ਫਰੇਰਾ ਅਤੇ ਵਰਨੌਨ ਗੋਨਸਾਲਵਿਸ ਸਮੇਤ ਉਸਦੇ ਕੁਝ ਸਾਥੀ, ਮੌਜੂਦਾ ਸ਼ਾਸਨ ਤੋਂ ਪਹਿਲਾਂ ਹੀ ਬਿਨਾ ਕਿਸੇ ਦੋਸ਼ ਦੇ ਸਾਲਾਂ ਤੱਕ ਜੇਲ੍ਹ ਵਿਚ ਬੰਦ ਸਨ।

ਕਿਤਾਬ ਦੇ ਮੁੱਖ ਭਾਗ ਵਿਚ, ਉਹ ਆਪਣੇ ਜੇਲ੍ਹ ਦੇ ਅਨੁਭਵ ਪੇਸ਼ ਕਰਦੀ ਹੈ, ਜਿਸ ਵਿਚ ਉਸਦੀ ਪਹਿਲੀ ਗ੍ਰਿਫਤਾਰੀ, ਪੁਣੇ ਵਿਚ ਤਾਲਾਬੰਦੀ ਵਿਚ ਉਸਦਾ ਅਨੁਭਵ ਅਤੇ ਯਰਵਡਾ ਅਤੇ ਮੁੰਬਈ ਵਿਚ ਉਸਦੇ ਬਾਅਦ ਦੇ ਕੰਮ ਸ਼ਾਮਲ ਹਨ।

76 ਛੋਟੀਆਂ ਜੀਵਨੀਆਂ ਜਾਂ ਕੈਦੀਆਂ ਦੇ ਸਕੈਚਾਂ ਅਤੇ ਆਪਣੇ ਨਿੱਜੀ ਤਜਰਬੇ ਦੇ ਆਧਾਰ 'ਤੇ ਉਹ ਜੇਲ੍ਹ ਦੀਆਂ ਭੌਤਿਕ ਸਥਿਤੀਆਂ, ਭੋਜਨ, ਜਸ਼ਨਾਂ ਅਤੇ ਅਪਮਾਨ ਬਾਰੇ ਲਿਖਦੀ ਹੈ। ਬੇਸ਼ੱਕ, ਭਾਰਤ ਵਿਚ ਮਹਿਲਾ ਰਾਜਨੀਤਕ ਕੈਦੀਆਂ ਦੁਆਰਾ ਜੇਲ੍ਹ ਦੀਆਂ ਯਾਦਾਂ ਦੀ ਇੱਕ ਲੰਮੀ ਪਰੰਪਰਾ ਹੈ ਅਤੇ ਮੈਰੀ ਟਾਈਲਰ ਦੀ ਕਲਾਸਿਕ, ਮਾਈ ਡੇਜ਼ ਇਨ ਐਨ ਇੰਡੀਅਨ ਜੇਲ੍ਹ, ਮਸ਼ਹੂਰ ਕੰਨੜ ਅਦਾਕਾਰਾ ਸਨੇਹਲਤਾ ਰੈਡੀ ਦੀ ਡਾਇਰੀ, ਜਿਸਦੀ ਐਮਰਜੈਂਸੀ ਦੌਰਾਨ ਜੇਲ੍ਹ ਵਿਚ ਮੌਤ ਹੋ ਗਈ ਸੀ, ਅਤੇ ਅੰਜੁਮ ਹਬੀਬ ਦਾ ਕੈਦੀ ਨੰਬਰ 100: 'ਭਾਰਤੀ ਜੇਲ੍ਹ ਵਿਚ ਮੇਰੀ ਰਾਤਾਂ ਅਤੇ ਦਿਨਾਂ ਦਾ ਲੇਖਾ ਜੋਖਾ,' ਆਦਿ ਪੁਸਤਕਾਂ ਸਾਡੇ ਕੋਲ ਪਹਿਲਾਂ ਵੀ ਮੌਜੂਦ ਹਨ, ਅਤੇ ਜੇਲ੍ਹਾਂ ਵਿਚ ਰਹਿ ਕੇ ਸਮਕਾਲੀ ਕੈਦੀਆਂ ਬਾਰੇ ਲਿਖਣ ਦਾ ਸਿਲਸਿਲਾ ਵੀ ਭਾਵੇਂ ਬਹੁਤ ਪੁਰਾਣਾ ਹੈ ਪ੍ਰੰਤੂ ਸੁਧਾ ਭਾਰਦਵਾਜ ਇਸ ਸਾਰੇ ਵਰਤਾਰੇ ਨੂੰ ਨਵੇਂ ਅਰਥ ਉਦੋਂ ਪ੍ਰਦਾਨ ਕਰਦੀ ਹੈ ਜਦੋਂ ਉਹ ਨਿੱਕੀਆਂ ਨਿੱਕੀਆਂ ਚੀਜ਼ਾਂ ਨੂੰ ਬੜੀ ਬਰੀਕੀ ਨਾਲ ਦੇਖਦੀ ਤੇ ਬਿਆਨ ਕਰਦੀ ਹੋਈ ਆਪਣੇ ਦ੍ਰਿਸ਼ਟੀਕੋਣ ਦਾ ਪੱਲਾ ਨਹੀਂ ਛੱਡਦੀ ਤੇ ਨਾ ਹੀ ਆਪਣੀ ਵਿਚਾਰਧਾਰਾ ਨੂੰ ਭਾਰੂ ਹੋਣ ਦਿੰਦੀ ਹੈ।

ਸੁਧਾ ਭਾਰਦਵਾਜ ਨੇ ਜੇਲ੍ਹ ਵਿਚ ਕੱਪੜੇ ਉਤਾਰਨ ਦੀ ਆਪਣੀ ਪਹਿਲੀ ਰਸਮ ਦਾ ਵਰਣਨ ਕੀਤਾ ਹੈ, ਜੋ ਕਿ ਆਮ ਵਾਂਗ ਹੈ, "ਮੈਨੂੰ ਕਿਹਾ ਗਿਆ ਹੈ ਕਿ ਇੱਕ ਗੰਦੇ ਪਾਸੇ ਵਾਲੇ ਕਮਰੇ ਵਿਚ ਜਾ ਕੇ ਕੱਪੜੇ ਉਤਾਰ ਦਿਓ- 'ਹਾਂ, ਸਭ ਕੁਝ ਉਤਾਰ ਦਿਓ,' 'ਸਕੁਟ,' 'ਆਪਣੇ ਵਾਲ ਖੋਲ੍ਹੋ'।

ਪੀਆਈਟੀਏ, ਅਨੈਤਿਕ ਤਸਕਰੀ ਦੀ ਰੋਕਥਾਮ ਐਕਟ ਨਾਲ ਉਸਦੀ ਪਹਿਲੀ ਮੁਲਾਕਾਤ ਪੰਜ ਨੇਪਾਲੀ ਔਰਤਾਂ ਨਾਲ ਹੁੰਦੀ ਹੈ, ਜੋ ਸਾਲਾਂ ਤੋਂ ਆਪਣੇ ਪਰਿਵਾਰਾਂ ਦਾ ਸਮਰਥਨ ਕਰ ਰਹੀਆਂ ਸਨ। ਉਹ ਇੱਕ ਅੰਬੇਡਕਰਵਾਦੀ ਦਲਿਤ ਨਰਸ ਨੂੰ ਮਿਲਦੀ ਹੈ, ਜੋ ਰਾਖਵੇਂਕਰਨ ਦੀ ਮੰਗ ਕਰਨ ਵਾਲੇ ਮਰਾਠਿਆਂ ਦਾ ਮਜ਼ਾਕ ਉਡਾਉਂਦੀ ਹੈ ਅਤੇ ਆਪਣੀ ਧੀ ਨੂੰ ਪੁਲਿਸ ਅਫ਼ਸਰ ਬਣਾਉਣ ਦੇ ਸੁਪਨੇ ਲੈਂਦੀ ਹੈ। ਮਰਾਠੀ ਸਮੂਹ ਅਤੇ ਬੰਗਾਲੀ ਸਮੂਹ ਅਕਸਰ ਝਗੜਾ ਕਰਦੇ ਹਨ, ਪਰ ਉਨ੍ਹਾਂ ਦੇ ਵਿਚਕਾਰ ਇੱਕ ਜਵਾਨ, ਜੋਸ਼ੀਲੀ ਔਰਤ ਵੀ ਹੈ ਜੋ ਚੁਟਕਲੇ ਸੁਣਾਉਂਦੀ ਹੈ ਅਤੇ ਬੇਝਿਜਕ ਬਿਆਨ ਕਰਦੀ ਹੈ ਕਿ ਕਿਵੇਂ ਉਸਨੂੰ ਇੱਕ ਗੈਂਗਸਟਰ ਨਾਲ ਪਿਆਰ ਹੋ ਗਿਆ, ਜਿਸ ਦੇ ਕਤਲ ਦੇ ਦੋਸ਼ ਵਿਚ ਦੋਵਾਂ ਨੂੰ ਜੇਲ੍ਹ ਵਿਚ ਸੁੱਟ ਦਿੱਤਾ ਗਿਆ ਹੈ। ਉਸ ਨੂੰ ਅਜੇ ਵੀ ਉਸ ਵਿਚ ਵਿਸ਼ਵਾਸ ਹੈ। ਬੇਸ਼ੱਕ, ਬਹੁਤ ਸਾਰੀਆਂ ਔਰਤਾਂ ਹਨ ਜੋ ਆਪਣੇ ਦੁਰਵਿਵਹਾਰ ਕਰਨ ਵਾਲੇ ਜੀਵਨ ਸਾਥੀ ਦੀ ਹੱਤਿਆ ਦੇ ਦੋਸ਼ ਵਿਚ ਜੇਲ੍ਹ ਵਿਚ ਹਨ।

ਅਫਰੀਕੀ-ਅਮਰੀਕਨ ਨਾਗਰਿਕ ਅਧਿਕਾਰ ਕਾਰਕੁਨ ਐਂਜੇਲਾ ਡੇਵਿਸ ਅਤੇ ਹੋਰ ਜੇਲ੍ਹ ਸੁਧਾਰਕਾਂ ਵਲੋਂ ਲੰਬੇ ਸਮੇਂ ਤੋਂ ਇਸ ਗੱਲ 'ਤੇ ਜ਼ੋਰ ਦਿੱਤਾ ਜਾ ਰਿਹਾ ਹੈ ਕਿ ਘਰੇਲੂ ਸ਼ੋਸ਼ਣ ਦੀਆਂ ਸ਼ਿਕਾਰ ਔਰਤਾਂ ਨਾਲ ਵੱਖਰਾ ਸਲੂਕ ਕੀਤਾ ਜਾਣਾ ਚਾਹੀਦਾ ਹੈ ਕਿਉਂਕਿ ਇਹ ਨਾਖੁਸ਼ ਔਰਤਾਂ, ਜ਼ਿਆਦਾਤਰ ਹਾਲਾਤਾਂ ਦਾ ਸ਼ਿਕਾਰ ਹੁੰਦੀਆਂ ਹਨ। ਇਹ ਬਦਲਾ ਲੈਣ ਲਈ ਆਪਣੇ ਦੋਸ਼ੀਆਂ ਨੂੰ ਨੁਕਸਾਨ ਪਹੁੰਚਾਉਂਦੀਆਂ ਹਨ, ਅਤੇ ਕਈ ਵਾਰ ਆਪਣੀ ਜਾਨ ਵੀ ਲੈ ਲੈਂਦੀਆਂ ਹਨ। ਪਰ ਕਾਨੂੰਨ ਉਨ੍ਹਾਂ ਅਤੇ ਉਨ੍ਹਾਂ ਦੇ ਦੁੱਖਾਂ ਵਿਚਕਾਰ ਦਖਲਅੰਦਾਜ਼ੀ ਕਰਦਾ ਹੈ!

ਯੇਰਵਡਾ ਜੇਲ੍ਹ ਵਿਚ ਬਹੁਤ ਸਾਰੀਆਂ ਮਾਵਾਂ ਹਨ, ਜਿਸ ਵਿਚ ਇੱਕ ਸਕੂਲ ਅਤੇ ਇੱਕ ਤਰ੍ਹਾਂ ਦੀ ਕ੍ਰੈਚ ਹੈ। ਬੱਚੇ ਪੰਜ ਸਾਲ ਦੀ ਉਮਰ ਤੱਕ ਆਪਣੀਆਂ ਮਾਵਾਂ ਦੇ ਨਾਲ ਰਹਿੰਦੇ ਹਨ। ਭਾਰਦਵਾਜ ਨੇ ਪੋਕਸੋ (ਪ੍ਰੋਟੈਕਸ਼ਨ ਆਫ ਚਿਲਡਰਨ ਫਰਾਮ ਸੈਕਸੂਅਲ ਆਫੈਂਸ ਐਕਟ) ਦੇ ਤਹਿਤ ਦੋਸ਼ੀ ਠਹਿਰਾਈ ਗਈ ਇੱਕ ਲੰਬੀ ਮਹਿਲਾ ਬਾਰੇ ਲਿਖਿਆ। ਜਦੋਂ ਉਹ ਇੱਕ ਵਾਧੂ ਵਿਆਹੁਤਾ ਰਿਸ਼ਤਾ ਨਿਭਾ ਰਹੀ ਸੀ, ਉਸਦੀ ਭੈਣ ਦੀ ਨਾਬਾਲਗ ਧੀ ਨੇ ਆਪਣੇ ਪ੍ਰੇਮੀ ਦੇ ਦੋਸਤ ਨਾਲ ਰਿਸ਼ਤਾ ਬਣਾ ਲਿਆ। ਪਰਿਵਾਰਕ ਦਬਾਅ ਹੇਠ, ਲੜਕੀ ਨੇ ਆਪਣੀ ਮਾਸੀ 'ਤੇ ਦੋ ਵਿਅਕਤੀਆਂ ਨਾਲ ਮਿਲੀਭੁਗਤ ਕਰਨ ਦਾ ਦੋਸ਼ ਲਗਾਇਆ, ਜਿਨ੍ਹਾਂ ਨੇ ਦਾਅਵਾ ਕੀਤਾ ਕਿ ਉਸ ਨਾਲ ਸਮੂਹਿਕ ਬਲਾਤਕਾਰ ਕੀਤਾ ਗਿਆ ਸੀ।

ਭਾਰਦਵਾਜ ਲਿਖਦੀ ਹੈ, 'ਇਹ ਇੱਕ ਦੁਖੀ ਵਿਆਹ, ਸਮਾਜਿਕ ਤੌਰ 'ਤੇ ਅਸਵੀਕਾਰਨਯੋਗ ਪ੍ਰੇਮ ਸਬੰਧਾਂ ਅਤੇ ਵਿਨਾਸ਼ਕਾਰੀ ਕਾਨੂੰਨੀ ਬਦਲੇ ਦੀ ਦੁਖਦਾਈ ਕਹਾਣੀ ਹੈ ... ਇਹ ਉਨ੍ਹਾਂ ਮਾਮਲਿਆਂ ਵਿਚੋਂ ਇੱਕ ਹੈ ਜਿਸ ਵਿਚ ਮੇਰੇ ਵਰਗੀ ਨਾਰੀਵਾਦੀ ਵਕੀਲ ਨੂੰ ਵੀ ਬਲਾਤਕਾਰ ਦੇ ਕਾਨੂੰਨਾਂ ਨੂੰ ਗੰਭੀਰਤਾ ਨਾਲ ਦੇਖਣ ਲਈ ਮਜਬੂਰ ਕੀਤਾ ਜਾਂਦਾ ਹੈ ਜੋ ਸਿਰਫ਼ ਸਰਕਾਰੀ ਵਕੀਲ ਦੇ ਸਬੂਤਾਂ 'ਤੇ ਨਿਰਭਰ ਕਰਦੇ ਹਨ।"

ਭੀਮਾ ਕੋਰੇਗਾਓਂ ਕੇਸ ਵਿਚ ਗ੍ਰਿਫਤਾਰ ਕਾਰਕੁਨ-ਵਕੀਲ ਸੁਧਾ ਭਾਰਦਵਾਜ ਨੇ ਜੇਲ੍ਹ ਜੀਵਨ ਦੀ ਡਾਇਰੀ ਵੀ ਲਿਖੀ ਹੈ। 2021 ਵਿਚ ਰਿਹਾਅ ਹੋਈ, ਉਹ ਯੇਰਵਡਾ ਜੇਲ੍ਹ ਵਿਚ ਆਪਣੇ ਅਨੁਭਵ ਬਾਰੇ ਲਿਖਦੀ ਹੈ, 'ਇਸ ਕਿਤਾਬ ਵਿਚ, ਮੈਂ ਯੇਰਵਡਾ ਜੇਲ੍ਹ ਦੀਆਂ ਕੁਝ ਔਰਤਾਂ ਦੀਆਂ ਕਹਾਣੀਆਂ ਬਿਆਨ ਕਰਨ ਦੀ ਕੋਸ਼ਿਸ਼ ਕੀਤੀ ਹੈ ਜਿਵੇਂ ਮੈਂ ਉਨ੍ਹਾਂ ਨੂੰ ਉੱਥੇ ਰਹਿੰਦਿਆਂ ਇਕ ਸਾਲ ਅਤੇ ਦੋ ਮਹੀਨਿਆਂ ਵਿਚ ਦੇਖਿਆ। ਜਿਵੇਂ ਮੈਂ ਕਿਹਾ ਹੈ, ਉੱਥੇ ਦਿਨ ਇਕ ਦੂਜੇ ਵਿਚ ਵਿਲੀਨ ਹੋ ਜਾਂਦੇ ਹਨ, ਪਰ ਮੌਸਮ ਜਿਨ੍ਹਾਂ ਨੂੰ ਤੁਸੀਂ ਦੇਖਦੇ ਅਤੇ ਅਨੁਭਵ ਕਰਦੇ ਹੋ, ਉਹ ਤੁਹਾਡੀਆਂ ਔਕੜਾਂ ਨੂੰ ਹੋਰ ਵੀ ਬਦਤਰ ਬਣਾ ਦਿੰਦੇ ਹਨ, ਤੁਹਾਨੂੰ ਕੀਮਤੀ ਪਾਣੀ ਲਈ ਸੰਘਰਸ਼ ਕਰਨ, ਪੱਖੇ ਲਈ ਦਰਖ਼ਾਸਤ ਦੇਣ ਜਾਂ ਸੀਖਾਂ ਵਿਚੋਂ ਦੀ ਹੋ ਕੇ ਆਉਣ ਵਾਲੀ ਸਰਦ ਹਵਾ ਤੋਂ ਆਪਣੇ ਆਪ ਨੂੰ ਬਚਾਉਣ ਦੀ ਕੋਸ਼ਿਸ਼ ਕਰਨ ਲਈ ਮਜਬੂਰ ਕਰਦੇ ਹਨ। ਉਹ ਤੁਹਾਨੂੰ ਸ਼ਾਂਤ ਵੀ ਕਰਦੇ ਹਨ, ਤੁਹਾਨੂੰ ਤਰੋ ਤਾਜ਼ਾ ਕਰਦੇ ਹਨ ਅਤੇ ਤੁਹਾਨੂੰ ਕੁਦਰਤੀ ਸੰਸਾਰ ਬਾਰੇ ਉਸ ਨਾਲੋਂ ਵਧੇਰੇ ਜਾਗਰੂਕ ਬਣਾਉਂਦੇ ਹਨ, ਜਿੰਨਾ ਤੁਸੀਂ 'ਬਾਹਰ' ਰਹਿੰਦਿਆਂ ਹੁੰਦੇ ਹੋ। ਮੈਂ ਕਿਤਾਬ ਦੇ ਹਰੇਕ ਭਾਗ ਦਾ ਆਗਾਜ਼ ਇਕ ਰੁੱਤ ਤੋਂ ਅਗਲੀ ਰੁੱਤ ਤੱਕ ਆਪਣੇ ਤਜਰਬਿਆਂ 'ਤੇ ਆਧਾਰਤ ਕੁਝ ਪੈਰਿਆਂ ਨਾਲ ਕੀਤਾ ਹੈ, ਜਿਸ ਤੋਂ ਬਾਅਦ ਮੇਰੇ ਜੇਲ੍ਹ ਨੋਟਸ ਸ਼ੁਰੂ ਹੁੰਦੇ ਹਨ।'

# ਸਿੱਖ ਵਿਰਾਸਤੀ ਮਹੀਨਾ, ਕੈਨੇਡਾ ਦੀ ਤਰੱਕੀ ਵਿੱਚ ਸਿੱਖਾਂ ਦਾ ਯੋਗਦਾਨ ਅਤੇ ਇਤਿਹਾਸ

ਲੇਖਕ : ਪਰਮਜੀਤ ਸਿੰਘ

ਕੈਨੇਡਾ ਇੱਕ ਵਿਵਿਧਤਾ-ਪੂਰਨ ਦੇਸ਼ ਹੈ, ਜਿੱਥੇ ਵਿਭਿੰਨ ਸੰਸਕ੍ਰਿਤੀਆਂ ਨੇ ਆਪਣੇ-ਆਪਣੇ ਢੰਗ ਨਾਲ ਦੇਸ਼ ਦੀ ਤਰੱਕੀ ਵਿੱਚ ਯੋਗਦਾਨ ਪਾਇਆ ਹੈ। ਸਿੱਖ ਭਾਈਚਾਰੇ ਨੇ ਵੀ ਆਪਣੀ ਕੜੀ ਮਿਹਨਤ ਅਤੇ ਸੰਕਲਪ ਨਾਲ ਕੈਨੇਡਾ ਦੀ ਆਰਥਿਕ, ਸਮਾਜਿਕ, ਅਤੇ ਰਾਜਨੀਤਿਕ ਤਰੱਕੀ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ ਹੈ। ਹਰ ਅਪਰੈਲ ਮਹੀਨੇ ਨੂੰ "ਸਿੱਖ ਵਿਰਾਸਤੀ ਮਹੀਨਾ" ਵਜੋਂ ਮਨਾਇਆ ਜਾਂਦਾ ਹੈ, ਜੋ ਕਿ ਸਿੱਖਾਂ ਦੇ ਇਤਿਹਾਸ, ਉਨ੍ਹਾਂ ਦੇ ਯੋਗਦਾਨ, ਅਤੇ ਕੈਨੇਡਾ ਦੀ ਕੌਮ ਪਰਿਵਾਰ ਵਿੱਚ ਉਨ੍ਹਾਂ ਦੀ ਮਹੱਤਤਾ ਨੂੰ ਉਜਾਗਰ ਕਰਦਾ ਹੈ।

### ਸਿੱਖ ਕੌਮ ਦਾ ਕੈਨੇਡਾ ਵਿੱਚ ਇਤਿਹਾਸ

ਸਿੱਖ ਕੌਮ ਦੀ ਕੈਨੇਡਾ ਵਿੱਚ ਮੌਜੂਦਗੀ 19ਵੀਂ ਸਦੀ ਦੇ ਅੰਤ ਤੋਂ ਸ਼ੁਰੂ ਹੋਈ। ਪਹਿਲੇ ਸਿੱਖ ਪ੍ਰਵਾਸੀ 1897 ਵਿੱਚ ਕੈਨੇਡਾ ਆਏ, ਜਦੋਂ ਬ੍ਰਿਟਿਸ਼ ਫੌਜ ਦੇ ਹਿੱਸੇ ਵਜੋਂ ਕੁਝ ਸਿੱਖ ਜਵਾਨ ਵੈਂਕੂਵਰ ਪਹੁੰਚੇ। 20ਵੀਂ ਸਦੀ ਦੀ ਸ਼ੁਰੂਆਤ ਵਿੱਚ, ਬਹੁਤ ਸਾਰੇ ਸਿੱਖ ਮਜ਼ਦੂਰ ਤੌਰ 'ਤੇ ਬ੍ਰਿਟਿਸ਼ ਕੋਲੰਬੀਆ ਅਤੇ ਹੋਰ ਹਿੱਸਿਆਂ ਵਿੱਚ ਆਏ।

1914 ਵਿੱਚ ਕੋਮਾਗਾਟਾ ਮਾਰੂ ਘਟਨਾ ਹੋਈ, ਜਿਸ ਵਿੱਚ 376 ਭਾਰਤੀ ਪ੍ਰਵਾਸੀਆਂ ਨੂੰ (ਜਿਨ੍ਹਾਂ ਵਿੱਚੋਂ ਬਹੁਤੇ ਸਿੱਖ ਸਨ) ਕੈਨੇਡਾ ਵਿੱਚ ਪ੍ਰਵੇਸ਼ ਦੀ ਇਜਾਜ਼ਤ ਨਹੀਂ ਦਿੱਤੀ ਗਈ। ਇਹ ਘਟਨਾ ਸਿੱਖ ਇਤਿਹਾਸ ਦਾ ਇਕ ਮਹੱਤਵਪੂਰਨ ਹਿੱਸਾ ਹੈ, ਜੋ ਸਿੱਖ ਭਾਈਚਾਰੇ ਦੀ ਮੁਸ਼ਕਲਾਂ ਅਤੇ ਉਨ੍ਹਾਂ ਦੇ ਅਧਿਕਾਰਾਂ ਲਈ ਲੜਾਈ ਦੀ ਨਿਸ਼ਾਨੀ ਹੈ।

1950 ਅਤੇ 1960 ਦੇ ਦਹਾਕਿਆਂ ਵਿੱਚ, ਕੈਨੇਡਾ ਵਿੱਚ ਸਿੱਖ ਭਾਈਚਾਰੇ ਦੀ ਗਿਣਤੀ ਵਧਣੀ ਸ਼ੁਰੂ ਹੋਈ।



1970 ਅਤੇ 1980 ਦੇ ਦੌਰਾਨ, ਸਿੱਖ ਪੂਰੇ ਕੈਨੇਡਾ ਵਿੱਚ ਵਸ ਗਏ ਅਤੇ ਵੱਖ-ਵੱਖ ਉਦਯੋਗਾਂ, ਰਾਜਨੀਤੀ, ਅਤੇ ਸੇਵਾ ਖੇਤਰਾਂ ਵਿੱਚ ਆਪਣਾ ਨਾਮ ਬਣਾਇਆ। ਅੱਜ, ਕੈਨੇਡਾ ਵਿੱਚ ਲੱਖਾਂ ਦੀ ਗਿਣਤੀ ਵਿੱਚ ਸਿੱਖ ਵਸਦੇ ਹਨ, ਜੋ ਹਰ ਖੇਤਰ ਵਿੱਚ ਆਪਣੇ ਯੋਗਦਾਨ ਪਾ ਰਹੇ ਹਨ।

### ਕੈਨੇਡਾ ਦੀ ਆਰਥਿਕ ਤਰੱਕੀ ਵਿੱਚ ਯੋਗਦਾਨ

ਸਿੱਖ ਭਾਈਚਾਰਾ ਆਰਥਿਕ ਤਰੱਕੀ ਵਿੱਚ ਇੱਕ ਵੱਡਾ ਹਿੱਸਾ ਪੇਸ਼ ਕਰਦਾ ਹੈ। ਇਹਨਾਂ ਵਿੱਚ ਖੇਤੀਬਾੜੀ, ਟਰੱਕਿੰਗ, ਉਦਯੋਗ, ਅਤੇ ਕਾਰੋਬਾਰ ਮੁੱਖ ਸੈਕਟਰ ਹਨ, ਜਿੱਥੇ ਸਿੱਖ ਮਿਹਨਤ ਕਰ ਰਹੇ ਹਨ। ਬ੍ਰਿਟਿਸ਼ ਕੋਲੰਬੀਆ ਅਤੇ ਓਨਟਾਰੀਓ ਵਿੱਚ ਸਿੱਖ ਕਿਸਾਨ ਬਹੁਤ ਵੱਡੇ ਪੱਧਰ 'ਤੇ ਖੇਤੀਬਾੜੀ ਕਰਦੇ ਹਨ, ਜਿਸ ਨਾਲ ਕੈਨੇਡਾ ਦੀ ਖੇਤੀ ਆਧੁਨਿਕ ਬਣੀ ਹੈ।

ਟਰੱਕਿੰਗ ਉਦਯੋਗ ਵਿੱਚ, ਸਿੱਖ ਚਾਲਕਾਂ ਅਤੇ ਉੱਦਮੀ ਕਾਰੋਬਾਰੀ ਧੱਕੇਸ਼ਾਹੀ ਨਾਲ ਅੱਗੇ ਵਧ ਰਹੇ ਹਨ। ਆਮ ਮੰਨਿਆ ਜਾਂਦਾ ਹੈ ਕਿ ਕੈਨੇਡਾ ਦੀ ਲਾਜਿਸਟਿਕ ਅਤੇ ਆਵਾਜਾਈ ਉਦਯੋਗ ਵਿੱਚ ਸਿੱਖ ਭਾਈਚਾਰੇ ਦੀ ਇੱਕ ਮਹੱਤਵਪੂਰਨ ਭੂਮਿਕਾ ਹੈ।

### ਸਮਾਜਿਕ ਅਤੇ ਰਾਜਨੀਤਿਕ ਯੋਗਦਾਨ

ਸਿੱਖਾਂ ਨੇ ਕੈਨੇਡਾ ਦੀ ਰਾਜਨੀਤੀ ਵਿੱਚ ਵੀ ਆਪਣਾ ਨਾਂ ਬਣਾਇਆ ਹੈ। 2019 ਵਿੱਚ, ਜਗਮੀਤ ਸਿੰਘ ਕੈਨੇਡਾ ਵਿੱਚ ਕਿਸੇ ਮਹਾਨ ਫੈਡਰਲ ਪਾਰਟੀ ਦੇ ਪਹਿਲੇ ਸਿੱਖ ਨੇਤਾ ਬਣੇ। ਉਨ੍ਹਾਂ ਦੀ ਕਮਾਈ ਸਿਰਫ਼ ਸਿੱਖ ਭਾਈਚਾਰੇ ਲਈ ਹੀ ਨਹੀਂ, ਸਗੋਂ ਸਮੂਹ ਕੈਨੇਡਾ ਲਈ ਇੱਕ ਮਹੱਤਵਪੂਰਨ ਵਾਧੂ ਪ੍ਰਾਪਤੀ ਸੀ।

ਸਿੱਖ ਭਾਈਚਾਰਾ ਸੇਵਾ ਭਾਵਨਾ ਲਈ ਵੀ ਜਾਣਿਆ ਜਾਂਦਾ ਹੈ। ਅਕਾਲੀ ਦਲ, ਗੁਰਦੁਆਰੇ, ਅਤੇ ਹੋਰ ਸਿੱਖ ਸੰਸਥਾਵਾਂ ਭੁੱਖੇ ਨੂੰ ਮੁਫ਼ਤ ਲੰਗਰ ਪ੍ਰਦਾਨ ਕਰਦੇ ਹਨ। 2020 ਵਿੱਚ COVID-19 ਮਹਾਮਾਰੀ ਦੌਰਾਨ, ਕੈਨੇਡਾ ਭਰ ਵਿੱਚ ਸਿੱਖ ਗੁਰਦੁਆਰਿਆਂ ਨੇ ਲੱਖਾਂ ਭੁੱਖੇ ਲੋਕਾਂ ਨੂੰ ਖਾਣਾ ਮੁਹੱਈਆ ਕਰਵਾਇਆ।

### ਸਿੱਖ ਵਿਰਾਸਤ ਅਤੇ ਸੰਸਕ੍ਰਿਤੀ ਦਾ ਸੰਚਾਰ

ਸਿੱਖ ਵਿਰਾਸਤੀ ਮਹੀਨਾ ਇਸ ਗੱਲ ਦਾ ਪ੍ਰਭਾਵਸ਼ਾਲੀ ਦਿਲਾਸਾ ਦਿੰਦਾ ਹੈ ਕਿ ਕੈਨੇਡਾ ਵਿੱਚ ਸਿੱਖ ਵਿਰਾਸਤ ਕਿੰਨੀ ਮਹੱਤਵਪੂਰਨ ਹੈ। ਸਿੱਖ ਇਤਿਹਾਸ, ਫੈਸ਼ਨ, ਭਾਸ਼ਾ, ਅਤੇ ਧਾਰਮਿਕ ਇਤਿਹਾਸ ਨੂੰ ਪ੍ਰਚਾਰਿਤ ਕਰਨ ਲਈ ਵੱਖ-ਵੱਖ ਸਮਾਗਮ ਕੀਤੇ ਜਾਂਦੇ ਹਨ। ਇਹ ਮਹੀਨਾ ਨਵੇਂ ਪੀੜ੍ਹੀਆਂ ਨੂੰ ਆਪਣੀ ਵਿਰਾਸਤ ਨਾਲ ਜੋੜਨ ਵਿੱਚ ਮਦਦ ਕਰਦਾ ਹੈ। ਸਿੱਖਾਂ ਨੇ ਕੈਨੇਡਾ ਵਿੱਚ ਆਪਣੀ ਮਿਹਨਤ, ਸੇਵਾ, ਅਤੇ ਸਮਰਪਣ ਰਾਹੀਂ ਵੱਡਾ ਯੋਗਦਾਨ ਪਾਇਆ ਹੈ। ਉਹ ਸਿਰਫ਼ ਆਪਣੀ ਭਲਾਈ ਨਹੀਂ, ਸਗੋਂ ਸਮੂਹ ਕੈਨੇਡਾ ਦੀ ਤਰੱਕੀ ਵਿੱਚ ਵੀ ਮਹੱਤਵਪੂਰਨ ਭੂਮਿਕਾ ਨਿਭਾ ਰਹੇ ਹਨ। "ਸਿੱਖ ਵਿਰਾਸਤੀ ਮਹੀਨਾ" ਸਾਨੂੰ ਸਿੱਖ ਭਾਈਚਾਰੇ ਦੇ ਉਨ੍ਹਾਂ ਯੋਗਦਾਨਾਂ ਨੂੰ ਯਾਦ ਕਰਵਾਉਂਦਾ ਹੈ ਜੋ ਕੈਨੇਡਾ ਨੂੰ ਇੱਕ ਵਿਵਿਧ ਅਤੇ ਤਾਕਤਵਰ ਦੇਸ਼ ਬਣਾਉਂਦੇ ਹਨ।

---



# ਬਦਲਦਾ ਪੰਜਾਬ
## ਵਾਅਦੇ ਅਤੇ ਹਕੀਕਤ

ਲੇਖਕ : ਡਾ. ਰਾਜੀਵ ਖੋਸਲਾ
ਸੰਪਰਕ: 79860-36776

ਪੰਜਾਬ ਦੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਹਾਲ ਹੀ ਵਿੱਚ ਵਿੱਤੀ ਸਾਲ 2025-26 ਲਈ 2.36 ਲੱਖ ਕਰੋੜ ਰੁਪਏ ਦਾ ਬਜਟ ਪੇਸ਼ ਕੀਤਾ। 'ਬਦਲਦਾ ਪੰਜਾਬ' ਵਿਸ਼ਾ ਹੇਠ ਦਿੱਤੇ ਇਸ ਬਜਟ ਨੂੰ ਪੇਸ਼ ਕਰਦਿਆਂ ਵਿੱਤ ਮੰਤਰੀ ਨੇ ਕਿਹਾ ਕਿ ਇਸ ਵਾਰ ਦੇ ਬਜਟ ਦਾ ਮੰਤਵ ਪੰਜਾਬ ਨੂੰ ਆਰਥਿਕ ਤੌਰ 'ਤੇ ਮਜ਼ਬੂਤ ਬਣਾਉਣਾ ਹੈ। ਬਜਟ ਭਾਸ਼ਣ ਦੌਰਾਨ ਉਨ੍ਹਾਂ ਆਖਿਆ ਕਿ ਇਹ ਬਜਟ ਡਰੱਗ ਸੈਂਸਸ (ਨਸ਼ਿਆਂ ਵਿਚ ਡੁੱਬੇ ਲੋਕਾਂ ਦੀ ਗਣਨਾ) ਅਤੇ 'ਸਿਹਤ ਕਾਰਡ' ਪ੍ਰੋਗਰਾਮ ਵਿਸਥਾਰ ਵਰਗੇ ਨਵੀਨਕਾਰੀ ਉਪਾਅ ਦੇ ਨਾਲ-ਨਾਲ ਸਿਹਤ ਸੰਭਾਲ, ਸਿੱਖਿਆ ਅਤੇ ਬੁਨਿਆਦੀ ਢਾਂਚੇ ਦੇ ਵਿਕਾਸ ਵਰਗੇ ਮੁੱਖ ਖੇਤਰਾਂ 'ਤੇ ਵੀ ਕੇਂਦ੍ਰਿਤ ਹੈ। ਪੰਜਾਬ ਦੀਆਂ ਵਿਰੋਧੀ ਸਿਆਸੀ ਧਿਰਾਂ ਨੇ ਬਜਟ ਨੂੰ 'ਝੂਠ ਦੀ ਭਰਮਾਰ' ਉਚਾਰਿਆ ਅਤੇ ਕਿਹਾ ਕਿ ਇਸ ਨੇ ਸਮਾਜ ਦੇ ਸਾਰੇ ਵਰਗਾਂ ਨੂੰ 'ਨਿਰਾਸ਼' ਕੀਤਾ ਹੈ। ਉੱਘੇ ਅਰਥ ਸ਼ਾਸਤਰੀਆ ਨੇ ਵੀ ਕਿਹਾ ਹੈ ਕਿ ਪੰਜਾਬ ਦਾ ਅਰਥਚਾਰਾ ਸੁਰਜੀਤ ਕਰਨ ਖ਼ਾਤਿਰ ਇਸ ਬਜਟ ਨੇ ਕਿਸਾਨਾਂ, ਮਜਦੂਰਾਂ, ਕਰਮਚਾਰੀਆਂ ਜਾਂ ਉਦਯੋਗਪਤੀਆਂ ਲਈ ਕੋਈ ਨਵੀਆਂ ਤਜਵੀਜ਼ਾਂ ਨਹੀਂ ਰੱਖੀਆਂ। ਨਸ਼ੇ ਕਾਬੂ ਕਰਨ ਦੀ ਯਾਦ ਸਰਕਾਰ ਨੂੰ ਆਪਣੇ ਕਾਰਜਕਾਲ ਦੇ ਚੌਥੇ ਸਾਲ ਵਿਚ ਆਈ ਹੈ, ਔਰਤਾਂ ਨੂੰ 1000 ਰੁਪਏ ਦੇਣ ਦੇ ਚੋਣ ਵਾਅਦੇ 'ਤੇ ਤਾਂ ਸਰਕਾਰ ਹੁਣ ਵੀ ਖ਼ਾਮੋਸ਼ ਹੈ। ਸਰਕਾਰ ਅਤੇ ਵਿਰੋਧੀ ਧਿਰਾਂ ਦੇ ਨੁਕਤੇ ਵਿਚਾਰਨ ਤੋਂ ਬਾਅਦ ਆਮ ਜਨਤਾ ਲਈ ਭੰਬਲਭੂਸਾ ਬਣ ਜਾਂਦਾ ਹੈ। ਇਸ ਲਈ ਅੰਕੜਿਆਂ ਦੇ ਮੱਕੜ ਜਾਲ ਤੋਂ ਬਾਹਰ ਆਉਣ ਲਈ ਇਨ੍ਹਾਂ ਨੂੰ ਡੂੰਘਾਈ ਨਾਲ ਸਮਝਣ ਦੀ ਜ਼ਰੂਰਤ ਹੈ।

ਸਭ ਤੋਂ ਪਹਿਲਾਂ ਤਾਂ 2.36 ਲੱਖ ਕਰੋੜ ਰੁਪਏ ਅਤੇ ਇਸ ਬਜਟ ਦਾ ਆਕਾਰ ਹੀ ਵਧਿਆ ਹੋਇਆ ਜਾਪਦਾ ਹੈ; ਬਜਟ ਦਸਤਾਵੇਜ਼ ਆਪ ਬਿਆਨ ਕਰਦੇ ਹਨ ਕਿ 2025-26 ਲਈ ਉਪਾਅ ਅਤੇ ਸਾਧਨ ਪੇਸ਼ਗੀਆਂ ਤੋਂ ਬਿਨਾਂ ਸਰਕਾਰ ਦਾ ਕੁੱਲ ਖਰਚ 1.65 ਲੱਖ ਕਰੋੜ ਰੁਪਏ ਬਣਦਾ ਹੈ। ਉਪਾਅ ਅਤੇ ਸਾਧਨ ਪੇਸ਼ਗੀ ਭਾਰਤ ਦੇ ਕੇਂਦਰੀ ਬੈਂਕ ਦੁਆਰਾ ਕੇਂਦਰ ਅਤੇ ਰਾਜ ਸਰਕਾਰਾਂ ਨੂੰ ਮੁਹੱਈਆ ਕਰਵਾਈ ਜਾਣ ਵਾਲੀ ਉਹ ਸਹੂਲਤ ਹੈ ਜਿਸ ਅਧੀਨ ਉਨ੍ਹਾਂ ਦੀਆਂ ਪ੍ਰਾਪਤੀਆਂ ਅਤੇ ਖਰਚਿਆਂ ਦੀ ਅਸਥਾਈ ਬੇਮੇਲਤਾ ਨੂੰ ਪੂਰਾ ਕਰਨ ਖ਼ਾਤਿਰ ਉਨ੍ਹਾਂ ਨੂੰ ਕਰਜ਼ (ਤਿੰਨ ਮਹੀਨੇ ਲਈ) ਦੀ ਸਹੂਲਤ ਦਿੱਤੀ ਜਾਂਦੀ ਹੈ। ਉਪਾਅ ਅਤੇ ਸਾਧਨ ਪੇਸ਼ਗੀ ਤਹਿਤ ਜਿੰਨੀ ਵੱਡੀ ਜਾਂ ਜਿੰਨੀ ਵਾਰ ਰਕਮ ਲਈ ਜਾਂਦੀ ਹੈ, ਇਹ ਰਾਜ ਸਰਕਾਰ ਦੇ ਨਕਦੀ ਬਕਾਏ ਦੀ ਪ੍ਰਤੀਕੂਲ ਹਾਲਤ ਨੂੰ ਓਨਾ ਹੀ ਜ਼ਿਆਦਾ ਉਜਾਗਰ ਕਰਦੀ ਹੈ। ਬਜਟ ਵਿੱਚ ਵਿੱਤ ਮੰਤਰੀ ਨੇ ਉਪਾਅ ਅਤੇ ਸਾਧਨ ਪੇਸ਼ਗੀ ਲਈ 71250 ਕਰੋੜ ਰੁਪਏ ਰੱਖੇ ਹਨ ਜੋ ਪਿਛਲੇ ਬਜਟ ਅਨੁਮਾਨਾਂ (57000 ਕਰੋੜ ਰੁਪਏ) ਨਾਲੋਂ ਵੱਧ ਹਨ। 2025-26 ਲਈ ਬਿਨਾਂ ਉਪਾਅ ਅਤੇ ਸਾਧਨ ਪੇਸ਼ਗੀ ਦੇ ਕੁੱਲ ਅਨੁਮਾਨਿਤ ਖਰਚ 1.65 ਲੱਖ ਕਰੋੜ ਰੁਪਏ ਹੈ ਜੋ 2024-25 ਦੇ ਬਜਟ ਰਾਹੀਂ ਨਿਰਧਾਰਤ ਰਕਮ (1.48 ਲੱਖ ਕਰੋੜ ਰੁਪਏ) ਨਾਲੋਂ 17000 ਕਰੋੜ ਰੁਪਏ ਵੱਧ ਹੈ। ਜਦੋਂ ਬਜਟ ਦਸਤਾਵੇਜ਼ਾਂ ਦੀ ਹੋਰ ਡੂੰਘਾਈ ਵਿਚ ਛਾਣ-ਬੀਣ ਹੁੰਦੀ ਹੈ ਤਾਂ ਸਾਹਮਣੇ ਆਉਂਦਾ ਹੈ ਕਿ ਵਿੱਤ ਮੰਤਰੀ ਨੇ 17000 ਕਰੋੜ ਰੁਪਏ ਵੱਧ ਦੀ ਇਸ ਰਕਮ ਨੂੰ ਰਾਜ ਦੇ ਆਪਣੇ ਕਰਾਂ ਅਤੇ ਗੈਰ-ਕਰਾਂ (5350 ਕਰੋੜ ਰੁਪਏ) ਦੇ ਸਰੋਤਾਂ ਤੋਂ, ਕੇਂਦਰੀ ਕਰਾਂ (3600 ਕਰੋੜ ਰੁਪਏ) ਤੋਂ ਆਉਣ ਵਾਲੀ ਹਿੱਸੇਦਾਰੀ ਤੋਂ ਅਤੇ ਵਾਧੂ ਕਰਜ਼ੇ (8000 ਕਰੋੜ ਰੁਪਏ) ਪ੍ਰਾਪਤ ਕਰ ਮਾਲੀਏ ਵਿਚ ਜੋੜਨ ਦਾ ਪ੍ਰਸਤਾਵ ਰੱਖਿਆ ਹੈ।

ਇਉਂ, ਸਰਕਾਰ ਦੇ ਨੁਮਾਇੰਦਿਆਂ ਦਾ ਇਹ ਕਹਿਣਾ ਕਿ ਇਹ ਬਜਟ ਸਰਕਾਰ ਦਾ ਚੌਥਾ ਕਰ ਮੁਕਤ ਬਜਟ ਹੈ, ਪੂਰੀ ਤਰ੍ਹਾਂ ਸਹੀ ਨਹੀਂ; ਇਹ ਜ਼ਰੂਰ ਹੈ ਕਿ ਇਸ ਸਰਕਾਰ ਨੇ ਆਪਣੇ ਪਿਛਲੇ ਬਜਟਾਂ ਵਾਂਗ ਹੀ ਇਸ ਬਜਟ ਵਿਚ ਵੀ ਸਿੱਧੇ ਤੌਰ 'ਤੇ ਕੋਈ ਕਰ ਨਹੀਂ ਲਗਾਏ ਪਰ ਸਰਕਾਰ ਨੇ ਬਜਟ ਦਸਤਾਵੇਜ਼ਾਂ ਵਿੱਚ ਇਸ ਲਈ ਪੂਰੀ ਤਜਵੀਜ਼ ਰੱਖੀ ਹੈ। ਕੁਝ ਉਦਾਹਰਨਾਂ ਨਾਲ ਸਮਝਿਆ ਜਾ ਸਕਦਾ ਕਿ ਕਿਵੇਂ ਬਜਟ ਵਿਚ ਬਿਨਾਂ ਟੈਕਸ ਵਧਾਏ, ਬਾਅਦ ਵਿਚ ਸਰਕਾਰ ਨੇ ਲੋਕਾਂ 'ਤੇ ਟੈਕਸ ਲਗਾ ਕੇ ਮਾਲੀਆ ਕਮਾਇਆ ਹੈ। ਜੂਨ 2024 ਵਿਚ ਪੰਜਾਬ ਰਾਜ ਬਿਜਲੀ ਰੈਗੂਲੇਟਰੀ ਕਮਿਸ਼ਨ ਨੇ 16 ਜੂਨ 2024 ਤੋਂ 31 ਮਾਰਚ 2025 ਤੱਕ ਘਰੇਲੂ ਖਪਤਕਾਰਾਂ ਲਈ ਬਿਜਲੀ ਦਰਾਂ ਵਿੱਚ 11 ਪੈਸੇ ਪ੍ਰਤੀ ਯੂਨਿਟ ਅਤੇ ਉਦਯੋਗਕ ਖਪਤਕਾਰਾਂ ਲਈ 15 ਪੈਸੇ ਪ੍ਰਤੀ ਯੂਨਿਟ ਵਾਧਾ ਕਰਨ ਦਾ ਫੈਸਲਾ ਕੀਤਾ। ਪੰਜਾਬ ਸਰਕਾਰ ਨੇ ਸਤੰਬਰ 2024 ਵਿਚ ਪੈਟਰੋਲ ਅਤੇ ਡੀਜ਼ਲ 'ਤੇ ਵੈਟ ਵਿੱਚ ਕ੍ਰਮਵਾਰ 61 ਅਤੇ 92 ਪੈਸੇ ਪ੍ਰਤੀ ਲਿਟਰ ਵਾਧਾ ਕੀਤਾ ਜਿਸ ਨਾਲ ਸਰਕਾਰ ਨੂੰ ਡੀਜ਼ਲ ਤੋਂ ਲਗਭਗ 395 ਕਰੋੜ ਰੁਪਏ ਅਤੇ ਪੈਟਰੋਲ ਤੋਂ ਲਗਭਗ 150 ਕਰੋੜ ਰੁਪਏ ਦਾ ਮਾਲੀਆ ਵਧਿਆ।

ਇਸੇ ਤਰ੍ਹਾਂ ਪੰਜਾਬ ਸਰਕਾਰ ਨੇ ਨਵੰਬਰ 2021 ਵਿੱਚ ਚਰਨਜੀਤ ਸਿੰਘ ਚੰਨੀ ਦੀ ਅਗਵਾਈ ਹੇਠਲੀ ਕਾਂਗਰਸ ਸਰਕਾਰ ਦੇ 7 ਕਿਲੋਵਾਟ ਤੱਕ ਦੇ ਲੋਡ ਵਾਲੇ ਘਰੇਲੂ ਖਪਤਕਾਰਾਂ ਲਈ ਬਿਜਲੀ ਦਰਾਂ ਵਿੱਚ 3 ਰੁਪਏ ਪ੍ਰਤੀ ਯੂਨਿਟ ਦੀ ਸਬਸਿਡੀ ਵਾਲਾ ਫੈਸਲਾ ਵਾਪਸ ਲੈ ਲਿਆ ਜਿਸ ਨਾਲ ਸਰਕਾਰੀ ਖਜ਼ਾਨੇ ਨੂੰ ਪ੍ਰਤੀ ਸਾਲ 1500-1800 ਕਰੋੜ ਰੁਪਏ ਦਾ ਫਾਇਦਾ ਹੋਣ ਦਾ ਅਨੁਮਾਨ ਹੈ। ਆਮ ਲੋਕ ਜੀਐੱਸਟੀ ਤੋਂ ਵੀ ਕਿਸੇ ਰਾਹਤ ਦੀ ਉਮੀਦ ਨਹੀਂ ਕਰ ਸਕਦੇ ਕਿਉਂਕਿ ਬਜਟ ਵਿੱਚ ਦਰਜ ਹੈ ਕਿ ਪੰਜਾਬ ਸਰਕਾਰ ਦੀ ਜੀਐੱਸਟੀ ਤੋਂ ਪ੍ਰਾਪਤ ਆਮਦਨ ਜੋ 2024-25 ਵਿੱਚ 25750 ਕਰੋੜ ਰੁਪਏ ਸੀ, ਹੁਣ 2025-26 ਵਿੱਚ ਵਧ ਕੇ 27650 ਕਰੋੜ ਰੁਪਏ ਹੋ ਜਾਵੇਗੀ।

ਖਰਚੇ ਵਾਲੇ ਪੱਖ 'ਤੇ ਸਰਕਾਰ ਦਾ ਖਰਚਾ (ਇਸ ਬਜਟ ਦਾ ਆਕਾਰ) ਪੰਜਾਬ ਦੇ ਕੁੱਲ ਘਰੇਲੂ ਉਤਪਾਦਨ ਦੇ ਪ੍ਰਤੀਸ਼ਤ (18.49%) ਵਜੋਂ ਪਿਛਲੇ ਸਾਲ ਦੇ ਸੋਧੇ ਹੋਏ ਅਨੁਮਾਨਾਂ (19.02%) ਨਾਲੋਂ ਘੱਟ ਹੈ। ਇਸ ਦਾ ਅਰਥ ਹੈ ਕਿ ਮੌਜੂਦਾ ਸਰਕਾਰ ਕਿਤੇ ਨਾ ਕਿਤੇ ਆਮ ਜਨਤਾ 'ਤੇ ਹੋਣ ਵਾਲੇ ਖਰਚ ਤੋਂ ਹੱਥ ਖਿੱਚ ਰਹੀ ਹੈ। ਸਰਕਾਰ ਦੇ ਵਚਨਬੱਧ ਖਰਚੇ ਆਮ ਵਾਂਗ ਹੀ ਸਰਕਾਰ ਦੀਆਂ ਕੁੱਲ ਪ੍ਰਾਪਤੀਆਂ ਦਾ ਲਗਭਗ 50% ਭਾਗ ਹਨ ਜੋ ਪਹਿਲਾਂ ਨਾਲੋਂ ਮਾਮੂਲੀ ਜਿਹੀ ਕਮੀ ਦਰਸਾਉਂਦੇ ਹਨ। ਜੇ ਇਨ੍ਹਾਂ ਵਚਨਬੱਧ ਖਰਚਿਆਂ ਵਿਚ ਬਿਜਲੀ ਦੀ ਸਬਸਿਡੀ ਨੂੰ ਵੀ ਜੋੜ ਲਿਆ ਜਾਵੇ ਤਾਂ ਸਰਕਾਰ ਕੋਲ ਪ੍ਰਾਪਤ ਹੋਣ ਵਾਲੇ ਕੁੱਲ ਮਾਲੀਏ ਵਿਚ ਵਚਨਬੱਧ ਖਰਚਿਆਂ ਦਾ ਭਾਰ 60% ਤੱਕ ਪਹੁੰਚ ਜਾਂਦਾ ਹੈ। ਸਰਕਾਰਾਂ ਦੇ ਲਏ ਕਰਜ਼ਿਆਂ 'ਤੇ ਕੇਵਲ ਵਿਆਜ ਦੀ ਅਦਾਇਗੀ ਹੀ ਸਰਕਾਰ ਦੀਆਂ ਕੁੱਲ ਪ੍ਰਾਪਤੀਆਂ ਦਾ 15.39% ਬਣਦੀ ਹੈ।

ਹਾਲ ਹੀ ਵਿਚ ਨੀਤੀ ਆਯੋਗ ਦੁਆਰਾ ਜਾਰੀ ਰਿਪੋਰਟ ਵਿਚ ਦੱਸਿਆ ਗਿਆ ਹੈ ਕਿ ਕਿਵੇਂ ਪੰਜਾਬ ਸਰਕਾਰ ਕਰਜ਼ਿਆਂ ਦੇ ਮੱਕੜ ਜਾਲ ਵਿਚ ਫਸੀ ਹੋਈ ਹੈ। ਰਿਪੋਰਟ ਅਨੁਸਾਰ, ਹੋਰ ਰਾਜਾਂ ਦੇ ਮੁਕਾਬਲੇ ਪੰਜਾਬ ਦੀ ਆਰਥਿਕ ਹਾਲਤ ਵੱਧ ਨਾਜ਼ੁਕ ਹੈ ਕਿਉਂਕਿ ਪੰਜਾਬ ਸਿਰ ਘਰੇਲੂ ਉਤਪਾਦ ਦੇ ਅਨੁਪਾਤ ਵਿਚ ਕਰਜ਼ਾ 46.6% ਹੈ ਅਤੇ ਪੰਜਾਬ ਦੀ ਆਰਥਿਕ ਹਾਲਤ ਹੁਣ ਕੇਵਲ ਅਰੁਣਾਚਲ ਪ੍ਰਦੇਸ਼ ਵਰਗੇ ਛੋਟੇ ਜਿਹੇ ਸੂਬੇ ਤੋਂ ਹੀ ਬਿਹਤਰ ਹੈ। ਇਸ ਬਜਟ ਵਿੱਚ ਵੀ ਸਰਕਾਰ ਨੇ ਪਿਛਲੇ ਸਾਲ ਲਏ 41831 ਕਰੋੜ ਰੁਪਏ ਦੇ ਮੁਕਾਬਲੇ, 49900 ਕਰੋੜ ਰੁਪਏ ਦਾ ਕਰਜ਼ਾ ਲੈਣ ਦੀ ਤਜਵੀਜ਼ ਰੱਖੀ ਹੈ ਜੋ ਪਿਛਲੇ ਸਾਲ ਨਾਲੋਂ ਲਗਭਗ 8000 ਕਰੋੜ ਰੁਪਏ ਵੱਧ ਹੈ।

ਜਦੋਂ ਆਮ ਆਦਮੀ ਪਾਰਟੀ ਨੇ 2022 ਵਿਚ ਪੰਜਾਬ ਵਿੱਚ ਸੱਤਾ ਸੰਭਾਲੀ ਸੀ ਤਾਂ ਉਸ ਵੇਲੇ ਪੰਜਾਬ ਸਿਰ ਕੁੱਲ ਕਰਜ਼ਾ ਲਗਭਗ 2.82 ਲੱਖ ਕਰੋੜ ਰੁਪਏ ਸੀ ਜੋ ਬਜਟ 2025 ਦੇ ਦਸਤਾਵੇਜ਼ਾਂ ਅਨੁਸਾਰ ਹੁਣ ਵਧ ਕੇ 3.83 ਲੱਖ ਕਰੋੜ ਰੁਪਏ ਹੋ ਚੁੱਕਾ ਹੈ ਅਤੇ ਮਾਰਚ 2026 ਤੱਕ ਇਹ 4.17 ਲੱਖ ਕਰੋੜ ਰੁਪਏ ਤੱਕ ਪਹੁੰਚਣ ਦਾ ਅਨੁਮਾਨ ਹੈ। ਇਸ ਰਫ਼ਤਾਰ ਨਾਲ ਇਸ ਸਰਕਾਰ ਦੇ ਕਾਰਜਕਾਲ ਦੌਰਾਨ ਪੰਜਾਬ ਸਿਰ ਕੁੱਲ ਕਰਜ਼ਾ 4.50 ਲੱਖ ਕਰੋੜ ਰੁਪਏ ਤੋਂ ਵੱਧ ਦਾ ਹੋ ਜਾਵੇਗਾ; ਇਹ ਸਰਕਾਰ ਆਪਣੇ ਪੰਜ ਸਾਲਾਂ ਦੇ ਕਾਰਜਕਾਲ ਵਿੱਚ ਲਗਭਗ 1.70 ਲੱਖ ਕਰੋੜ ਰੁਪਏ ਲੈਣ ਲਈ ਜ਼ਿੰਮੇਵਾਰ ਹੋਵੇਗੀ। ਬਜਟ ਦਸਤਾਵੇਜ਼ਾਂ ਅਨੁਸਾਰ, ਸਰਕਾਰ ਨੇ ਪਿਛਲੇ 3 ਸਾਲਾਂ ਵਿੱਚ 59000 ਕਰੋੜ ਰੁਪਏ ਦੀ ਬਿਜਲੀ ਸਬਸਿਡੀ ਦਿੱਤੀ ਹੈ; ਮਾਰਚ 2026 ਤੱਕ ਇਹ ਅੰਕੜਾ ਲਗਭਗ 80000 ਕਰੋੜ ਰੁਪਏ ਤੱਕ ਪਹੁੰਚ ਜਾਵੇਗਾ। ਜੇ ਸਰਕਾਰ ਨੇ ਇਸ ਸਬਸਿਡੀ ਦੀ ਵੰਡ ਨੂੰ ਅੰਨ੍ਹੇਵਾਹ ਨਾ ਕੀਤਾ ਹੁੰਦਾ ਅਤੇ ਇਸ ਦਾ ਅੱਧਾ ਹਿੱਸਾ ਵੀ ਪੂੰਜੀਗਤ ਖਰਚ ਵੱਲ ਸੇਧਿਤ ਕੀਤਾ ਹੁੰਦਾ ਤਾਂ ਅੱਜ ਪੰਜਾਬ ਦੀ ਆਰਥਿਕਤਾ ਦਾ ਸੱਚ ਕੁਝ ਹੋਰ ਹੁੰਦਾ। ਪੰਜਾਬ ਸਰਕਾਰ ਦਾ ਪੂੰਜੀਗਤ ਖਰਚਾ (2024-25 ਲਈ 7445 ਕਰੋੜ ਰੁਪਏ) ਜੋ ਪੰਜਾਬ ਵਿੱਚ ਬੁਨਿਆਦੀ ਢਾਂਚਾ ਉਸਾਰਨ ਲਈ ਜ਼ਿੰਮੇਵਾਰ ਹੈ ਅਤੇ ਜੋ ਅੱਗੇ ਚੱਲ ਕੇ ਰੁਜ਼ਗਾਰ ਦੇ ਵਸੀਲੇ ਪੈਦਾ ਕਰ ਸਕਦਾ ਹੈ ਤੇ ਨਿੱਜੀ ਨਿਵੇਸ਼ ਆਕਰਸ਼ਿਤ ਕਰਨ ਦੀ ਸਮਰੱਥਾ ਰੱਖਦਾ ਹੈ, ਪਹਿਲਾਂ ਤਾਂ ਬਹੁਤ ਘੱਟ ਮਿੱਥਿਆ ਗਿਆ ਸੀ; ਉੱਝ, ਜੋ ਮਿੱਥਿਆ ਵੀ ਗਿਆ ਸੀ, ਉਹ ਵੀ ਪੂਰੀ ਤਰ੍ਹਾਂ (ਫਰਵਰੀ ਦੇ ਅੰਤ ਤੱਕ 5818 ਕਰੋੜ ਰੁਪਏ) ਖਰਚ ਨਹੀਂ ਹੋਇਆ ਹੈ। ਜ਼ਾਹਿਰ ਹੈ ਕਿ ਕਿਵੇਂ ਸਰਕਾਰ ਦੀਆਂ ਨੀਤੀਆਂ ਪੰਜਾਬ ਨੂੰ ਕਰਜ਼ੇ ਵੱਲ ਧੱਕ ਰਹੀਆਂ ਹਨ।

ਜਦੋਂ ਤੱਕ ਸਰਕਾਰ ਮਾਹਿਰਾਂ ਦੀ ਸਲਾਹ ਲੈ ਕੇ ਅਤੇ ਉਨ੍ਹਾਂ ਦੁਆਰਾ ਦਿੱਤੀਆਂ ਸਿਫ਼ਾਰਸ਼ਾਂ ਲਾਗੂ ਨਹੀਂ ਕਰਦੀ, ਉਦੋਂ ਤੱਕ ਵਾਅਦਿਆਂ ਅਤੇ ਹਕੀਕਤਾਂ ਵਿਚਕਾਰ ਦਰਾੜ ਨਜ਼ਰ ਆਉਂਦੀ ਰਹੇਗੀ ਜਿਸ ਨੂੰ ਛੁਪਾਉਣ ਲਈ ਸਰਕਾਰ ਕਦੇ ਗੁੱਝੇ ਟੈਕਸ ਲਾਵੇਗੀ, ਕਦੀ ਖਰਚੇ ਘੱਟ ਕਰੇਗੀ ਅਤੇ ਕਦੇ ਕਰਜ਼ੇ ਲੈ ਕੇ ਲੋਕਾਂ ਨੂੰ ਮੁਫ਼ਤ ਸਹੂਲਤਾਂ ਦੇਵੇਗੀ। ਇਉਂ ਗਿਣਤੀਆਂ-ਮਿਣਤੀਆਂ ਦੀ ਖੇਡ ਜਾਰੀ ਰਹੇਗੀ।

# ਕੌਮਾਂ ਬਾਰੇ ਪਹਿਲੀ ਗੰਭੀਰ ਪੁਸਤਕ ਆਈ ਪੰਜਾਬ ਦੇ ਵਿਹੜੇ

## ਕੀ ਹੈ ਸਿੱਖ ਕੌਮ ਅਤੇ ਕਿਉਂ ਤੇ ਕਿਵੇਂ ਹੈ ਇਹ ਕੌਮ- ਅੰਤਰਰਾਸ਼ਟਰੀ ਪ੍ਰਸੰਗ ਵਿਚ ਇਨ੍ਹਾਂ ਵੱਡੇ ਸਵਾਲਾਂ ਦੇ ਜਵਾਬ

ਲੇਖਕ : ਕਰਮਜੀਤ ਸਿੰਘ ਚੰਡੀਗੜ੍ਹ
ਫੋਨ: 99150-91063

ਜਦੋਂ ਆਪਣਾ ਕੋਈ ਇਹ ਕਹੇ ਕਿ ਸਿੱਖ ਇੱਕ ਕੌਮ ਹਨ ਤਾਂ ਇਉਂ ਮਹਿਸੂਸ ਹੁੰਦਾ ਹੈ ਜਿਵੇਂ ਖਾਲਸਾ ਪੰਥ ਦੇ ਚਮਨ ਵਿਚ ਕਿੰਨੇ ਫੁੱਲ ਇੱਕੋ ਸਮੇਂ ਖਿੜ ਗਏ ਹੋਣ ਜਾਂ ਇਉਂ ਵੀ ਲੱਗਦਾ ਹੈ ਕਿ ਭੁੱਲ ਚੁੱਕੇ ਅਤੀਤ ਅਤੇ ਰੁਲਦੇ ਵਰਤਮਾਨ ਦੇ ਵਲਵਲਿਆਂ ਦਾ ਕੋਈ ਸਾਂਝਾ ਦਰਬਾਰ ਲੱਗ ਗਿਆ ਹੋਵੇ ਜਾਂ ਇਹ ਮਹਿਸੂਸ ਹੁੰਦਾ ਹੈ ਜਿਵੇਂ ਰਾਜ ਕਰਨ ਦੀ ਤਮੰਨਾ ਤੇ ਰੀਝ ਦੇ ਜਜ਼ਬੇ ਅਤੇ ਰਾਜ ਦੇ ਖੁੱਸ ਜਾਣ ਦਾ ਡੂੰਘਾ ਤੇ ਅਕਹਿ ਦਰਦ ਇਕੋ ਵੇਲੇ ਕਿਸੇ ਡੂੰਘੀ ਨੀਂਦ ਵਿਚੋਂ ਜਾਗ ਪਿਆ ਹੋਵੇ। ਕੌਮ ਅਤੇ ਕੌਮਵਾਦ ਦੇ ਸਾਰੇ ਵਿਦਵਾਨ ਆਪਸੀ ਮਤਭੇਦਾਂ ਦੇ ਬਾਵਜੂਦ ਇਹ ਗੱਲ ਮੰਨਦੇ ਹਨ, ਹੈਰਾਨ ਵੀ ਹਨ ਅਤੇ ਇਸ ਸਵਾਲ ਦਾ ਜਵਾਬ ਵੀ ਲੱਭਦੇ ਹਨ ਕਿ ਆਖਰਕਾਰ ਕੌਮ ਸ਼ਬਦ ਨੇ ਸਾਰੀ ਦੁਨੀਆ ਨੂੰ ਆਪਣੀ ਬੁੱਕਲ ਵਿਚ ਕਿਵੇਂ ਅਤੇ ਕਿਉਂ ਲੈ ਲਿਆ ਹੈ? ਕੌਮ ਇੱਕ ਇਹੋ ਜਿਹਾ ਸ਼ਬਦ ਬਣ ਚੁੱਕਾ ਹੈ ਜਿਸ ਨੇ ਸਾਰੀਆਂ ਕੋਮਲ ਕਲਾਵਾਂ, ਬਰੀਕ ਤੋਂ ਬਰੀਕ ਜਜ਼ਬੇ, ਆਸਾਂ ਉਮੀਦਾਂ, ਮਾਣ, ਗੌਰਵ, ਅਣਖ, ਗ਼ੈਰਤ, ਨਾਦ, ਸੰਗੀਤ, ਅਹਿਸਾਸ, ਇੱਛਾਵਾਂ, ਵਫਾਦਾਰੀਆਂ, ਇਤਿਹਾਸ ਵਿਚ ਮਿਲੇ ਜ਼ਖ਼ਮ, ਹਸਰਤਾਂ ਤੇ ਪੀੜਾਂ ਨੂੰ ਆਪਣੇ ਵਿਚ ਸਮੋ ਲਿਆ ਹੈ। ਜਦੋਂ ਕੌਮ ਦੀ ਗੱਲ ਕਰਦੇ ਹਾਂ ਤਾਂ ਇਹ ਹੋਰ ਵੀ ਹੈਰਾਨੀ ਹੁੰਦੀ ਹੈ ਕਿ ਕਈ ਹਾਲਤਾਂ ਵਿਚ ਤਾਂ ਕੌਮ ਦਾ ਰੁਤਬਾ ਧਰਮ ਨਾਲ ਜੁੜੇ ਸੁੱਚੇ ਜਜ਼ਬਿਆਂ ਤੋਂ ਵੀ ਉੱਚਾ ਸਥਾਨ ਅਖਤਿਆਰ ਕਰ ਲੈਂਦਾ ਹੈ। ਪਰ ਫਿਰ ਤੁਸੀਂ ਪੁੱਛੋਗੇ ਕਿ ਆਖਰ ਕੌਮ ਹੈ ਕੀ? ਕੌਮਵਾਦ ਕਿਸ ਨੂੰ ਕਹਿੰਦੇ ਹਨ? ਨੇਸ਼ਨ-ਸਟੇਟ ਤੇ ਸਟੇਟ ਨੇਸ਼ਨ ਵਿਚ ਬਰੀਕ ਫਰਕ ਕਿਹੜਾ ਹੈ? ਫਿਰ ਤੁਸੀਂ ਇਹ ਸਵਾਲ ਵੀ ਕਰੋਗੇ ਕਿ ਭਾਰਤ ਦੀ ਨੇਸ਼ਨ-ਸਟੇਟ ਦਾ ਮੁਹਾਂਦਰਾ ਕਿਹੋ ਜਿਹਾ ਹੈ? ਕੀ ਇਹ ਅਣਦਿਸਦੀ ਹਿੰਦੂ ਸਟੇਟ ਹੈ ਜਿਸ ਨੇ ਅਜੇ ਸਾਹਮਣੇ ਆਉਣ ਦੀ ਗੱਲ ਅੱਗੇ ਪਾਈ ਹੋਈ ਹੈ? ਇਹੋ ਜਿਹੇ ਵੱਡੇ ਅਤੇ ਗੁੰਝਲਦਾਰ ਸਵਾਲਾਂ ਦੇ ਡੂੰਘੇ ਜਵਾਬਾਂ ਦਾ ਸਿਲਸਿਲਾ ਸਾਡੀ ਕੌਮ ਵਿਚ ਕਦੇ ਵੀ ਸ਼ੁਰੂ ਨਹੀਂ ਹੋਇਆ। ਤੁਹਾਨੂੰ ਇਹ ਜਾਣ ਕੇ ਦੁੱਖ ਵੀ ਲੱਗੇਗਾ ਤੇ ਗੁੱਸਾ ਵੀ ਆ ਸਕਦਾ ਹੈ ਕਿ ਸਾਡੀ ਕੌਮ ਦੇ ਵਿਦਵਾਨਾਂ ਵਿਚ ਕੌਮ ਬਾਰੇ ਜਾਨਣ ਦੀ ਰਾਜਨੀਤਕ ਪਿਆਸ ਕਿਉਂ ਨਹੀਂ ਪੈਦਾ ਹੋਈ? ਉਦੋਂ ਵੀ ਅਸੀਂ ਵਿਚਾਰਾਂ ਦੀ ਲਹਿਰ ਨਹੀਂ ਚਲਾਈ ਜਦੋਂ ਸਿਰਦਾਰ ਕਪੂਰ ਸਿੰਘ ਨੇ ਅਨੰਦਪੁਰ ਸਾਹਿਬ ਮਤੇ ਦੇ ਪਹਿਲੇ ਪਹਿਰੇ ਵਿਚ ਹੀ ਇਹ ਐਲਾਨ ਕਰ ਦਿੱਤਾ ਸੀ ਕਿ ਸਿੱਖ ਬਾਕਾਇਦਾ ਮਾਨਤਾ ਪ੍ਰਾਪਤ ਰਾਜਨੀਤਿਕ ਕੌਮ ਹੈ ਜਿਸ ਦਾ ਆਰੰਭ ਖਾਲਸਾ ਪੰਥ ਦੇ ਜਨਮ ਨਾਲ ਹੀ ਹੋ ਗਿਆ ਸੀ। ਸਿੱਖ ਪੰਥ ਦੇ ਇਸ ਮਹਾਨ ਦਾਨਸ਼ਵਰ ਵੱਲੋਂ ਸਿਰਜੇ ਇਸ ਇਤਿਹਾਸਕ ਮਤੇ ਤੋਂ ਪਿੱਛੋਂ ਵੀ ਕੌਮ ਸ਼ਬਦ ਦੇ ਡੂੰਘੇ ਅਰਥਾਂ ਦੀਆਂ ਡੂੰਘੀਆਂ ਗੱਲਾਂ ਕਿਸੇ ਵੀ ਉੱਚੇ ਪੱਧਰ ਦੀ ਰਾਜਨੀਤਕ ਮਹਿਫਲ ਵਿਚ ਨਹੀਂ ਹੋਈਆਂ। ਹਾਂ, ਕੋਈ ਟਾਵਾਂ ਟੱਲਾ ਲੇਖ ਜਾਂ ਕੌਮ ਨਾਲ ਜੁੜੀਆਂ ਜਜ਼ਬਾਤੀ ਕਿਸਮ ਦੀਆਂ ਹਮਦਰਦੀਆਂ ਤੇ ਕੱਚੇ ਪਿੱਲੇ ਬਿਆਨ ਤਾਂ ਜ਼ਰੂਰ ਮਿਲ ਜਾਣਗੇ ਪਰ ਨਿਠ ਕੇ ਵੱਡੀ ਡਿਬੇਟ ਕਦੇ ਵੀ ਨਹੀਂ ਹੋਈ। ਫਿਰ 1981 ਦਾ ਸਾਲ ਚੜ੍ਹਿਆ ਜਦੋਂ ਇੱਕ ਉੱਘੇ ਅਮਰੀਕਨ ਸਿੱਖ ਸਰਦਾਰ ਗੰਗਾ ਸਿੰਘ ਢਿੱਲੋਂ ਨੇ ਆਲ ਇੰਡੀਆ ਸਿੱਖ ਐਜੂਕੇਸ਼ਨਲ ਕਾਨਫਰਸ ਦੀ 54ਵੀਂ ਵਰ੍ਹੇਗੰਢ ਮੌਕੇ ਚੰਡੀਗੜ੍ਹ ਵਿਚ ਹੋਏ ਇੱਕ ਸਮਾਗਮ ਦੌਰਾਨ ਪ੍ਰਧਾਨਗੀ ਭਾਸ਼ਨ ਦਿੰਦਿਆਂ ਐਲਾਨ ਕੀਤਾ ਕਿ ਸਿੱਖ ਵੱਖਰੀ ਕੌਮ ਹਨ। ਉਸ ਸਮੇਂ ਸਿੱਖਾਂ ਦੇ ਵੱਡੇ ਹਿੱਸੇ ਵਿਚ ਕੌਮ ਬਾਰੇ ਜਾਣਨ ਦਾ ਉਤਸ਼ਾਹ ਪੈਦਾ ਜ਼ਰੂਰ ਹੋਇਆ ਪਰ ਗੰਗਾ ਸਿੰਘ ਢਿੱਲੋਂ ਵਿਰੁੱਧ ਇੰਨਾ ਰੌਲਾ ਪਿਆ, ਇੰਨਾ ਸ਼ੋਰ ਸ਼ਰਾਬਾ ਹੋਇਆ ਕਿ ਇਹ ਸ਼ੋਰ ਅਸਮਾਨ ਦੀਆਂ ਕੰਧਾਂ ਨਾਲ ਜਾ ਲੱਗਾ ਅਤੇ ਵਿਚਾਰੇ ਗੰਗਾ ਸਿੰਘ ਢਿਲੋਂ ਨੂੰ ਵਾਪਸ ਅਮਰੀਕਾ ਵੱਲ ਤੋਰ ਦਿੱਤਾ ਗਿਆ, ਹਾਲਾਂਕਿ ਉਸ ਨੇ ਅਜੇ ਤਤਕਾਲੀਨ ਰਾਸ਼ਟਰਪਤੀ ਗਿਆਨੀ ਜ਼ੈਲ ਸਿੰਘ ਵੱਲੋਂ ਆਏ ਸੱਦਾ ਪੱਤਰ ਦੇ ਜਵਾਬ ਵਿਚ ਮਿਲਣਾ ਸੀ। ਪਰ ਸਾਰੇ ਜਣੇ ਮਿਲਣ ਤੋਂ ਜਵਾਬ ਦੇ ਗਏ। ਉਦੋਂ ਹੀ ਪਤਾ ਲੱਗਾ ਕਿ ਭਾਰਤ ਸਰਕਾਰ ਦੀਆਂ ਨਜ਼ਰਾਂ ਵਿਚ ਸਿੱਖ ਕੌਮ ਲਈ 'ਕੌਮ' ਦਾ ਸ਼ਬਦ ਵਰਤਣਾ ਕਿੰਨਾ ਖ਼ਤਰਨਾਕ ਹੈ। ਮੈਂ ਇਤਫਾਕ ਵਸ ਪੰਜਾਬੀ ਟ੍ਰਿਬਿਊਨ ਲਈ ਉਸ ਕਾਨਫਰੰਸ ਦੀ ਕਵਰੇਜ ਵੀ ਕੀਤੀ ਸੀ ਅਤੇ ਇਹ ਵੀ ਕਿਹਾ ਸੀ ਕਿ ਕੌਮ ਦੀ ਗੱਲ ਹੁਣ ਦੂਰ ਤੱਕ ਜਾਵੇਗੀ। ਅੱਜ ਭਾਵੇਂ ਹਰ ਕੋਈ ਕੌਮ-ਕੌਮ ਸ਼ਬਦ ਦੀ ਖੁੱਲ੍ਹ ਕੇ ਵਰਤੋਂ ਕਰਦਾ ਹੈ ਤੇ ਸਰਕਾਰਾਂ ਨੂੰ ਵੀ ਬਹੁਤਾ ਫਰਕ ਨਹੀਂ ਪੈਂਦਾ, ਪਰ ਜਦੋਂ ਤੁਸੀਂ ਕੌਮ ਦੇ ਡੂੰਘੇ ਤੇ ਗਹਿਰ ਗੰਭੀਰ ਅਰਥਾਂ ਦੀ ਨਦੀ ਵਿਚ ਤਰਨ ਲੱਗ ਜਾਓਗੇ ਤਾਂ 'ਬੇਗਾਨੇ' ਤੁਹਾਨੂੰ ਉਸੇ ਨਦੀ ਵਿਚ ਡਬੋ ਕੇ ਹੀ ਸਾਹ ਲੈਣਗੇ। ਇੱਕ ਹੋਰ ਦੁੱਖ ਵੀ ਤੁਹਾਡੇ ਨਾਲ ਸਾਂਝਾ ਕਰਨ ਨੂੰ ਦਿਲ ਕਰ ਆਇਆ ਹੈ, ਜਿਸ ਦੁੱਖ ਵਿਚ ਰੋਸ, ਗਿਲੇ, ਮਿਹਣੇ ਤੇ ਨਿਹੋਰੇ ਵੀ ਸ਼ਾਮਿਲ ਹਨ। ਸਾਡੀ ਕੌਮ ਦੇ ਪਹਿਲੇ ਤੇ ਦੂਜੇ ਦਰਜੇ ਦੇ ਰਾਜਸੀ ਆਗੂ, ਪ੍ਰਚਾਰਕ, ਕਥਾਵਾਚਕ, ਵਿਦਵਾਨ ਅਤੇ ਡੂੰਘੀ ਵਿਦਵਤਾ ਵਿਚ ਰੰਗੇ ਬੁੱਧੀਜੀਵੀ ਵੀ ਅਤੇ ਸੁਲਝੇ ਹੋਏ ਪੱਤਰਕਾਰ ਵੀ ਧਾਰਮਿਕ ਤੇ ਰਾਜਨੀਤਕ ਜਲਸਿਆਂ ਅਤੇ ਸੈਮੀਨਾਰਾਂ ਵਿਚ ਕਦੇ ਹਲੇਮੀ ਰਾਜ, ਕਦੇ ਨਿਹਚਲ ਰਾਜ, ਕਦੇ ਬੇਗਮਪੁਰਾ, ਕਦੇ ਪੂਰਨ ਆਜ਼ਾਦੀ, ਕਨਫੈਡਰੇਸ਼ਨ, ਖਾਲਸਾ ਰਾਜ, ਅਤੇ ਕਦੇ ਸਿੱਖ ਹੋਮਲੈਂਡ ਵਰਗੀਆਂ ਗੱਲਾਂ ਕਰਦੇ ਹਨ ਤੇ ਇਹੋ ਜਿਹਾ ਰਾਜ ਕਾਇਮ ਕਰਨ ਦੀਆਂ ਇਛਾਵਾਂ ਦਾ ਪ੍ਰਗਟਾਵਾ ਤਾਂ ਕਰਦੇ ਹਨ ਤੇ ਲਗਾਤਾਰ ਕਰਦੇ ਜਾ ਵੀ ਰਹੇ ਹਨ। ਪਰ ਇਹ ਸਾਰਾ ਕਾਫਲਾ ਸਿੱਖ ਕੌਮ ਦੇ ਰਾਜਨੀਤਕ ਨਿਸ਼ਾਨੇ ਬਾਰੇ ਵੱਡਾ ਧੁੰਦਲਕਾ ਫੈਲਾਉਂਦਾ ਹੈ ਅਤੇ ਜੇਕਰ ਇਨ੍ਹਾਂ ਵੀਰਾਂ ਦੀ ਰਾਜਨੀਤਕ ਤੇ ਵਿਚਾਰਧਾਰਕ ਫੋਲਾਫਰੋਲੀ ਕੀਤੀ ਜਾਵੇ ਤਾਂ ਇਹ ਸਾਰੇ ਥੋੜ੍ਹੇ ਬਹੁਤੇ ਫਰਕ ਨਾਲ ਭਾਰਤ ਦੇ ਅੰਦਰ ਹੀ ਆਪਣੀ ਰਾਜਨੀਤਕ ਹੋਣੀ ਦੀ ਤਲਾਸ਼ ਕਰਦੇ ਹਨ। ਇਹ ਵੀਰ ਉਪਰੋਕਤ ਸ਼ਬਦਾਂ ਦਾ ਵਿਸ਼ਲੇਸ਼ਣ ਤੇ ਵਿਆਖਿਆ ਕਰਦਿਆਂ ਕਦੇ ਵੀ ਹਲੇਮੀ ਰਾਜ ਵਰਗੇ ਵਿਚਾਰਾਂ ਨੂੰ ਕੌਮ ਬਾਰੇ ਚੱਲ ਰਹੀਆਂ ਅੰਤਰਰਾਸ਼ਟਰੀ ਬਹਿਸਾਂ ਨਾਲ ਜੋੜ ਕੇ ਕੋਈ ਸਾਰਥਕ ਦਿਸ਼ਾ ਜਾਂ ਸੇਧ ਨਹੀਂ ਦਿੰਦੇ। ਕਿਉਂ ਸੇਧ ਨਹੀਂ ਦਿੰਦੇ? ਇਸ ਸਵਾਲ ਦੇ ਵੱਖਰੇ-ਵੱਖਰੇ ਜਵਾਬ ਲੱਭਣ ਦੀ ਜ਼ਿੰਮੇਵਾਰੀ ਤੁਸੀਂ ਖੁਦ ਹੀ ਆਪਣੇ ਰਾਜਨੀਤਕ ਮੋਢਿਆਂ 'ਤੇ ਕਿਉਂ ਨਹੀਂ ਚੁੱਕਦੇ? ਪਰ ਹੁਣ ਕੌਮ ਅਤੇ ਕੌਮਵਾਦ ਬਾਰੇ ਅਤੇ ਇਨ੍ਹਾਂ ਸ਼ਬਦਾਂ ਨਾਲ ਜੁੜੇ ਹੋਰ ਵਰਤਾਰਿਆਂ ਤੇ ਗੰਭੀਰ ਟਰਮਾਂ ਬਾਰੇ ਅੱਧ ਕੱਚੀਆਂ ਗੱਲਾਂ, ਵੇਲਾ ਵਿਹਾ ਚੁੱਕੀਆਂ ਗੱਲਾਂ ਤੇ ਬਹੀਆਂ ਤਰਬਈਆਂ ਗੱਲਾਂ ਦਾ ਦੌਰ ਖਤਮ ਹੋ ਗਿਆ ਹੈ ਅਤੇ ਅਸੀਂ ਨਵੇਂ ਦੌਰ ਵਿਚ ਦਾਖਲ ਹੋ ਰਹੇ ਹਾਂ, ਜਿਸ ਦੀ ਸ਼ੁਰੂਆਤ ਸਰਦਾਰ ਅਵਤਾਰ ਸਿੰਘ ਇੰਗਲੈਂਡ ਨੇ ਆਪਣੀ ਪਲੇਠੀ ਪੁਸਤਕ 'ਸਿੱਖ ਕੌਮਵਾਦ ਦਾ ਸੰਕਲਪ' ਵਿਚ ਕੀਤੀ ਹੈ ਤੇ ਇਸੇ ਕਿਤਾਬ ਦੇ ਸਬ-ਹੈਡਿੰਗ ਵਿਚ ਐਲਾਨ ਕੀਤਾ ਹੈ ਕਿ 'ਨਾ ਹਮ ਹਿੰਦੂ ਨ ਮੁਸਲਮਾਨ'। ਛੋਟੇ ਜਿਹੇ ਇਸ ਸਿਰਲੇਖ ਵਿਚ ਲੇਖਕ ਯਾਦ ਕਰਾਉਂਦਾ ਹੈ ਕਿ ਕੌਮ ਨੂੰ ਇਹ ਅਹਿਸਾਸ ਪਲ-ਪਲ ਹੋਣਾ ਚਾਹੀਦਾ ਹੈ ਕਿ ਉਹ ਕੀ ਹਨ ਅਤੇ ਕੀ ਨਹੀਂ ਹਨ ਤਾਂ ਕਿ ਕੋਈ ਦੁਸ਼ਮਣ ਉਨ੍ਹਾਂ ਦੀ ਗਲਤ ਵਿਆਖਿਆ ਨਾ ਕਰੇ। ਕੌਮ ਆਪਣੇ ਆਪ ਵਿਚ ਇੱਕ ਸਵੈ-ਪਰਿਭਾਸ਼ਤ ਸਮੂਹ ਹੈ ਜਾਂ ਦੂਜੇ ਲਫਜ਼ਾਂ ਵਿਚ ਕੌਮ ਆਪਣੀ ਵਿਆਖਿਆ ਖੁਦ ਕਰਦੀ ਹੈ ਅਤੇ ਕਿਸੇ ਬੇਗਾਨੇ ਦੀਆਂ ਪਰੀ ਭਾਸ਼ਾਵਾਂ ਜਾਂ ਵਿਆਖਿਆਵਾਂ ਦੀ ਮੁਥਾਜ ਨਹੀਂ ਹੁੰਦੀ ਬਲਕਿ ਆਪਣੇ ਆਪ ਬਾਰੇ ਖੁਦ ਫੈਸਲੇ ਕਰਦੀ ਹੈ। 413 ਪੰਨਿਆਂ ਵਿਚ ਫੈਲੀ ਇਸ ਪੁਸਤਕ ਦੇ 17 ਕਾਂਡ ਹਨ ਅਤੇ ਗੰਭੀਰ ਪੁਸਤਕਾਂ ਨੂੰ ਪਾਠਕਾਂ ਦੇ ਵਿਹੜੇ ਵਿਚ ਲਿਆਉਣ ਵਾਲੀ ਸੰਸਥਾ 'ਰੀਥਿੰਕ ਬੁਕਸ' ਵੱਲੋਂ ਇਹੋ ਪੁਸਤਕ ਛਾਪੀ ਗਈ ਹੈ। ਦਿਲਚਸਪ ਗੱਲ ਇਹ ਹੈ ਕਿ ਇਸ ਪੁਸਤਕ ਦੀ ਭੂਮਿਕਾ ਡੈੱਨਮਾਰਕ ਸਥਿਤ ਵਿਦਵਾਨ ਡਾਕਟਰ ਜਸਵੀਰ ਸਿੰਘ ਨੇ ਲਿਖੀ ਹੈ ਜਿਨ੍ਹਾਂ ਨੂੰ ਕੌਮਾਂ ਅਤੇ ਰਾਜ ਵਿਹੂਣੀਆਂ ਕੌਮਾਂ ਅਤੇ ਮੁਲਕਾਂ ਦੀਆਂ ਵੱਖ-ਵੱਖ ਨੇਸ਼ਨ-ਸਟੇਟਸ ਦੇ ਮੂੰਹ ਮੁਹਾਂਦਰੇ, ਰੂਪਾਂ, ਕਿਸਮਾਂ ਤੇ ਉਨ੍ਹਾਂ ਵਿਚ ਵੱਖ-ਵੱਖ ਫਰਕਾਂ ਬਾਰੇ ਡੂੰਘੀ ਸਮਝ ਹੈ। ਇਸ ਦਿਸ਼ਾ ਵਿਚ ਉਨ੍ਹਾਂ ਦੀ ਕਿਤਾਬ ਵੀ ਛੇਤੀ ਹੀ ਦਸਤਕ ਦੇ ਰਹੀ ਹੈ। ਪਹਿਲੇ ਦੋ ਕਾਂਡਾਂ ਨੂੰ ਜੇ ਤੁਸੀਂ ਨਿੱਠ ਕੇ ਅਤੇ ਦੋ ਤਿੰਨ ਵਾਰ ਪੜ੍ਹਨ ਦੀ ਵਿਹਲ ਕੱਢੋਗੇ ਤਾਂ ਤੁਸੀਂ ਕੌਮ ਤੇ ਕੌਮਵਾਦ, ਕੌਮ ਦੀ ਪਰਿਭਾਸ਼ਾ ਤੇ ਕੌਮਾਂ ਦੇ ਹੋਂਦ ਵਿਚ ਆਉਣ ਤੋਂ ਪਹਿਲਾਂ ਕੌਮਾਂ ਦੀ ਸਥਿਤੀ ਬਾਰੇ ਅਤੇ ਇਸ ਪੱਖ ਤੋਂ ਸੰਸਾਰ ਭਰ ਦੇ ਵਿਦਵਾਨਾਂ ਵਿਚ ਕੌਮ ਬਾਰੇ ਟਕਰਾਉਂਦੇ ਤੇ ਮਿਲਦੇ-ਜੁਲਦੇ ਵਿਚਾਰਾਂ ਨਾਲ ਲੈਸ ਹੋ ਜਾਓਗੇ। ਤੁਸੀਂ ਕਿਸੇ ਵੀ ਮਹਿਫਲ ਵਿਚ ਸੰਜੀਦਾ ਬਹਿਸ ਕਰਨ ਦੇ ਵੀ ਕਾਬਲ ਹੋਵੋਗੇ ਤੇ ਹੋਰਨਾਂ ਦੇ ਅੰਦਰ ਵੀ ਕੌਮਾਂ ਬਾਰੇ ਜਾਨਣ ਦੀ ਜਗਿਆਸਾ ਪੈਦਾ ਕਰੋਗੇ। ਉਚਾ ਉਡਣ ਦੇ ਖੰਭ ਦੇ ਰਹੀ ਹੈ ਇਹ ਕਿਤਾਬ। ਇਹ ਕਾਂਡ ਪੜ੍ਹਦਿਆਂ ਤੁਹਾਨੂੰ ਸਿੱਖ ਕੌਮ ਦੀ ਵਰਤਮਾਨ ਸਥਿਤੀ ਬਾਰੇ ਆਪਣੇ ਆਪ ਹੀ ਸਮਝ ਆ ਜਾਵੇਗੀ। ਮੈਂ ਇਸ ਪੁਸਤਕ ਦਾ ਕੋਈ ਅਕਾਦਮਕ ਕਿਸਮ ਦਾ ਰਿਵਿਊ ਨਹੀਂ ਕਰ ਰਿਹਾ ਅਤੇ ਨਾ ਹੀ ਇਸ ਪੁਸਤਕ ਨੂੰ ਗੰਭੀਰ ਊਣਤਾਈਆਂ ਅਤੇ ਕਮਜ਼ੋਰੀਆਂ ਤੋਂ ਸੱਖਣਾ ਦੱਸ ਰਿਹਾ ਹਾਂ। ਇਸ ਕਿਤਾਬ ਦੀ ਸਭ ਤੋਂ ਵੱਡੀ ਪ੍ਰਾਪਤੀ ਇਹ ਹੈ ਕਿ ਕਿਤਾਬ ਤੁਹਾਡੇ ਅੰਦਰ 'ਪ੍ਰਭੂ ਸੰਪੰਨ ਸਿੱਖ ਸਟੇਟ' ਦਾ ਇੱਕ ਠੋਸ ਆਧਾਰ ਜ਼ਰੂਰ ਸਥਾਪਿਤ ਕਰ ਦੇਵੇਗੀ ਅਤੇ ਨਾਲ ਹੀ ਕੌਮ ਬਾਰੇ ਅਹਿਸਾਸ ਦਾ ਇੱਕ ਆਲਮ ਵੀ ਸਿਰਜ ਦੇਵੇਗੀ। ਇਹ ਪੁਸਤਕ ਬਹੁਤ ਸਾਰੇ ਉਨ੍ਹਾਂ ਭੁਲੇਖਿਆਂ ਨੂੰ ਵੀ ਦੂਰ ਕਰ ਦੇਵੇਗੀ ਜੋ ਸਰਕਾਰਾਂ ਜਾਂ ਸਰਕਾਰ-ਪ੍ਰਸਤ ਵਿਦਵਾਨਾਂ ਜਾਂ ਖੱਬੇ ਪੱਖੀ ਵਿਦਵਾਨਾਂ ਦੇ ਬਿਰਤਾਂਤਾਂ ਵਿਚ ਅਕਸਰ ਹੀ ਅਤੇ ਆਸਾਨੀ ਨਾਲ ਲੱਭੇ ਜਾ ਸਕਦੇ ਹਨ। ਇਹ ਕਿਤਾਬ ਉਨ੍ਹਾਂ ਵੀਰਾਂ ਨੂੰ ਵੀ ਸਿਧਮ ਸਿੱਧੀ ਚੁਣੌਤੀ ਹੈ ਜੋ ਅਸਲ ਵਿਚ ਪ੍ਰਭੂ ਸੰਪੰਨ ਸਿੱਖ ਸਟੇਟ ਦੇ ਸੰਕਲਪ ਵੱਲ ਪਿੱਠ ਕਰ ਕੇ ਬੈਠੇ ਹਨ ਅਤੇ ਉੱਪਰੋਂ-ਉੱਪਰੋਂ ਭਾਵੇਂ ਖਾਲਿਸਤਾਨ ਦੇ ਹੱਕ ਵਿਚ ਬੋਲਦੇ ਹਨ ਪਰ ਢਿੱਡੋਂ ਜਾਂ ਲੁਕ-ਛਿਪ ਕੇ ਜਾਂ 'ਆਫ ਦੀ ਰਿਕਾਰਡ' ਇਹੋ ਕਹਿੰਦੇ ਹਨ ਕਿ ਸਿੱਖ ਇੱਕ ਕੌਮ ਨਹੀਂ ਹਨ ਪਰ ਕੌਮ ਤੋਂ ਪਾਰ ਦੀ ਕੋਈ ਗੱਲ ਹੈ। ਜਾਂ ਇਹ ਕਹਿਣਗੇ ਪਈ ਸਿੱਖ ਤਾਂ ਸਮੁੱਚੇ ਬ੍ਰਹਿਮੰਡ ਦੇ ਹਾਣੀ ਹਨ ਅਤੇ ਹੁਣ ਉਹ ਵੀਰ ਆਪਣੀਆਂ ਸਰਗਰਮੀਆਂ ਕਰਦਿਆਂ ਇਥੋਂ ਤੱਕ ਚਲੇ ਗਏ ਹਨ ਕਿ ਸਿੱਖਾਂ ਦੇ ਮੁਲਕ ਦੀਆਂ ਕੋਈ ਹੱਦਾਂ ਹੀ ਨਹੀਂ ਹੋ ਸਕਦੀਆਂ। ਇਨ੍ਹਾਂ ਵੀਰਾਂ ਦੀ ਵਿਹਾਰਕ ਸਿਆਸਤ ਤੋਂ ਸੱਖਣੀ 'ਬ੍ਰਹਿਮੰਡੀ ਗਲਵੱਕੜੀ' ਨੂੰ ਵੀ ਲੇਖਕ ਨੇ ਆਲੋਚਨਾ ਦੇ ਘੇਰੇ ਵਿਚ ਰੱਖਿਆ ਹੈ। ਇਉਂ ਲੱਗਦਾ ਹੈ ਕਿ ਇਹ ਬ੍ਰਹਿਮੰਡੀ ਗਲਵੱਕੜੀ ਦੀ ਸਰਗਰਮੀ ਓੜਕ ਨੂੰ ਭਾਰਤੀ ਸਟੇਟ ਵਿਚ ਹੀ ਆਪਣੀ ਥਾਂ ਤਲਾਸ਼ ਕਰ ਰਹੀ ਹੈ ਜੋ ਕਈ ਕਾਰਨਾਂ ਕਰਕੇ ਅਜੇ ਅਣਦਿਸਦੀ ਰੱਖੀ ਗਈ ਹੈ। ਹੋਰ ਗੱਲ। ਇਹ ਪੁਸਤਕ ਸੁਣੀਆਂ-ਸੁਣਾਈਆਂ ਗੱਲਾਂ ਉੱਤੇ ਅਧਾਰਤ ਨਹੀਂ, ਸਗੋਂ ਠੋਸ ਦਲੀਲਾਂ ਅਤੇ ਹਵਾਲਿਆਂ ਨਾਲ ਸਿੱਧ ਕਰਦੀ ਹੈ ਕਿ ਸਿੱਖ ਪੰਥ ਨੇ ਜੇ ਇੱਕ ਸੰਪੂਰਨ ਕੌਮ ਬਣਨਾ ਹੈ ਤਾਂ ਉਸ ਲਈ ਪ੍ਰਭੂ ਸੰਪੰਨ ਸਟੇਟ ਕਾਇਮ ਕਰਨੀ ਜ਼ਰੂਰੀ ਹੈ। ਜਦੋਂ ਕੌਮ ਸੰਪੂਰਨ ਹੋ ਜਾਂਦੀ ਹੈ ਤਾਂ ਸਟੇਟ ਅਤੇ ਕੌਮ ਦਾ ਫਰਕ ਮਿਟ ਜਾਂਦਾ ਹੈ ਅਤੇ ਕੌਮ ਪੂਰੀ ਤਰ੍ਹਾਂ ਰੂਹਾਨੀ ਵਰਤਾਰਾ ਬਣ ਜਾਂਦੀ ਹੈ। ਲੇਖਕ ਸਿੱਖ ਸਟੇਟ ਦੀ ਰੂਪਰੇਖਾ ਨੂੰ ਵੀ ਕੁਝ ਇਸ ਤਰ੍ਹਾਂ ਹੀ ਦੇਖਦਾ ਹੈ। ਲੇਖਕ ਸ਼ਾਇਦ ਇਹ ਕਹਿਣਾ ਚਾਹੁੰਦਾ ਹੈ ਕਿ ਜਦੋਂ ਕੌਮ ਇੱਕ ਰੂਹਾਨੀ ਵਰਤਾਰਾ ਬਣ ਕੇ ਉਸਰਦੀ ਹੈ ਤਾਂ ਉਸ ਵੱਲੋਂ ਉਸਾਰੀ ਸਟੇਟ ਵਿਚ ਕਿਸੇ ਵੀ ਤਸ਼ੱਦਦ, ਕਤਲੇਆਮ ਜਾਂ ਅਣਮਨੁੱਖੀ ਸਰਗਰਮੀ ਦਾ ਕੋਈ ਤਰਕ ਹੀ ਨਹੀਂ ਰਹਿ ਜਾਂਦਾ। ਵੈਸੇ ਸਾਡੇ ਸੁਪਨਿਆਂ ਦੀ ਸਿੱਖ ਸਟੇਟ ਵਿਚ ਇਹੋ ਜਿਹੇ ਤੱਤ ਜ਼ਰੂਰ ਹੋਣੇ ਚਾਹੀਦੇ ਹਨ। 1984 ਦੇ ਦਰਬਾਰ ਸਾਹਿਬ ਦੇ ਸਾਕੇ ਪਿੱਛੋਂ ਜਿਨ੍ਹਾਂ ਨੇ ਪੰਜਾਬੀ ਕੌਮ ਦਾ ਸੰਕਲਪ ਠੇਲਿਆ, ਲੇਖਕ ਉਨ੍ਹਾਂ ਨੂੰ ਵੀ ਭਟਕੇ ਹੋਏ ਇਤਿਹਾਸਕਾਰ ਅਤੇ ਮੌਕਾਪ੍ਰਸਤ ਖੁਦਗਰਜ਼ ਵਿਦਵਾਨ ਆਖਦਾ ਹੈ ਜੋ ਕਈ ਕਿਸਮ ਦੀਆਂ ਵਿਆਖਿਆਵਾਂ ਪਰਨਾਲੀਆਂ ਰਾਹੀਂ ਇਹ ਸਿੱਧ ਕਰਨ ਦੀ ਕੋਸ਼ਿਸ਼ ਕਰਦੇ ਹਨ ਕਿ ਸਿੱਖ ਇੱਕ ਕੌਮ ਨਹੀਂ ਹਨ, ਮਹਿਜ਼ ਇੱਕ ਭਾਈਚਾਰਾ ਹੀ ਹੈ। ਲੇਖਕ ਪ੍ਰਸਿੱਧ ਯਹੂਦੀ ਵਿਦਵਾਨ ਸਾਈਮਨ ਡੁਬਨਾਓ ਦੇ ਸਿਧਾਂਤ ਨੂੰ ਸਿੱਖ ਪ੍ਰਸੰਗ ਵਿਚ ਰੱਖ ਕੇ ਇਹ ਐਲਾਨ ਕਰ ਰਿਹਾ ਹੈ ਕਿ ਸਿੱਖਾਂ ਦੀ ਕੌਮੀਅਤ ਧਰਮ ਦੇ ਗਿਲਾਫ ਵਿਚ ਲਪੇਟੀ ਹੋਈ ਹੈ ਅਤੇ ਧਰਮ ਤੋਂ ਬਿਨਾਂ ਸਿੱਖ ਕੌਮ ਦਾ ਤਸਵਰ ਵੀ ਨਹੀਂ ਕੀਤਾ ਜਾ ਸਕਦਾ। ਜਿਹੜੇ ਅਜਿਹਾ ਕਰਨ ਦੀ ਹਿਮਾਕਤ ਕਰ ਰਹੇ ਹਨ, ਉਹ ਡੁਬਨਾਓ ਦੇ ਸ਼ਬਦਾਂ ਵਿਚ ਸਿੱਖ ਧਰਮ ਦੀ ਸਰਬਉੱਚਤਾ 'ਤੇ ਸਵਾਲ ਚੁੱਕ ਰਹੇ ਹਨ। ਕੀ ਕੋਈ ਕੌਮ 'ਸਟੇਟ' ਤੋਂ ਬਿਨਾਂ ਵੀ ਬਚ ਸਕਦੀ ਹੈ? ਅਵਤਾਰ ਸਿੰਘ ਮੁਤਾਬਕ ਬਚ ਸਕਦੀ ਹੈ ਬਸ਼ਰਤੇ ਉਹ ਕੌਮ ਆਪਣੇ ਅੰਦਰੂਨੀ ਖੋਰੇ ਨੂੰ ਖਤਮ ਕਰੇ ਤੇ ਜਾਂਬਾਜ਼ ਸੂਰਮਿਆਂ ਅਤੇ ਆਪਣੇ ਗੁਰੂਆਂ, ਪਵਿੱਤਰ ਸੰਤ ਪੁਰਸ਼ਾਂ ਦੀ ਰਹਿਨੁਮਾਈ ਥੱਲੇ ਕੰਮ ਕਰੇ। ਇਸ ਦਿਸ਼ਾ ਵਿਚ ਉਸ ਨੂੰ ਆਪਣੇ ਨਿਆਰੇ ਕੌਮੀ ਮਿਥਾਂ ਦੀ ਯਾਦ ਨੂੰ ਹਰ ਸਮੇਂ ਆਪਣੇ ਦਿਲ ਵਿਚ ਸਾਂਭ ਕੇ ਰੱਖਣਾ ਚਾਹੀਦਾ ਹੈ। ਇਹ ਨਿਸ਼ਾਨ ਉਸ ਕੌਮ ਨੂੰ ਬਾਕੀ ਕੌਮਾਂ ਨਾਲੋਂ ਵੱਖਰਾ ਦਰਸਾਉਂਦੇ ਹਨ। ਇਸ ਸਬੰਧ ਵਿਚ ਨਿਆਰੇ ਬੋਲ ਬਾਲੇ, ਇਸ ਦੇ ਨਿਸ਼ਾਨ, ਭਾਸ਼ਾ, ਪਹਿਰਾਵਾ, ਅਤੇ ਇਥੋਂ ਤੱਕ ਲਹਿਲਹਾਉਂਦੇ ਖੇਤ, ਝਰਨੇ, ਨਦੀਆਂ, ਟੋਭੇ, ਪਹਾੜ, ਪੱਗਡੰਡੀਆਂ, ਸੂਏ, ਨਹਿਰਾਂ, ਕਸੀਆਂ, ਕਿਲੇ, ਬੁੰਗੇ, ਹਵੇਲੀਆਂ, ਢੱਠੀਆਂ ਹੋਈਆਂ ਇਮਾਰਤਾਂ, ਖੰਡਰ, ਯਾਦਾਂ ਵਿਚ ਇੱਕ ਤਰ੍ਹਾਂ ਨਾਲ ਇਲਾਹੀ ਚਿੰਨ੍ਹ ਬਣ ਜਾਂਦੇ ਹਨ। ਕਈ ਵਾਰ ਕੌਮਾਂ ਲੰਮੇ ਸਮੇਂ ਲਈ ਕੌਮੀ ਜਜ਼ਬੇ ਦੀ ਇਹੋ ਜਿਹੀ ਉਦਾਸ ਹਾਲਤ ਵਿਚੋਂ ਵੀ ਲੰਘਦੀਆਂ ਹਨ ਜਿਸ ਨੂੰ ਇੱਕ ਵਿਦਵਾਨ ਡੌਰਨ ਮੈਂਡਰਜ਼ ਅਧਸੁਤੀ ਭਾਵਨਾ ਜਾਂ ਪੈਸਿਵ ਨੈਸ਼ਨਲਿਜ਼ਮ ਵੀ ਕਹਿੰਦਾ ਹੈ। ਕਈ ਵਾਰ ਕੌਮ ਜਾਂ ਕੌਮਵਾਦ ਇਤਿਹਾਸਕ ਝਟਕਿਆਂ ਨਾਲ ਵੀ ਜਾਗਦਾ ਹੈ। ਮਿਸਾਲ ਵਜੋਂ ਦਰਬਾਰ ਸਾਹਿਬ ਉੱਤੇ ਫੌਜੀ ਹਮਲਾ ਇਹੋ ਜਿਹਾ ਹੀ ਇਕ ਇਤਿਹਾਸਕ ਝਟਕਾ ਸੀ। ਅਵਤਾਰ ਸਿੰਘ ਕੌਮਵਾਦੀ ਜਜ਼ਬੇ ਬਾਰੇ ਅਰਥ ਭਰਪੂਰ ਟਿੱਪਣੀ ਕਰਦੇ ਹਨ ਕਿ ਕੌਮਾਂ ਵਿਚ ਕੌਮਵਾਦੀ ਜਜ਼ਬਾ ਬੇਸ਼ੱਕ ਕੁਝ ਸਮੇਂ ਲਈ ਮੱਠਾ ਪੈ ਜਾਵੇ, ਪਰ ਉਸ ਦੀ ਮੌਤ ਕਦੇ ਵੀ ਨਹੀਂ ਹੁੰਦੀ। ਜਦੋਂ ਵੀ ਕੌਮ ਉੱਤੇ ਕੋਈ ਵੱਡਾ ਬਾਹਰੀ ਹਮਲਾ ਜਾਂ ਸਿਧਾਂਤਕ ਹਮਲਾ ਹੁੰਦਾ ਹੈ ਤਾਂ ਕੌਮ ਫਿਰ ਆਪਣੇ ਪੁਰਖਿਆਂ ਤੋਂ ਪ੍ਰੇਰਨਾ ਲੈ ਕੇ ਆਜ਼ਾਦੀ ਦਾ ਸੰਘਰਸ਼ ਸ਼ੁਰੂ ਕਰ ਦਿੰਦੀ ਹੈ। ਅਸਲ ਵਿਚ ਸਿੱਖ ਕੌਮ ਵੀ ਅੱਜ ਕੱਲ੍ਹ ਕੁਝ ਇਸ ਤਰ੍ਹਾਂ ਦੀ ਹੀ ਹਾਲਤ ਵਿਚੋਂ ਲੰਘ ਰਹੀ ਹੈ। ਜੇ ਕਿਸੇ ਕੌਮ ਨੇ ਸਦ-ਜਾਗਤ ਅਵਸਥਾ ਵਿਚ ਰਹਿਣਾ ਹੈ ਤਾਂ ਉਸ ਨੂੰ ਅੰਦਰੂਨੀ ਤੇ ਬਾਹਰੀ ਸੁਰੱਖਿਆ ਕਵਚ ਮਜ਼ਬੂਤ ਰੱਖਣੇ ਚਾਹੀਦੇ ਹਨ। ਇਨ੍ਹਾਂ ਕਵਚਾਂ ਦੀ ਪੁਸਤਕ ਵਿਚ ਵਿਆਖਿਆ ਕੀਤੀ ਗਈ ਹੈ। ਕਾਮਰੇਡ ਭਰਾ ਕੌਮਾਂ ਨੂੰ ਕਿਵੇਂ ਵੇਖਦੇ ਹਨ? ਕਿਤਾਬ ਦੇ 32 ਪੰਨੇ ਇਸੇ ਵਿਸ਼ੇ 'ਤੇ ਨਿਠ ਕੇ ਬਹਿਸ ਕਰਦੇ ਹਨ। ਮੈਨੂੰ ਲੱਗਦਾ ਕਿ ਇਹ ਕਾਂਡ ਪੰਜਾਬ ਦੇ ਕਮਿਊਨਿਸਟ ਭਰਾਵਾਂ ਵਿਚ ਦਿਲਚਸਪ ਬਹਿਸ ਦਾ ਕੇਂਦਰ ਬਣੇਗਾ ਕਿਉਂਕਿ ਅਵਤਾਰ ਸਿੰਘ ਨੇ ਮਾਰਕਸ, ਏਂਗਲਜ਼, ਮਾਓ ਜ਼ੇ ਤੁੰਗ ਅਤੇ ਸਟਾਲਨ ਦੇ ਹਵਾਲਿਆਂ ਨਾਲ ਸਿੱਧ ਕਰਨ ਦੀ ਕੋਸ਼ਿਸ਼ ਕੀਤੀ ਹੈ ਕਿ ਇਨ੍ਹਾਂ ਰਾਜਸੀ ਵਿਦਵਾਨਾਂ ਨੇ ਅਜਿਹਾ ਕੋਈ ਬਝਵਾਂ ਯਤਨ ਨਹੀਂ ਕੀਤਾ ਜਿਸ ਤੋਂ ਇਨ੍ਹਾਂ ਸਿਧਾਂਤਕਾਰਾਂ ਦੀ ਕੌਮੀ ਸਵਾਲ ਬਾਰੇ ਕਿਸੇ ਸਿਆਣਪ ਦਾ ਮੁਜ਼ਾਹਰਾ ਹੁੰਦਾ ਹੋਵੇ। ਲੇਖਕ ਵਿਅੰਗ ਕਰਦਾ ਹੈ ਕਿ ਕਮਿਊਨਿਸਟ ਕੌਮ ਤੇ ਕੌਮਵਾਦ ਨੂੰ ਆਪਣੇ ਮਾਰਕਸਵਾਦੀ ਹਿੱਤਾਂ ਲਈ ਅਤੇ ਸੇਵਾ ਲਈ ਵਰਤਣ ਦੀ ਸਿਆਸੀ ਜਾਚ ਤੇ ਜੁਗਤ ਬਹੁਤ ਜਲਦੀ ਸਿੱਖ ਗਏ ਹਨ, ਜਦਕਿ ਲੇਖਕ ਇਸ ਕਾਂਡ ਦੇ ਸ਼ੁਰੂ ਵਿਚ ਹੀ ਇਹ ਫੈਸਲਾ ਸੁਣਾ ਦਿੰਦਾ ਹੈ ਕਿ ਕੌਮਵਾਦ ਅਤੇ ਮਾਰਕਸਵਾਦ ਸਿਧਾਂਤਕ ਅਤੇ ਫਲਸਫੇ ਦੇ ਤੌਰ 'ਤੇ ਬੇਮੇਲ ਹਨ। ਇਸ ਲੇਖ ਵਿਚ ਲੇਖਕ ਨੇ ਆਪਣੇ ਵਿਚਾਰਾਂ ਦੀ ਪੁਸ਼ਟੀ ਲਈ 60 ਹਵਾਲੇ ਦਿੱਤੇ ਹਨ ਤੇ ਕਰੀਬ 18 ਵਿਦਵਾਨਾਂ ਦੀਆਂ ਲਿਖਤਾਂ ਨੂੰ ਚੰਗੀ ਤਰ੍ਹਾਂ ਘੋਖਿਆ ਹੈ, ਏਂਗਲਜ਼ ਦੀਆਂ ਕੁਝ ਚਿੱਠੀਆਂ ਦਾ ਵੀ ਜ਼ਿਕਰ ਕੀਤਾ ਗਿਆ ਹੈ। ਵੈਸੇ ਕਿਤਾਬ ਦੇ 17 ਕਾਂਡਾਂ ਵਿਚ ਵੀ ਹਰ ਕਾਂਡ ਵਿਚ ਜਿਨ੍ਹਾਂ ਕਿਤਾਬਾਂ ਦੇ ਹਵਾਲੇ ਦਿੱਤੇ ਗਏ ਹਨ, ਉਹ ਕਿਤਾਬਾਂ ਲੇਖਕ ਨੇ ਨਾ ਕੇਵਲ ਪੜ੍ਹੀਆਂ ਹਨ ਸਗੋਂ ਉਨ੍ਹ0ਾਂ ਦੇ ਵਿਚਾਰਾਂ ਨੂੰ ਆਪਣੇ ਅੰਦਰ ਵਸਾਉਣ ਅਤੇ ਰਚਾਉਣ ਪਿੱਛੋਂ ਹੀ ਆਪਣੇ ਵਿਚਾਰਾਂ ਨੂੰ ਉਸਨੇ ਮੌਲਿਕ ਸ਼ਕਲ ਦਿੱਤੀ। ਅਸੀਂ ਹੋਰਨਾਂ ਧਰਮਾਂ, ਕੌਮਾਂ ਤੇ ਸਭਿਆਚਾਰਾਂ ਨਾਲੋਂ ਵੱਖਰੇ ਕਿਵੇਂ ਹਾਂ, ਇਸ ਸਬੰਧ ਵਿਚ ਵੀ ਲੇਖਕ ਨੇ ਇੱਕ ਵਿਸ਼ੇਸ਼ ਕਾਂਡ ਪੇਸ਼ ਕੀਤਾ ਹੈ। ਹਰ ਕਾਂਡ ਵਿਚ ਕੌਮ ਤੇ ਕੌਮਵਾਦ ਬਾਰੇ ਵਿਚਾਰ ਪੇਸ਼ ਕਰਦਿਆਂ ਲੇਖਕ ਬਹੁਤ ਦੁਹਰਾਓ ਕਰਦਾ ਹੈ, ਪਰ ਸ਼ਾਇਦ ਇਸ ਲਈ ਕਿ ਯੂਨੀਵਰਸਿਟੀਆਂ ਦੇ ਵਿਦਿਆਰਥੀ ਤੇ ਹੋਰ ਸਿੱਖ ਵਿਦਵਾਨਾਂ ਅੰਦਰ ਇਸ ਅਹਿਮ ਤੇ ਅਣਗੌਲੇ ਵਿਸ਼ੇ ਬਾਰੇ ਹੋਰ ਕਿਤਾਬਾਂ ਪੜ੍ਹਨ, ਸੋਚਣ ਤੇ ਮਹਿਸੂਸ ਕਰਨ ਦਾ ਮਾਹੌਲ ਪੈਦਾ ਹੋਵੇ। ਲੇਖਕ ਅੰਦਰ ਇਹ ਕਹਿਣ ਦੀ ਝਿਜਕ ਨਹੀਂ ਕਿ ਕੌਮ ਬਾਰੇ ਜੋ ਗੱਲਾਂ ਕਿਤਾਬ ਵਿਚ ਕੀਤੀਆਂ ਗਈਆਂ ਹਨ ਉਹ ਅੰਤਿਮ ਨਹੀਂ, ਪਰ ਇਹ ਕਿਤਾਬ ਹੋਰ ਕਿਤਾਬਾਂ ਦੀ ਸਿਰਜਣਾ ਕਰਨ ਲਈ ਰਾਹ ਜ਼ਰੂਰ ਪੱਧਰਾ ਕਰੇਗੀ। ਇਸ ਕਿਤਾਬ ਦੀ ਪ੍ਰੇਰਨਾ ਤੇ ਸਹਾਇਤਾ ਲਈ ਯੂ.ਕੇ. ਸਥਿਤ ਇੱਕ ਉੱਘੀ ਸੰਸਥਾ ਸਿੱਖ ਐਜੂਕੇਸ਼ਨਲ ਕੌਂਸਲ ਅਤੇ ਅਮਰੀਕਾ ਸਥਿਤ ਪੰਜਾਬੀ ਰੇਡੀਓ ਨੇ ਵੱਡਾ ਰੋਲ ਅਦਾ ਕੀਤਾ। ਕਿਤਾਬ ਦੇ ਆਖਰੀ ਕਾਂਡ ਦੇ ਆਖਰੀ ਪਹਿਰੇ ਵਿਚ ਹਿੰਸਾ ਦੀ ਵਰਤੋਂ ਬਾਰੇ ਖਾਲਸਾ -ਪ੍ਰਸੰਗ ਤੇ ਖਾਲਸਾ- ਰੌਸ਼ਨੀ ਦਾ ਆਸਰਾ ਲੈ ਕੇ ਲੇਖਕ ਇਤਿਹਾਸਕ ਟਿੱਪਣੀ ਕਰ ਰਿਹਾ ਹੈ ਕਿ ਸਿੱਖਾਂ ਦੀ ਧਾਰਮਿਕ ਪਰੰਪਰਾ ਵਿਚ ਉਹ ਹਿੰਸਾ ਜਾਇਜ਼ ਹੈ ਜੋ ਮਨੁੱਖਤਾ ਦੇ ਉਧਾਰ ਅਤੇ ਜ਼ੁਲਮ ਦੇ ਖਾਤਮੇ ਲਈ ਕੀਤੀ ਜਾਂਦੀ ਹੈ। ਜੁਝਾਰੂ ਲਹਿਰ, ਨਾਮਧਾਰੀ ਲਹਿਰ ਅਤੇ ਗਦਰ ਲਹਿਰ ਦਾ ਹਵਾਲਾ ਦਿੰਦਿਆਂ ਲੇਖਕ ਇਹ ਆਖ ਰਿਹਾ ਹੈ ਕਿ ਸਿੱਖਾਂ ਦੇ 'ਮਨੁੱਖੀ ਜੁਝਾਰੂਪਣ' ਨੂੰ 'ਫੌਜੀ ਜੁਝਾਰੂਪਣ' ਵਿਚ ਬਦਲਣ ਦੀਆਂ ਅਣਗਿਣਤ ਮਿਸਾਲਾਂ ਇਤਿਹਾਸ ਵਿਚ ਮਿਲਦੀਆਂ ਹਨ। ਕਿਨ੍ਹਾਂ ਕਿਨ੍ਹਾਂ ਨੂੰ ਇਹ ਕਿਤਾਬ ਪੜ੍ਹਨੀ ਚਾਹੀਦੀ ਹੈ ਜਾਂ ਪੜ੍ਹਨੀ ਪੈਣੀ ਹੈ? ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਸਾਰੇ ਧੜਿਆਂ ਦੇ ਜਾਗਦੇ ਵਿਦਿਆਰਥੀਆਂ ਨੂੰ, ਆਜ਼ਾਦੀ ਲਈ ਲੜ ਰਹੀਆਂ ਜਥੇਬੰਦੀਆਂ ਤੇ ਪਾਰਟੀਆਂ ਦੇ ਪੜ੍ਹੇ-ਲਿਖੇ ਆਗੂਆਂ ਨੂੰ, ਰਾਜਨੀਤਕ ਵਿਦਵਤਾ ਵਿਚ ਨਿਪੁੰਨ ਪੰਜਾਬ ਦੀਆਂ ਤਮਾਮ ਰਾਜਨੀਤਕ ਪਾਰਟੀਆਂ ਨੂੰ, ਵਿਸ਼ੇਸ਼ ਕਰਕੇ ਅਕਾਲੀ ਦਲ ਦੇ ਉਨ੍ਹਾਂ ਆਗੂਆਂ ਨੂੰ ਜੋ ਬਹੁਤੀ ਵਾਰ ਕੌਮ ਤੇ ਕੌਮਵਾਦ ਬਾਰੇ ਨਿਆਣਿਆਂ ਵਾਲੀਆਂ ਗੱਲਾਂ ਕਰਦੇ ਹਨ, ਸੋਸ਼ਲ ਮੀਡੀਏ ਉੱਤੇ ਗੰਭੀਰ ਟਿੱਪਣੀਆਂ ਕਰਨ ਵਾਲਿਆਂ ਨੂੰ, ਪੰਜਾਬ ਦੇ ਇਤਿਹਾਸਕਾਰਾਂ ਨੂੰ, ਪੰਜਾਬ ਦੇ ਮਸਲਿਆਂ ਨਾਲ ਜੁੜੇ ਗੰਭੀਰ ਪੱਤਰਕਾਰਾਂ ਅਤੇ ਲੇਖਕਾਂ ਨੂੰ ਵਿਹਲ ਕੱਢ ਕੇ ਪੜ੍ਹਨ ਦੀ ਲੋੜ ਹੈ ਤਾਂ ਜੋ ਪੰਜਾਬ ਵਿਚ ਮਿਲਦੇ-ਜੁਲਦੇ ਤੇ ਇੱਕ ਦੂਜੇ ਨਾਲ ਟਕਰਾਉਂਦੇ ਵਿਚਾਰਾਂ ਦਾ ਇੱਕ ਭਰਪੂਰ ਮੇਲਾ ਲੱਗ ਸਕੇ। ਕਿਤਾਬ ਉਨ੍ਹਾਂ ਰਾਜਨੀਤਕ ਅੱਖਾਂ ਵਿਚ ਵੀ ਝਾਕਣਾ ਚਾਹੁੰਦੀ ਹੈ ਜੋ ਇਕ ਕਤਰੇ ਵਿਚ ਸਮੁੰਦਰ ਦੇਖ ਸਕਣ ਦੀ ਯੋਗਤਾ ਤੇ ਕਾਬਲੀਅਤ ਰੱਖਦੇ ਹਨ।

# ਜੱਜਾਂ ਦਾ ਜੱਜ ਕੌਣ ਹੋਵੇ?



ਲੇਖਕ : ਫੈਜ਼ਾਨ ਮੁਸਤਫ਼ਾ

ਸਰਕਾਰੀ ਅਧਿਕਾਰੀਆਂ ਜਿਨ੍ਹਾਂ ਵਿੱਚ ਜੱਜ ਵੀ ਸ਼ਾਮਿਲ ਹਨ, ਦੀ ਜਵਾਬਦੇਹੀ ਕਿਸੇ ਸੁਘੜ ਜਮਹੂਰੀਅਤ ਦਾ ਸਾਰ-ਤੱਤ ਹੁੰਦੀ ਹੈ। ਨਿਆਂਇਕ ਜਵਾਬਦੇਹੀ ਖ਼ਾਸ ਤੌਰ ’ਤੇ ਘੱਟੋ-ਘੱਟ ਤਿੰਨ ਕਦਰਾਂ ਕੀਮਤਾਂ ਨੂੰ ਹੱਲਾਸ਼ੇਰੀ ਦਿੰਦੀ ਹੈ: ਕਾਨੂੰਨ ਦਾ ਰਾਜ, ਨਿਆਂਪਾਲਿਕਾ ਵਿੱਚ ਜਨਤਕ ਭਰੋਸਾ ਅਤੇ ਸੰਸਥਾਈ ਜ਼ਿੰਮੇਵਾਰੀ। ਇਤਿਹਾਸ ਨੇ ਸਾਨੂੰ ਸਿਖਾਇਆ ਹੈ ਕਿ ਨਿਆਂਇਕ ਸੁਤੰਤਰਤਾ ਨੂੰ ਨਿਆਂਇਕ ਜਵਾਬਦੇਹੀ ਨਾਲ ਹੀ ਸਾਵਾਂ ਕੀਤਾ ਜਾਣਾ ਚਾਹੀਦਾ ਹੈ। ਕੋਈ ਵੀ ਜੱਜ ਸਮੁੱਚੇ ਤੌਰ ’ਤੇ ਨਿਆਂਪਾਲਿਕਾ ਦੀ ਸੰਸਥਾ ਨਾਲੋਂ ਮੁੱਲਵਾਨ ਨਹੀਂ ਹੋ ਸਕਦਾ ਪਰ ਵਿਅਕਤੀਗਤ ਜੱਜਾਂ ਨੂੰ ਹੋਰਨਾਂ ਮਨੋਰਥਾਂ ਤੋਂ ਪ੍ਰੇਰਿਤ ਅਤੇ ਬੇਬੁਨਿਆਦ ਦੋਸ਼ ਲਾਏ ਜਾਣ ਤੋਂ ਯਕੀਨਨ ਬਚਾਇਆ ਜਾਣਾ ਚਾਹੀਦਾ ਹੈ।

ਦਿੱਲੀ ਹਾਈ ਕੋਰਟ ਦੇ ਜਸਟਿਸ ਯਸ਼ਵੰਤ ਵਰਮਾ ਜੋ ਚੰਗੇ ਜੱਜ ਦੇ ਤੌਰ ’ਤੇ ਕਾਫ਼ੀ ਜਾਣੇ ਜਾਂਦੇ ਹਨ, ਨੂੰ ਉਨ੍ਹਾਂ ਦੇ ਘਰ ਦੇ ਇੱਕ ਕਮਰੇ ’ਚੋਂ ਸੜੇ ਹੋਏ ਨੋਟ ਮਿਲਣ ਦੀ ਵੀਡੀਓ ਜਾਰੀ ਹੋਣ ਕਰ ਕੇ ਭ੍ਰਿਸ਼ਟਾਚਾਰ ਦੇ ਦੋਸ਼ਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਜਦੋਂ ਘਰ ਦੇ ਇਸ ਹਿੱਸੇ ਵਿੱਚ ਅੱਗ ਲੱਗੀ ਸੀ ਤਾਂ ਉਹ ਕਿਤੇ ਬਾਹਰ ਗਏ ਹੋਏ ਸਨ ਅਤੇ ਇਹ ਕਿਹਾ ਜਾ ਰਿਹਾ ਹੈ ਕਿ ਅੱਗ ਬੁਝਾਉਣ ਪੁੱਜੇ ਕਰਮੀਆਂ ਨੇ ਸੜੇ ਹੋਏ ਨੋਟਾਂ ਦੀਆਂ ਦੱਥੀਆਂ ਦੇਖੀਆਂ ਸਨ।

ਚੀਫ ਜਸਟਿਸ ਸੰਜੀਵ ਖੰਨਾ ਦੀ ਅਗਵਾਈ ਹੇਠ ਸੁਪਰੀਮ ਕੋਰਟ ਦੇ ਕੌਲਿਜੀਅਮ ਨੇ ਝਟਪਟ ਕਾਰਵਾਈ ਕਰਦਿਆਂ ਉਹ ਵਿਵਾਦਗ੍ਰਸਤ ਵੀਡੀਓ ਸੁਪਰੀਮ ਕੋਰਟ ਦੀ ਵੈੱਬਸਾਈਟ ਉੱਪਰ ਪਾਉਣ ਦਾ ਫ਼ੈਸਲਾ ਕਰ ਲਿਆ ਅਤੇ ਮਾਮਲੇ ਦੀ ਅੰਦਰੂਨੀ ਜਾਂਚ ਕਰਾਉਣ ਦਾ ਹੁਕਮ ਦੇ ਦਿੱਤਾ। ਇਸੇ ਦੌਰਾਨ ਜਸਟਿਸ ਵਰਮਾ ਨੂੰ ਵਾਪਸ ਅਲਾਹਾਬਾਦ ਹਾਈ ਕੋਰਟ ਭੇਜ ਦਿੱਤਾ ਗਿਆ, ਹਾਲਾਂਕਿ ਉਨ੍ਹਾਂ ਨੂੰ ਕੋਈ ਨਿਆਂਇਕ ਕੰਮਕਾਜ ਨਾ ਦਿੱਤਾ ਗਿਆ।

ਇਨ੍ਹਾਂ ਦੋਸ਼ਾਂ ਨੂੰ ਲੈ ਕੇ ਵੱਖ-ਵੱਖ ਸਿਆਸੀ ਪਾਰਟੀਆਂ ਵੱਲੋਂ ਕੌਲਿਜੀਅਮ ਸਿਸਟਮ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ। ਸਾਰੀਆਂ ਸਿਆਸੀ ਪਾਰਟੀਆਂ ਕੌਲਿਜੀਅਮ ਪ੍ਰਣਾਲੀ ਦੇ ਖ਼ਿਲਾਫ਼ ਹਨ ਅਤੇ ਇਸ ਕਰ ਕੇ ਕੌਮੀ ਨਿਆਂਇਕ ਨਿਯੁਕਤੀ ਕਮਿਸ਼ਨ (ਐੱਨਜੇਏਸੀ) ਸੰਵਿਧਾਨ ਸੋਧ ਬਿਲ ਨੂੰ ਲੋਕ ਸਭਾ ਵਿਚ ਸਰਬਸੰਮਤੀ ਨਾਲ ਪਾਸ ਕਰ ਦਿੱਤਾ ਗਿਆ ਸੀ। ਇਹ ਮੋਦੀ ਸਰਕਾਰ ਵੱਲੋਂ ਕੀਤੇ ਜਾਣ ਵਾਲੇ ਸੁਧਾਰਾਂ ਦਾ ਪਹਿਲਾ ਵੱਡਾ ਕਦਮ ਸੀ। ਰਾਜ ਸਭਾ ਵਿੱਚ ਇਸ ਬਿਲ ’ਤੇ ਅਸਹਿਮਤੀ ਦਰਜ ਕਰਾਉਣ ਵਾਲੀ ਇਕਮਾਤਰ ਆਵਾਜ਼ ਉੱਘੇ ਵਕੀਲ ਰਾਮ ਜੇਠਮਲਾਨੀ ਦੀ ਸੀ।

ਸਿਆਸੀ ਜਮਾਤ ਸੰਵਿਧਾਨਕ ਅਦਾਲਤਾਂ ਵਿੱਚ ਕੀਤੀਆਂ ਜਾਂਦੀਆਂ ਨਿਆਂਇਕ ਨਿਯੁਕਤੀਆਂ ਵਿੱਚ ਆਪਣੀ ਸੱਦ-ਪੁੱਛ ਕਾਇਮ ਕਰਨਾ ਚਾਹੁੰਦੀ ਹੈ ਅਤੇ ਇਹ ਸਮਝਣ ਲਈ ਕਿਸੇ ਰਾਕੇਟ ਸਾਇੰਸ ਦੀ ਲੋੜ ਨਹੀਂ ਹੈ ਕਿ ਉਹ ਅਜਿਹਾ ਕਿਉਂ ਚਾਹੁੰਦੀ ਹੈ। ਇੱਥੋਂ ਤੱਕ ਕਿ ਉਪ ਰਾਸ਼ਟਰਪਤੀ ਜਗਦੀਪ ਧਨਖੜ ਨੇ ਵੀ ਬੁੱਧਵਾਰ ਨੂੰ ਰਾਜ ਸਭਾ ਵਿੱਚ ਆਖ ਦਿੱਤਾ ਕਿ ਜੇ ਕੌਮੀ ਨਿਆਂਇਕ ਨਿਯੁਕਤੀ ਕਮਿਸ਼ਨ ਨੂੰ ਸੁਪਰੀਮ ਕੋਰਟ ਵੱਲੋਂ ਰੱਦ ਨਾ ਕੀਤਾ ਗਿਆ ਹੁੰਦਾ ਤਾਂ ਭ੍ਰਿਸ਼ਟਾਚਾਰ ਦੀਆਂ ਅਜਿਹੀਆਂ ਸਮੱਸਿਆਵਾਂ ਪੈਦਾ ਹੀ ਨਹੀਂ ਹੋਣੀਆਂ ਸਨ।

ਇਹੋ ਜਿਹੇ ਨਤੀਜੇ ਕੱਢ ਲੈਣ ਦੀ ਕੋਈ ਤੁੱਕ ਨਹੀਂ ਬਣਦੀ। ਸਰਕਾਰ ਵਿੱਚ ਜ਼ਿਆਦਾਤਰ ਨਿਯੁਕਤੀਆਂ ਸਰਕਾਰ ਵੱਲੋਂ ਹੀ ਕੀਤੀਆਂ ਜਾਂਦੀਆਂ ਹਨ, ਫਿਰ ਵੀ ਸਭ ਪਾਸੇ ਭ੍ਰਿਸ਼ਟਾਚਾਰ ਦਿਖਾਈ ਦਿੰਦਾ ਹੈ। ਹੋਰ ਤਾਂ ਹੋਰ ਲੋਕ ਸੇਵਾ ਸੰਘ ਕਮਿਸ਼ਨ (ਯੂਪੀਐੱਸਸੀ) ਵੱਲੋਂ ਸਖ਼ਤ ਤੇ ਵਾਜਿਬ ਪ੍ਰਕਿਰਿਆ ਰਾਹੀਂ ਭਰਤੀ ਕੀਤੇ ਜਾਂਦੇ ਸਰਕਾਰੀ ਅਫ਼ਸਰ ਵੀ ਭ੍ਰਿਸ਼ਟਾਚਾਰ ਵਿੱਚ ਗ਼ਲਤਾਨ ਹੋ ਜਾਂਦੇ ਹਨ। ਲੋਕਾਂ ਵੱਲੋਂ ਸਿੱਧੇ ਤੌਰ ’ਤੇ ਚੁਣੇ ਜਾਂਦੇ ਮੋਹਰੀ ਸਿਆਸੀ ਆਗੂ ਨਾ ਕੇਵਲ ਭ੍ਰਿਸ਼ਟਾਚਾਰ ਵਿੱਚ ਸ਼ਾਮਿਲ ਹੁੰਦੇ ਹਨ ਸਗੋਂ ਉਨ੍ਹਾਂ ਨੂੰ ਦੋਸ਼ੀ ਵੀ ਪਾਇਆ ਗਿਆ ਹੈ। ਇਸ ਕਰ ਕੇ ਪ੍ਰਚੱਲਿਤ ਵਿਵਾਦ ਦੇ ਮੱਦੇਨਜ਼ਰ ਕੌਲਿਜੀਅਮ ਅਤੇ ਨਿਆਂਇਕ ਨਿਯੁਕਤੀਆਂ ਬਾਰੇ ਕਿਸੇ ਵੀ ਤਰ੍ਹਾਂ ਦੀ ਬਹਿਸ ਪ੍ਰਸੰਗਿਕ ਨਹੀਂ ਹੋਵੇਗੀ। ਭ੍ਰਿਸ਼ਟਾਚਾਰ ਦੇ ਕੇਸਾਂ ਵਿੱਚ ਕੇਂਦਰੀ ਮੁੱਦਾ ਨਿਆਂਇਕ ਜਵਾਬਦੇਹੀ ਦਾ ਹੈ। ਕੇ ਵੀਰਾਸਵਾਮੀ ਕੇਸ (1991) ਦੇ ਫ਼ੈਸਲੇ ਮੁਤਾਬਿਕ ਜੇ ਸੁਪਰੀਮ ਕੋਰਟ ਦੇ ਕਿਸੇ ਜੱਜ ਖ਼ਿਲਾਫ਼ ਭ੍ਰਿਸ਼ਟਾਚਾਰ ਦਾ ਦੋਸ਼ ਲੱਗਦਾ ਹੈ ਤਾਂ ਭਾਰਤ ਦੇ ਰਾਸ਼ਟਰਪਤੀ ਵੱਲੋਂ ਭਾਰਤ ਦੇ ਚੀਫ ਜਸਟਿਸ (ਸੀਜੇਆਈ) ਨਾਲ ਸਲਾਹ ਕਰ ਕੇ ਜਾਂਚ ਕਰਾਉਣ ਦਾ ਹੁਕਮ ਜਾਰੀ ਕੀਤਾ ਜਾਵੇਗਾ ਅਤੇ ਜੇ ਦੋਸ਼ ਖ਼ੁਦ ਸੀਜੇਆਈ ਖ਼ਿਲਾਫ਼ ਹੀ ਹੋਣ ਤਾਂ ਰਾਸ਼ਟਰਪਤੀ ਵਲੋਂ ਹੋਰਨਾਂ ਜੱਜਾਂ ਨਾਲ ਸਲਾਹ ਕਰ ਕੇ ਕਾਰਵਾਈ ਕੀਤੀ ਜਾਵੇਗੀ।

ਇਸ ਫ਼ੈਸਲੇ ਤੋਂ ਪਹਿਲਾਂ ਕੇਵਲ ਸਰਕਾਰੀ ਅਧਿਕਾਰੀਆਂ ਖ਼ਿਲਾਫ਼ ਹੀ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਤਹਿਤ ਕਾਰਵਾਈ ਕੀਤੀ ਜਾਂਦੀ ਸੀ ਨਾ ਕਿ ਜੱਜਾਂ ਖ਼ਿਲਾਫ਼। ਹਾਲ ਹੀ ਵਿੱਚ ਲੋਕਪਾਲ ਜਸਟਿਸ ਏਐੱਮ ਖਾਨਵਿਲਕਰ ਨੇ ਹੁਕਮ ਦਿੱਤਾ ਸੀ ਕਿ ਹਾਈ ਕੋਰਟ ਦੇ ਜੱਜ ਉਨ੍ਹਾਂ ਦੇ ਅਧਿਕਾਰ ਖੇਤਰ ਵਿੱਚ ਆਉਂਦੇ ਹਨ ਪਰ ਸੁਪਰੀਮ ਕੋਰਟ ਨੇ ਝਟਪਟ ਦਖ਼ਲ ਦਿੰਦਿਆਂ ਉਨ੍ਹਾਂ ਦੇ ਹੁਕਮ ’ਤੇ ਰੋਕ ਲਗਾ ਦਿੱਤੀ ਅਤੇ ਜਲਦੀ ਹੀ ਇਸ ਮਾਮਲੇ ’ਤੇ ਸੁਣਵਾਈ ਹੋਣ ਦੀ ਸੰਭਾਵਨਾ ਹੈ।

ਬਦਕਿਸਮਤੀ ਨਾਲ, ਮਹਾਦੋਸ਼ ਨੂੰ ਛੱਡ ਕੇ, ਸਾਡੇ ਕੋਲ ਜੱਜਾਂ ਦੇ ਮਾੜੇ ਵਿਹਾਰ ਨੂੰ ਪਰਖਣ ਦੀ ਹੋਰ ਕੋਈ ਕਾਨੂੰਨੀ ਵਿਧੀ ਨਹੀਂ ਹੈ। ਦੋਸ਼ ਕਿਸੇ ਚੀਜ਼ ਤੋਂ ਪ੍ਰੇਰਿਤ ਵੀ ਹੋ ਸਕਦੇ ਹਨ। ਮਦਰਾਸ ਦੇ ਚੀਫ ਜਸਟਿਸ ਪੀਡੀ ਦਿਨਾਕਰਨ ਖ਼ਿਲਾਫ਼ ਮਦਰਾਸ ਬਾਰ ਵੱਲੋਂ ਦੋਸ਼ ਉਦੋਂ ਲਾਏ ਗਏ ਸਨ ਜਦੋਂ ਉਨ੍ਹਾਂ ਦਾ ਨਾਂ ਸੁਪਰੀਮ ਕੋਰਟ ਦੇ ਜੱਜ ਵਜੋਂ ਪ੍ਰਵਾਨ ਕੀਤਾ ਗਿਆ ਸੀ। ਨਿਆਂਇਕ ਮਿਆਰਾਂ ਤੇ ਜਵਾਬਦੇਹੀ ਸਬੰਧੀ ਬਿੱਲ (2010), ਜਿਸ ਨੂੰ ਲੋਕ ਸਭਾ ਨੇ 2012 ਵਿੱਚ ਪਾਸ ਕੀਤਾ ਸੀ, ਨੇ ਇਨ੍ਹਾਂ ਮਸਲਿਆਂ ਦਾ ਹੱਲ ਖੋਜਣ ਦੀ ਕੋਸ਼ਿਸ਼ ਕੀਤੀ, ਪਰ ਬਿੱਲ ਅਖ਼ੀਰ ਰਾਜ ਸਭਾ ਵਿੱਚ ਪਾਸ ਨਹੀਂ ਹੋ ਸਕਿਆ ਤੇ ਲੋਕ ਸਭਾ ਭੰਗ ਹੋਣ ਦੇ ਨਾਲ ਹੀ ਮਿਆਦ ਪੁਗਾ ਗਿਆ।

ਕਿਸੇ ਵੀ ਪੱਖ ਤੋਂ ਇਹ ਬਿੱਲ ਜ਼ਿਆਦਾਤਰ ਉਨ੍ਹਾਂ ਮਾਮਲਿਆਂ ਨਾਲ ਜੁੜਿਆ ਹੋਇਆ ਸੀ ਜਿੱਥੇ ਜੱਜ ਉਹ ਕੇਸ ਸੁਣਦਾ ਹੈ ਜਿਸ ਵਿੱਚ ਉਸ ਦਾ ਕੋਈ ਪਰਿਵਾਰਕ ਮੈਂਬਰ ਸ਼ਾਮਿਲ ਹੈ ਜਾਂ ਉਹ ਕਿਸੇ ਵਪਾਰ/ਕਾਰੋਬਾਰ ਵਿੱਚ ਪੈਂਦਾ ਜਾਂ ਸਿਆਸੀ ਸਵਾਲਾਂ ’ਤੇ ਜਨਤਕ ਚਰਚਾ ਆਦਿ ਕਰਦਾ ਹੈ।

ਇੱਕ ਜੱਜ ’ਤੇ ਮਹਾਦੋਸ਼ ਸਾਬਿਤ ਕਰਨ ਦੀ ਆਖ਼ਰੀ ਅਸਫ਼ਲ ਕੋਸ਼ਿਸ਼ 1805 ਵਿੱਚ ਅਮਰੀਕਾ ’ਚ ਹੋਈ ਸੀ ਜਦੋਂ ਸੁਪਰੀਮ ਕੋਰਟ ਦੇ ਜੱਜ ਜਸਟਿਸ ਸੈਮੂਅਲ ਚੇਜ਼ ਨੂੰ ਪ੍ਰਤੀਨਿਧੀ ਸਭਾ ਨੇ ਦੋਸ਼ੀ ਠਹਿਰਾ ਦਿੱਤਾ ਸੀ, ਪਰ ਸੈਨੇਟ ਨੇ ਬਰੀ ਕਰ ਦਿੱਤਾ ਸੀ, ਹਾਲਾਂਕਿ ਹਾਲੇ ਤੱਕ ਕੋਈ 60 ਜੱਜਾਂ ਦੀ ਮਹਾਦੋਸ਼ ਪ੍ਰਕਿਰਿਆ ਤਹਿਤ ਜਾਂਚ ਹੋ ਚੁੱਕੀ ਹੈ।

ਇੰਗਲੈਂਡ ਵਿੱਚ, ਪਿਛਲੇ ਕਰੀਬ ਦੋ ਸੌ ਸਾਲਾਂ ਵਿੱਚ ਕਿਸੇ ਵੀ ਜੱਜ ਨੂੰ ਮਹਾਦੋਸ਼ ਆਰੰਭ ਕੇ ਦੋਸ਼ੀ ਨਹੀਂ ਠਹਿਰਾਇਆ ਗਿਆ। ਭਾਰਤੀ ਸੰਵਿਧਾਨ ਲੋਕਾਂ ਦੀ ਇੱਛਾ ਜਾਂ ਸੰਸਦ ਦੀ ਇੱਛਾ ਤੇ ਸ਼ਕਤੀਸ਼ਾਲੀ ਕਾਰਜਪਾਲਿਕਾ ਦੀ ਮਰਜ਼ੀ ਖ਼ਿਲਾਫ਼ ਵੀ ਜੱਜਾਂ ਦਾ ਬਚਾਅ ਕਰਦਾ ਹੈ। ਇਹ ਕਹਿੰਦਾ ਹੈ ਕਿ ਇੱਕ ਜੱਜ ਨੂੰ ‘‘ਸਾਬਿਤ ਦੁਰਾਚਾਰ ਜਾਂ ਅਯੋਗਤਾ’’ ਦੇ ਅਧਾਰ ਉੱਤੇ ਸੰਸਦ ਦੇ ਦੋਵੇਂ ਸਦਨ ਵੱਲੋਂ ਹੀ ਦੋਸ਼ੀ ਠਹਿਰਾਇਆ ਜਾ ਸਕਦਾ ਹੈ।

ਮਹਾਦੋਸ਼ ਦੀ ਪ੍ਰਕਿਰਿਆ ਬੁਨਿਆਦੀ ਤੌਰ ’ਤੇ ਰਾਜਨੀਤਕ ਪ੍ਰਕਿਰਿਆ ਹੈ ਜਿੱਥੇ ਮੈਂਬਰ ਪਾਰਟੀ ਵ੍ਹਿਪ ਮੁਤਾਬਿਕ ਵੋਟ ਕਰਨ ਦੇ ਪਾਬੰਦ ਹੁੰਦੇ ਹਨ। ਜਸਟਿਸ ਰਾਮਾਸਵਾਮੀ ਖ਼ਿਲਾਫ਼ ਮਹਾਦੋਸ਼ ਮਤਾ 1993 ਵਿੱਚ ਖਾਰਜ ਹੋ ਗਿਆ ਸੀ ਕਿਉਂਕਿ ਕਾਂਗਰਸ ਪਾਰਟੀ ਨੇ ਇਸ ਦੇ ਵਿਰੁੱਧ ਵੋਟ ਕਰਨ ਦਾ ਫ਼ੈਸਲਾ ਕੀਤਾ ਸੀ।

ਭ੍ਰਿਸ਼ਟਾਚਾਰ ਦੇ ਦਰਜਨ ਤੋਂ ਵੱਧ ਕੇਸ ਸਾਹਮਣੇ ਆ ਚੁੱਕੇ ਹਨ ਤੇ ਕੁਝ ਕੇਸ ਜਿਨਸੀ ਸ਼ੋਸ਼ਣ ਦੇ ਵੀ ਹਨ ਪਰ ਅੱਜ ਤੱਕ ਕਿਸੇ ਵੀ ਜੱਜ ’ਤੇ ਮਹਾਦੋਸ਼ ਨਹੀਂ ਚੱਲਿਆ। ਕੁਝ ਵਰ੍ਹੇ ਪਹਿਲਾਂ, ਵਿਰੋਧੀ ਧਿਰ ਨੇ ਤਤਕਾਲੀ ਚੀਫ ਜਸਟਿਸ (ਸੀਜੇਆਈ) ਦੀਪਕ ਮਿਸ਼ਰਾ ਖ਼ਿਲਾਫ਼ ਮਹਾਦੋਸ਼ ਚਲਾਉਣ ਦੀ ਕੋਸ਼ਿਸ਼ ਕੀਤੀ ਸੀ। ਪਰ ਇਸ ਵਾਰ ਭਾਜਪਾ ਨੇ ਜੱਜ ਦਾ ਬਚਾਅ ਕੀਤਾ। ਤਤਕਾਲੀ ਰਾਜ ਸਭਾ ਚੇਅਰਮੈਨ ਵੈਂਕਈਆ ਨਾਇਡੂ (ਸਾਬਕਾ ਭਾਜਪਾ ਪ੍ਰਧਾਨ) ਨੇ ਕ੍ਰਿਸ਼ਨਾ ਸਵਾਮੀ (1993) ਕੇਸ ਵਿਚ ਘੱਟਗਿਣਤੀ ਰਾਇ ’ਤੇ ਨਿਰਭਰ ਹੁੰਦਿਆਂ ਮਹਾਦੋਸ਼ ਦਾ ਮਤਾ ਸ਼ੁਰੂਆਤੀ ਪੱਧਰ ’ਤੇ ਹੀ ਰੱਦ ਕਰ ਦਿੱਤਾ ਗਿਆ ਸੀ।

ਇਸ ਤੋਂ ਪਹਿਲਾਂ ਦੇ ਕੇਸਾਂ ਵਿੱਚ ਇਸ ਤਰ੍ਹਾਂ ਦੇ ਮਤੇ ਉਦੋਂ ਹੀ ਸਵੀਕਾਰੇ ਜਾਂਦੇ ਸਨ, ਜਦੋਂ ਉਹ 50 ਰਾਜ ਸਭਾ ਮੈਂਬਰਾਂ ਦੇ ਦਸਤਖ਼ਤਾਂ ਦੀ ਲੋੜੀਂਦੀ ਗਿਣਤੀ ਨਾਲ ਚੇਅਰਮੈਨ ਅੱਗੇ ਰੱਖੇ ਜਾਂਦੇ ਸਨ।

ਜੱਜ ਸਿਰਫ਼ ਭਾਰਤ ਵਿੱਚ ਹੀ ਨਹੀਂ, ਬਲਕਿ ਬਰਤਾਨੀਆ ਤੇ ਅਮਰੀਕਾ ਵਿੱਚ ਵੀ ਉਸ ਵਕਫ਼ੇ ਦੌਰਾਨ ਹੀ ਕੁਰਸੀ ’ਤੇ ਬੈਠਦੇ ਹਨ, ਜਿਸ ਨੂੰ ‘ਚੰਗੇ ਵਿਹਾਰ’ ਵਜੋਂ ਗਿਣਿਆ ਜਾਂਦਾ ਹੈ।

ਸੁਪਰੀਮ ਕੋਰਟ ਨੇ ਕਿਹਾ ਹੈ ਕਿ ਸ਼ਬਦ ‘ਦੁਰਾਚਾਰ’ ਪ੍ਰਸੰਗਿਕ ਅਵਸਥਾ ਹੈ ਤੇ ਇਹ ‘ਗ਼ਲਤ ਵਤੀਰੇ ਜਾਂ ਅਨੁਚਿਤ ਵਿਹਾਰ’ ਦਾ ਸੰਕੇਤ ਹੈ। ਭ੍ਰਿਸ਼ਟਾਚਾਰ ਜਾਂ ਜਿਨਸੀ ਛੇੜਛਾੜ ਦਾ ਕੋਈ ਵੀ ਦੋਸ਼, ਜੇ ਸਾਬਿਤ ਹੁੰਦਾ ਹੈ ਤਾਂ ਬਿਲਕੁਲ ਇਹ ‘ਦੁਰਾਚਾਰ’ ਹੋਵੇਗਾ ਅਤੇ, ਇਸ ਤਰ੍ਹਾਂ ਮਹਾਦੋਸ਼ ਦਾ ਆਧਾਰ ਬਣੇਗਾ। ਵਰਤਮਾਨ ’ਚ, ਜੇ ਸੁਪਰੀਮ ਕੋਰਟ ਜਾਂ ਹਾਈ ਕੋਰਟ ਦੇ ਇੱਕ ਜੱਜ ਵਿਰੁੱਧ ਸ਼ਿਕਾਇਤ ਆਉਂਦੀ ਹੈ ਤਾਂ ਭਾਰਤ ਦਾ ਚੀਫ ਜਸਟਿਸ ਦੋਸ਼ਾਂ ਦੀ ਪੜਤਾਲ ਲਈ ਅੰਦਰੂਨੀ ਕਮੇਟੀ ਬਣਾਉਂਦਾ ਹੈ।

ਪਰ ਜੇ ਦੋਸ਼ ਸਾਬਿਤ ਵੀ ਹੋ ਜਾਣ ਤਾਂ ਵੀ ਭਾਰਤ ਦੇ ਚੀਫ ਜਸਟਿਸ ਜਾਂ ਰਾਸ਼ਟਰਪਤੀ ਕੋਲ ਸਬੰਧਿਤ ਜੱਜ ਨੂੰ ਚਿਤਾਵਨੀ ਦੇਣ, ਨਿੰਦਾ ਕਰਨ, ਉਸ ਦੀਆਂ ਇੰਕਰੀਮੈਂਟਾਂ ਰੋਕਣ ਜਾਂ ਮੁਅੱਤਲ ਕਰਨ ਦਾ ਕੋਈ ਅਧਿਕਾਰ ਨਹੀਂ ਹੈ। ਵੱਧ ਤੋਂ ਵੱਧ ਉਹ ਉਸ ਜੱਜ ਤੋਂ ਨਿਆਂਇਕ ਕੰਮਕਾਜ ਵਾਪਸ ਲੈ ਸਕਦੇ ਹਨ। ਅੰਦਰੂਨੀ ਜਾਂਚ ਦੀ ਪ੍ਰਕਿਰਿਆ ਚੀਫ ਜਸਟਿਸ ਵੱਲੋਂ ਹੀ ਸ਼ੁਰੂ ਕੀਤੀ ਜਾ ਸਕਦੀ ਹੈ। ਜੇ ਦੋਸ਼ ਖ਼ੁਦ ਚੀਫ ਜਸਟਿਸ ਖ਼ਿਲਾਫ਼ ਲੱਗੇ ਹੋਣ ਤਾਂ ਉਸ ਸੂਰਤ ਵਿੱਚ ਕਾਨੂੰਨ ਪੂਰੀ ਤਰ੍ਹਾਂ ਖਾਮੋਸ਼ ਹੈ। ਇਨ੍ਹਾਂ ਛੋਟੇ-ਮੋਟੇ ਉਪਾਵਾਂ ਦੀ ਸਮੱਸਿਆ ਇਹ ਹੈ ਕਿ ਇਸ ਕਿਸਮ ਦੀ ਚਿਤਾਵਨੀ ਜਾਂ ਨਿੰਦਾ ਦਾ ਪਾਤਰ ਬਣੇ ਜੱਜ ਲਈ ਕਿਸੇ ਮਾਮਲੇ ’ਤੇ ਸੁਣਵਾਈ ਕਰਨੀ ਔਖੀ ਹੋ ਜਾਵੇਗੀ। ਲਿਹਾਜ਼ਾ ਬਿਹਤਰ ਇਹੀ ਹੈ ਕਿ ਗ਼ਲਤੀ ਨਾਲੋਂ ਸਾਵਧਾਨੀ ਵਰਤ ਲਈ ਜਾਵੇ।

“ *ਇੱਕ ਜੱਜ ’ਤੇ ਮਹਾਦੋਸ਼ ਸਾਬਿਤ ਕਰਨ ਦੀ ਆਖ਼ਰੀ ਅਸਫ਼ਲ ਕੋਸ਼ਿਸ਼ 1805 ਵਿੱਚ ਅਮਰੀਕਾ ’ਚ ਹੋਈ ਸੀ ਜਦੋਂ ਸੁਪਰੀਮ ਕੋਰਟ ਦੇ ਜੱਜ ਜਸਟਿਸ ਸੈਮੂਅਲ ਚੇਜ਼ ਨੂੰ ਪ੍ਰਤੀਨਿਧੀ ਸਭਾ ਨੇ ਦੋਸ਼ੀ ਠਹਿਰਾ ਦਿੱਤਾ ਸੀ, ਪਰ ਸੈਨੇਟ ਨੇ ਬਰੀ ਕਰ ਦਿੱਤਾ ਸੀ, ਹਾਲਾਂਕਿ ਹਾਲੇ ਤੱਕ ਕੋਈ 60 ਜੱਜਾਂ ਦੀ ਮਹਾਦੋਸ਼ ਪ੍ਰਕਿਰਿਆ ਤਹਿਤ ਜਾਂਚ ਹੋ ਚੁੱਕੀ ਹੈ। ਇੰਗਲੈਂਡ ਵਿੱਚ, ਪਿਛਲੇ ਕਰੀਬ ਦੋ ਸੌ ਸਾਲਾਂ ਵਿੱਚ ਕਿਸੇ ਵੀ ਜੱਜ ਨੂੰ ਮਹਾਦੋਸ਼ ਆਰੰਭ ਕੇ ਦੋਸ਼ੀ ਨਹੀਂ ਠਹਿਰਾਇਆ ਗਿਆ। ਭਾਰਤੀ ਸੰਵਿਧਾਨ ਲੋਕਾਂ ਦੀ ਇੱਛਾ ਜਾਂ ਸੰਸਦ ਦੀ ਇੱਛਾ ਤੇ ਸ਼ਕਤੀਸ਼ਾਲੀ ਕਾਰਜਪਾਲਿਕਾ ਦੀ ਮਰਜ਼ੀ ਖ਼ਿਲਾਫ਼ ਵੀ ਜੱਜਾਂ ਦਾ ਬਚਾਅ ਕਰਦਾ ਹੈ। ਇਹ ਕਹਿੰਦਾ ਹੈ ਕਿ ਇੱਕ ਜੱਜ ਨੂੰ ‘‘ਸਾਬਿਤ ਦੁਰਾਚਾਰ ਜਾਂ ਅਯੋਗਤਾ’’ ਦੇ ਅਧਾਰ ਉੱਤੇ ਸੰਸਦ ਦੇ ਦੋਵੇਂ ਸਦਨ ਵੱਲੋਂ ਹੀ ਦੋਸ਼ੀ ਠਹਿਰਾਇਆ ਜਾ ਸਕਦਾ ਹੈ।* ”

ਘਾਹ ਕੱਟਣ ਵਾਲੀ ਮਸ਼ੀਨ,
(lawnmower)
ਵਾਸ਼ਰ ਡਰਾਇਰ, ਮਿਕਸੀ,
ਮਾਈਕਰੋਵੇਵ ਵਾਜਬ ਰੇਟ ਤੇ
ਠੀਕ ਕਰਵਾਓ



REPAIR & SERVICES
ਸੰਪਰਕ ਕਰੋ
604-773-7258 (ਸਰੀ)

BASEMENT FOR RENT
Two Bedroom Basement Suite to Rent
Available From
March 15 or April 1st.
Small Family. 3-4 person!
Utilities included . No laundry)
Call for Rent info :
604-961-4065




# ਭਲੇ ਅਮਰਦਾਸ ਗੁਣ ਤੇਰੇ

ਲੇਖਕ : ਭਾਈ ਅਮਰਿੰਦਰ ਸਿੰਘ 'ਸੁਰਤਾਪੁਰ'

ਸ੍ਰੀ ਗੁਰੂ ਅਮਰਦਾਸ ਜੀ ਅਤਿ ਸ਼ੀਲ ਸੁਭਾਅ, ਨਿਮਰਤਾ, ਸੇਵਾ ਭਾਵ ਇਕ ਰਸ ਭਗਤੀ ਦੇ ਧਾਰਨੀ, ਮਨੁੱਖਤਾ ਦਾ ਭਲਾ ਲੋਚਣ ਵਾਲੇ, ਗ਼ਰੀਬਾਂ ਅਤੇ ਦੁਖੀਆਂ ਲਈ ਅਥਾਹ ਹਮਦਰਦੀ ਰੱਖਣ ਵਾਲੇ ਪਾਰਬ੍ਰਹਮ ਵਿਚ ਲੀਨ ਗੁਰੂ ਨਾਨਕ ਸਾਹਿਬ ਜੀ ਦੀ ਗੱਦੀ 'ਤੇ ਬਿਰਾਜਮਾਨ ਹੋਣ ਵਾਲੇ ਤੀਜੇ ਪਾਤਸ਼ਾਹ ਜੀ ਹਨ। ਆਪ ਜੀ ਦਾ ਪ੍ਰਕਾਸ਼ ਸੰਨ 1479 ਈ. 'ਚ ਪਿੰਡ ਬਾਸਰਕੇ, ਜ਼ਿਲ੍ਹਾ ਅੰਮ੍ਰਿਤਸਰ ਵਿੱਚ ਬਾਬਾ ਤੇਜਭਾਨ ਜੀ ਅਤੇ ਮਾਤਾ ਸੁਲਖਣੀ (ਮਾਤਾ ਲੱਖੋ) ਜੀ ਦੇ ਘਰ ਹੋਇਆ। ਆਪ ਜੀ ਦਾ ਵਿਆਹ ਬੀਬੀ ਮਨਸਾ ਦੇਵੀ ਜੀ ਨਾਲ 1532 ਈਸਵੀ 'ਚ ਹੋਇਆ, ਜਿਨ੍ਹਾਂ ਦੀ ਕੁੱਖੋਂ 30 ਅਪ੍ਰੈਲ 1534 ਨੂੰ ਬੀਬੀ ਭਾਨੀ ਜੀ ਦਾ ਜਨਮ ਹੋਇਆ, 11 ਮਾਰਚ 1536 ਈ. ਨੂੰ ਪੁੱਤਰ ਮੋਹਨ ਜੀ ਅਤੇ 2 ਜੂਨ 1539 ਈ. ਨੂੰ ਦੂਜੇ ਪੁੱਤਰ ਬਾਬਾ ਮੋਹਰੀ ਜੀ ਦਾ ਜਨਮ ਹੋਇਆ। ਇਤਿਹਾਸਕਾਰ ਡਾਕਟਰ ਹਰਜਿੰਦਰ ਸਿੰਘ ਦਲਗੀਰ ਮੁਤਾਬਕ ਗੁਰੂ ਅਮਰਦਾਸ ਜੀ ਦਾ ਜਨਮ 18 ਅਪ੍ਰੈਲ 1509 ਈ. (ਸੰਮਤ ੧੫੬੬) ਨੂੰ ਹੋਇਆ ਹੈ, ਪਰ ਲੇਖਕਾਂ ਨੇ ਸੰਮਤ ੧੫੬੬ ਨੂੰ ਗ਼ਲਤੀ ਨਾਲ ੧੫੩੬ ਮੰਨ ਕੇ ਸੰਨ 1479 (ਭਾਵ 30 ਸਾਲ ਪਹਿਲਾਂ) ਲਿਖ ਦਿੱਤਾ। ਜੇ ਗੁਰੂ ਜੀ ਦਾ ਜਨਮ ਸੰਨ 1479 ਮੰਨ ਲਈਏ ਤਾਂ ਗੁਰੂ ਜੀ ਦੀ ਸ਼ਾਦੀ ਸਮੇਂ ਉਮਰ 53 ਸਾਲ ਮੰਨਣੀ ਪਵੇਗੀ ਜਦਕਿ ਉਸ ਸਮੇਂ ਜ਼ਿਆਦਾਤਰ ਬੱਚਿਆਂ ਦੇ ਵਿਆਹ 20 ਕੁ ਸਾਲ ਤੋਂ ਪਹਿਲਾਂ ਹੀ ਕਰ ਦਿੱਤੇ ਜਾਂਦੇ ਸਨ।

ਆਪ ਜੀ ਦੇ ਪਿਤਾ ਵੈਸ਼ਨਵ ਖ਼ਿਆਲਾਂ ਦੇ ਧਾਰਨੀ ਸਨ, ਇਨ੍ਹਾਂ ਘਰੋਗੀ ਵਿਚਾਰਾਂ ਨੇ ਸ੍ਰੀ ਅਮਰਦਾਸ ਜੀ ਦੀ ਜ਼ਿੰਦਗੀ 'ਤੇ ਗਹਿਰਾ ਅਸਰ ਪਾਇਆ। ਆਪ ਜੀ ਨੇ ਸਾਰੇ ਧਾਰਮਿਕ ਕਰਮ ਬ੍ਰਤ, ਮੌਨ, ਜਪ-ਤਪ, ਤੀਰਥ ਇਸ਼ਨਾਨ ਇਤਿਆਦਿਕ ਕਰਕੇ ਵੇਖ ਲਏ ਪਰ ਕਿਸੇ ਨੇ ਵੀ ਆਤਮਾ ਦੀ ਤ੍ਰਿਪਤੀ ਨਾ ਕੀਤੀ। ਹਰ ਸਾਲ ਗੰਗਾ ਇਸ਼ਨਾਨ ਅਤੇ ਗੰਗਾ ਮਾਈ ਦਾ ਜਲ ਛਕ ਕੇ ਵੀ ਤ੍ਰਿਖਾ ਨਾ ਬੁਝੀ। ਗੁਰੂ ਬਚਨ ਹਨ: "ਮਨ ਕਾਮਨਾ ਤੀਰਥ ਜਾਇ ਬਸਿਓ, ਸਿਰਿ ਕਰਵਤ ਧਰਾਏ। ਮਨ ਕੀ ਮੈਲੁ ਨ ਉਤਰੈ ਇਹ ਬਿਧਿ, ਜੇ ਲਖ ਜਤਨ ਕਰਾਏ।" (ਪੰਨਾ ੬੪੨)

ਕਈ ਭਗਤਾਂ, ਸਾਧੂਆਂ ਦੀ ਸੰਗਤ ਕਰਨ ਦੇ ਨਾਲ ਇਹ ਨਿਸ਼ਚਾ ਹੋ ਗਿਆ ਕਿ ਤਨ ਧੋਤਿਆਂ ਮਨ ਉਜਲਾ ਨਹੀਂ ਹੋ ਸਕਦਾ। ਮਨ ਨੂੰ ਸਾਫ਼ ਕਰਨ ਲਈ ਕਿਸੇ ਮਾਨਸਿਕ ਤੀਰਥ ਉੱਤੇ ਜਾ ਕੇ ਇਸ਼ਨਾਨ ਕਰਨਾ ਪਵੇਗਾ "ਅੰਤਰਗਤਿ ਤੀਰਥਿ ਮਲਿ ਨਾਉ ॥" (ਜਪੁ/ਮ: ੧) ਪਵਿੱਤਰ ਤੀਰਥ ਦੀ ਖ਼ਬਰ ਆਪ ਜੀ ਨੂੰ ਆਪਣੇ ਹੀ ਘਰ ਤੋਂ ਮਿਲੀ। ਇੱਕ ਦਿਨ ਬੀਬੀ ਅਮਰੋ ਜੀ, ਜੋ ਕਿ ਗੁਰੂ ਅੰਗਦ ਦੇਵ ਜੀ ਦੀ ਸਪੁੱਤਰੀ ਸੀ ਤੇ ਗੁਰੂ ਅਮਰਦਾਸ ਜੀ ਦੇ ਭਤੀਜੇ ਨਾਲ ਵਿਆਹੀ ਹੋਈ ਸੀ, ਅੰਮ੍ਰਿਤ ਵੇਲੇ ਗੁਰਬਾਣੀ ਪੜ੍ਹ ਰਹੇ ਸਨ: "ਕਰਣੀ ਕਾਗਦੁ ਮਨੁ ਮਸਵਾਣੀ; ਬੁਰਾ ਭਲਾ ਦੁਇ ਲੇਖ ਪਏ॥ ਜਿਉ ਜਿਉ ਕਿਰਤੁ ਚਲਾਏ, ਤਿਉ ਚਲੀਐ; ਤਉ ਗੁਣ ਨਾਹੀ ਅੰਤੁ ਹਰੇ॥" (ਮ:੧/ਪੰਨਾ 990) ਜਦੋਂ ਪਾਵਨ ਸ਼ਬਦ ਦਾ ਪਾਠ ਸੁਣਿਆ ਤਾਂ ਅੰਦਰ ਨੂੰ ਕੁਝ ਆਤਮਿਕ ਹੁਲਾਰਾ ਮਿਲਿਆ। ਬੀਬੀ ਅਮਰੋ ਜੀ; ਆਪ ਜੀ ਨੂੰ ਆਪਣੇ ਪਿਤਾ (ਗੁਰੂ ਅੰਗਦ ਦੇਵ) ਜੀ ਪਾਸ ਖਡੂਰ ਸਾਹਿਬ ਵਿਖੇ ਲੈ ਆਏ। ਸ੍ਰੀ ਅਮਰਦਾਸ ਜੀ ਨੇ ਕੁਲਾਚਾਰੀ ਦਾ ਖਿਆਲ ਨਾ ਕਰਦਿਆਂ ਹੋਇਆ ਗੁਰੂ ਅੰਗਦ ਸਾਹਿਬ ਜੀ ਨੂੰ ਨਮਸਕਾਰ ਕੀਤੀ। ਇਸ ਮਿਲਾਪ ਨੇ ਮਾਨੋ ਵਡੇਰੀ ਉਮਰ 'ਚ ਨਵੀਂ ਜੁਆਨੀ ਦਾ ਹੁਲਾਰਾ ਪੈਦਾ ਕਰ ਦਿੱਤਾ। ਆਪ ਜੀ ਨੇ ਇਹ ਅਟਲ ਫ਼ੈਸਲਾ ਕਰ ਲਿਆ ਕਿ ਬਾਕੀ ਦੀ ਜ਼ਿੰਦਗੀ ਇਸ (ਗੁਰੂ) ਤੀਰਥ ਉੱਤੇ ਹੀ ਗੁਜਾਰਾਂਗਾ। ਸ੍ਰੀ ਅਮਰਦਾਸ ਜੀ ਨੇ ਆਪਣੇ ਪ੍ਰੀਤਮ ਨੂੰ ਮਿਲਣ ਦੇ ਲਈ 'ਗਾਖੜੀ ਸੇਵਾ' ਕਰਨੀ ਸ਼ੁਰੂ ਕਰ ਦਿੱਤੀ। ਆਪ ਜੀ ਨੇ 10-12 ਸਾਲ ਦੇ ਸਮੇਂ ਦੌਰਾਨ "ਤਨੁ ਮਨੁ ਧਨੁ ਸਭ ਸਉਪਿ ਗੁਰ ਕਉ, ਹੁਕਮਿ ਮੰਨਿਐ ਪਾਈਐ॥" ਅਨੁਸਾਰ ਘਾਲਣਾ ਘਾਲੀ। ਕੀਤੀ ਹੋਈ ਸੇਵਾ ਨੂੰ ਗੁਰੂ ਘਰ ਵੱਲੋਂ ਇਹ ਫਲ ਲੱਗਾ ਕਿ "ਨਾਨਕ ! ਕੁਲਿ ਨਿੰਮਲੁ ਅਵਤਰਿ ਉ, ਅੰਗਦ ਲਹਣੇ ਸੰਗਿ ਹੁਅ ॥" (ਭਟ ਕੀਰਤ/੧੩੯੫) ਭਾਵ ਸ੍ਰੀ ਗੁਰੂ ਅੰਗਦ ਸਾਹਿਬ ਜੀ ਨੇ ਗੁਰੂ ਨਾਨਕ ਸਾਹਿਬ ਜੀ ਦੀ ਜੋਤ ਦੇ ਵਾਰਸ ਬਣਾ ਕੇ ਸ੍ਰੀ ਗੁਰੂ ਅਮਰਦਾਸ ਬਣਾ ਦਿੱਤਾ।

ਸ੍ਰੀ ਗੁਰੂ ਅੰਗਦ ਸਾਹਿਬ ਜੀ ਦੀ ਆਗਿਆ ਅਨੁਸਾਰ ਆਪ ਜੀ ਨੇ ਗੋਇੰਦਵਾਲ ਨਗਰ ਵਸਾਇਆ। ਆਪ ਜੀ ਨੇ ਇੱਥੇ ਹੀ ਸਿੱਖੀ ਦੀ ਫੁਲਵਾੜੀ ਲਾਉਣੀ ਸ਼ੁਰੂ ਕਰ ਦਿੱਤੀ। ਉਸ ਸਮੇਂ ਦੇ ਸਮਾਜ ਵਿੱਚ ਜੋ ਜਾਤ-ਪਾਤ ਦਾ ਭੇਦ-ਭਾਵ ਬਹੁਤ ਵੱਡੇ ਪੱਧਰ ਉੱਤੇ ਫੈਲਿਆ ਹੋਇਆ ਸੀ, ਉਸ ਨੂੰ ਦੂਰ ਕਰਨ ਵਾਸਤੇ ਆਪ ਨੇ ਬਹੁਤ ਵੱਡਾ ਯੋਗਦਾਨ ਪਾਇਆ। ਉੱਚ ਜਾਤ ਦੇ ਲੋਕ ਨੀਵੀਂ ਜਾਤ ਵਾਲੇ ਲੋਕਾਂ ਨੂੰ ਖੂਹ ਤੋਂ ਪਾਣੀ ਵੀ ਨਹੀਂ ਭਰਨ ਦਿੰਦੇ ਸਨ। ਸ੍ਰੀ ਗੁਰੂ ਅਮਰਦਾਸ ਜੀ ਨੇ ਲੋਕ ਭਲਾਈ ਵਾਸਤੇ ਸੰਨ 1556 'ਚ 84 ਪਉੜੀਆਂ ਵਾਲੀ ਇੱਕ ਬਾਉਲੀ ਤਿਆਰ ਕਰਵਾਈ। ਬਿਨਾਂ ਕਿਸੇ ਭੇਦ-ਭਾਵ ਦੇ ਲੋਕਾਂ ਨੂੰ ਪਾਣੀ ਪੀਣ ਦੀ ਖੁੱਲ੍ਹ ਦਿੱਤੀ ਗਈ।

ਜੋ ਲੋਕ ਆਖਦੇ ਹਨ ਕਿ ਗੁਰੂ ਜੀ ਦਾ ਮੰਤਵ ਇਹ ਸੀ ਕਿ ਇੱਥੇ ਨਹਾਉਣ ਨਾਲ ਚੁਰਾਸੀ ਕੱਟੀ ਜਾਇਆ ਕਰੇਗੀ, ਉਹ ਲੋਕ ਗੁਰੂ ਜੀ ਦੀ ਤਾਲੀਮ ਨੂੰ ਭੁੱਲ ਜਾਂਦੇ ਹਨ ਜੋ ਕਿ ਉਨ੍ਹਾਂ 20 ਸਾਲ ਆਪ ਗੰਗਾ ਦਾ ਇਸ਼ਨਾਨ ਕਰਦਿਆਂ ਤਜਰਬਾ ਕਰ ਕੇ ਕਹੀ ਸੀ : "ਮਨਿ ਮੈਲੈ, ਸਭੁ ਕਿਛੁ ਮੈਲਾ; ਤਨਿ ਧੋਤੈ, ਮਨੁ ਹਛਾ ਨ ਹੋਇ ॥" (ਮ: ੩/੫੫੮)

ਸ੍ਰੀ ਗੁਰੂ ਅਮਰਦਾਸ ਜੀ ਦੇ ਗੁਰੂ ਘਰ ਆਉਣ ਤੋਂ ਬਾਅਦ ਦੀ ਸਾਰੀ ਜ਼ਿੰਦਗੀ ਇਨ੍ਹਾਂ ਕਰਮਕਾਂਡਾਂ ਵਿਰੁਧ ਆਵਾਜ਼ ਬੁਲੰਦ ਕਰਨਾ ਸੀ। ਉਨ੍ਹਾਂ ਜਾਤ-ਪਾਤ ਦੇ ਵਹਿਮ ਭਰਮ ਨੂੰ ਖ਼ਤਮ ਕਰਨ ਲਈ 'ਪਹਿਲੇ ਪੰਗਤ ਪਾਛੇ ਸੰਗਤ' ਮਰਯਾਦਾ ਲਾਗੂ ਕੀਤੀ।

ਪੁਰਾਤਨ ਕਾਲ ਤੋਂ ਸਾਰੀ ਦੁਨੀਆਂ ਵਿੱਚ ਇਸਤਰੀ ਦਾ ਦਰਜਾ ਮਰਦ ਨਾਲੋਂ ਘੱਟ (ਛੋਟਾ) ਸਮਝਿਆ ਜਾਂਦਾ ਸੀ। ਸਿਰਫ਼ ਗੁਰੂ ਘਰ ਹੀ ਹੈ ਜਿੱਥੇ ਇਸਤਰੀ ਨੂੰ ਮਰਦ ਦੇ ਬਰਾਬਰ ਥਾਂ ਦਿੱਤੀ ਜਾਂਦੀ ਹੈ। ਸ੍ਰੀ ਗੁਰੂ ਨਾਨਕ ਸਾਹਿਬ ਜੀ ਨੇ ਸਭ ਤੋਂ ਪਹਿਲਾਂ ਇਸਤਰੀ ਦੇ ਹੱਕ 'ਚ ਅਵਾਜ਼ ਬੁਲੰਦ ਕਰਦਿਆਂ ਬਚਨ ਕੀਤਾ "ਸੋ ਕਿਉ ਮੰਦਾ ਆਖੀਐ; ਜਿਤੁ ਜੰਮਹਿ ਰਾਜਾਨ ?॥" (ਮ: ੧/ਪੰਨਾ ੪੭੩)

ਸ੍ਰੀ ਗੁਰੂ ਅੰਗਦ ਸਾਹਿਬ ਜੀ ਨੇ ਆਪਣੇ ਮਹਿਲ ਮਾਤਾ ਖੀਵੀ ਜੀ (ਜੋ ਕਿ ਇੱਕ ਇਸਤਰੀ ਸੀ) ਨੂੰ ਲੰਗਰ ਦੀ ਜ਼ਿੰਮੇਵਾਰੀ ਸੌਂਪੀ ਰੱਖੀ ਸੀ, ਜਿਸ ਦਾ ਜ਼ਿਕਰ ਗੁਰਬਾਣੀ 'ਚ ਇਉਂ ਦਰਜ ਹੈ "ਬਲਵੰਡ ਖੀਵੀ ਨੇਕ ਜਨ; ਜਿਸੁ ਬਹੁਤੀ ਛਾਉ ਪਤ੍ਰਾਲੀ ॥ ਲੰਗਰਿ ਦਉਲਤਿ ਵੰਡੀਐ; ਰਸੁ ਅੰਮ੍ਰਿਤੁ ਖੀਰਿ ਘਿਆਲੀ ॥" (ਬਲਵੰਡ ਸਤਾ/ਪੰਨਾ ੯੬੭)

ਸ੍ਰੀ ਗੁਰੂ ਅਮਰਦਾਸ ਜੀ ਨੇ ਇਸਤਰੀ ਦੇ ਉਥਾਨ (ਵਿਕਾਸ) ਲਈ ਠੋਸ ਯਤਨ ਕੀਤੇ। ਉਨ੍ਹਾਂ ਨੇ ਸਭ ਤੋਂ ਪਹਿਲਾਂ ਪਰਦੇ (ਘੁੰਡ ਕੱਢਣ) ਦੀ ਰਸਮ ਨੂੰ ਖ਼ਤਮ ਕਰ ਦਿੱਤਾ। ਆਪ ਜੀ ਵੱਲੋਂ ਗੁਰੂ ਘਰ ਅੰਦਰ ਇਸਤਰੀਆਂ ਨੂੰ ਪਰਦਾ ਨਾ ਕਰਨ ਦਾ ਹੁਕਮ ਕੀਤਾ ਹੋਇਆ ਸੀ। ਇਸ ਨਾਲ ਉਨ੍ਹਾਂ ਨੂੰ ਅਜ਼ਾਦੀ ਨਾਲ ਸੰਗਤ ਵਿੱਚ ਵਿਚਰ ਕੇ ਸੇਵਾ ਕਰਨ ਦੀ ਖੁੱਲ੍ਹ ਮਿਲ ਗਈ।

ਉਸ ਸਮੇਂ ਸਮਾਜ ਅੰਦਰ ਵਿਧਵਾ ਇਸਤਰੀ ਦਾ ਦੁਬਾਰਾ ਵਿਆਹ ਨਹੀਂ ਕੀਤਾ ਜਾਂਦਾ ਸੀ ਪਰ ਮਰਦ ਦੁਬਾਰਾ ਵਿਆਹ ਕਰਵਾ ਸਕਦਾ ਸੀ। ਆਪ ਜੀ ਨੇ ਵਿਧਵਾ ਇਸਤਰੀਆਂ ਦਾ ਵਿਆਹ ਕਰਨ ਦੀ ਰੀਤ ਨੂੰ ਆਰੰਭ ਕਰ ਦਿੱਤਾ। ਪ੍ਰਚਲਿਤ ਸਤੀ ਪ੍ਰਥਾ ਇਸਤਰੀ ਜ਼ਾਤੀ ਲਈ ਵੱਡੀ ਲਾਹਨਤ ਸੀ। ਬਹੁਤੀ ਵਾਰੀ ਇਸਤਰੀ ਦੀ ਮਰਜ਼ੀ ਦੇ ਖਿਲਾਫ ਉਸ ਨੂੰ ਮੱਲੋ-ਮੱਲੀ ਪਤੀ ਦੇ ਨਾਲ ਸੜਨ ਲਈ ਜਿਉਂਦੀ ਨੂੰ ਹੀ ਅੱਗ ਵਿੱਚ ਸੁੱਟ ਦਿੱਤਾ ਜਾਂਦਾ ਸੀ। ਆਪ ਜੀ ਨੇ ਸਤੀ ਪ੍ਰਥਾ ਦੀ ਰਸਮ ਨੂੰ ਬੰਦ ਕਰਨ ਦਾ ਉਪਦੇਸ਼ ਦਿੱਤਾ ਤੇ ਸਮਝਾਇਆ ਕਿ ਅਸਲ ਵਿੱਚ ਸਤੀਆਂ ਉਨ੍ਹਾਂ ਨੂੰ ਕਿਹਾ ਜਾਂਦਾ ਹੈ, ਜੋ ਜੀਵ ਇਸਤ੍ਰੀਆਂ ਪ੍ਰਭੂ ਦੇ ਵਿਛੋੜੇ ਦੇ ਦੁੱਖ 'ਚ ਮਰਦੀਆਂ ਹਨ: "ਸਤੀਆ ਏਹਿ ਨ ਆਖੀਅਨਿ; ਜੋ ਮੜਿਆ ਲਗਿ ਜਲੰਨਿ ॥ ਨਾਨਕ ! ਸਤੀਆ ਜਾਣੀਅਨਿ; ਜਿ ਬਿਰਹੇ ਚੋਟ ਮਰੰਨਿ ॥" (ਮ: ੩/ ਪੰਨਾ ੭੮੭)

ਗੁਰੂ ਅਮਰਦਾਸ ਜੀ ਨੇ ਵੀ ਉਨ੍ਹਾਂ ਮਾਰਗਾਂ ਉੱਤੇ ਹੀ ਪ੍ਰਚਾਰਕ ਦੌਰੇ ਸ਼ੁਰੂ ਕੀਤੇ ਜਿਨ੍ਹਾਂ ਮਾਰਗਾਂ 'ਤੇ ਗੁਰੂ ਨਾਨਕ ਸਾਹਿਬ ਜੀ ਨੇ ਪ੍ਰਚਾਰਕ ਦੌਰੇ ਆਰੰਭੇ ਕੀਤੇ ਸਨ। ਇਸ ਗੱਲ ਦੀ ਗਵਾਹੀ ਸਾਨੂੰ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਵਿੱਚੋਂ ਮਿਲਦੀ ਹੈ ਕਿਉਂਕਿ ਗੁਰੂ ਗ੍ਰੰਥ ਸਾਹਿਬ ਜੀ ਸਾਨੂੰ ਜਿੱਥੇ ਆਤਮਿਕ ਗਿਆਨ ਦੀ ਸੋਝੀ ਬਖ਼ਸ਼ਦੇ ਹਨ ਉੱਥੇ ਇਤਿਹਾਸਕ ਪੱਖੋਂ ਵੀ ਬਹੁਤ ਵੱਡੇ ਸੋਮੇ ਹਨ। ਬਾਬਰ ਬਾਣੀ ਦਾ ਸੰਬੰਧ ਜ਼ਿਆਦਾਤਰ ਇਤਿਹਾਸ ਨਾਲ ਹੈ, ਜਿਸ ਦੇ ਰਚੇਤਾ ਗੁਰੂ ਨਾਨਕ ਜੀ ਹਨ। ਸ੍ਰੀ ਗੁਰੂ ਰਾਮਦਾਸ ਜੀ ਨੇ ਵੀ ਸ੍ਰੀ ਗੁਰੂ ਅਮਰਦਾਸ ਜੀ ਦੇ ਸਮੇਂ ਵਿੱਚ ਵਾਪਰੀਆਂ ਕੁਝ ਘਟਨਾਵਾਂ ਨੂੰ ਆਪਣੀ ਬਾਣੀ ਰਾਹੀਂ ਸੰਭਾਲਿਆ ਹੈ; ਜਿਵੇਂ ਕਿ ਤੁਖਾਰੀ ਰਾਗ 'ਚ ਪ੍ਰਚਾਰਕ ਦੌਰੇ ਬਾਰੇ ਜ਼ਿਕਰ ਕੀਤਾ ਮਿਲਦਾ ਹੈ: "ਪ੍ਰਥਮ ਆਏ ਕੁਲਖੇਤਿ; ਗੁਰ ਸਤਿਗੁਰ ਪੁਰਬੁ ਹੋਆ ॥ ਖਬਰਿ ਭਈ ਸੰਸਾਰਿ; ਆਏ ਤ੍ਰੈ ਲੋਆ ॥" (ਮ: ੪/੧੧੧੬) ਆਦਿ ਘਟਨਾਵਾਂ ਨੇ ਸਾਨੂੰ ਸਮਝਾਇਆ ਕਿ ਗੁਰੂ ਅਮਰਦਾਸ ਜੀ ਕਿਨ੍ਹਾਂ ਮਾਰਗਾਂ ਉੱਤੇ ਪ੍ਰਚਾਰਕ ਦੌਰੇ ਕਰਿਆ ਕਰਦੇ ਸਨ। ਭਾਰਤ 'ਚ ਤੀਰਥਾਂ ਦੀ ਹਾਲਤ ਤਾਂ ਐਸੀ ਬਣ ਚੁੱਕੀ ਸੀ : "ਥਾਨਸਟ ਜਗ ਭਰਿਸਟ ਹੋਏ; ਡੂਬਤਾ ਇਵ ਜਗੁ॥" (ਮ: ੧/ਪੰਨਾ ੬੬੨)

ਗੁਰੂ ਅਮਰਦਾਸ ਜੀ ਨੇ ਲੋਕਾਂ ਨੂੰ ਸਮਝਾਇਆ ਕਿ ਜ਼ਿੰਦਗੀ ਵਿੱਚ ਸੱਚਾ ਇਸ਼ਨਾਨ (ਤੀਰਥ) ਕੀ ਹੈ ਭਾਵ ਅਸਲੀ ਪਵਿੱਤਰਤਾ ਕੀ ਹੁੰਦੀ ਹੈ: "ਤੀਰਥਿ ਨਾਵਣ ਜਾਉ, ਤੀਰਥੁ ਨਾਮੁ ਹੈ॥ ਤੀਰਥੁ ਸਬਦ ਬੀਚਾਰੁ; ਅੰਤਰ ਗਿਆਨੁ ਹੈ॥" (ਮ: ੧/੬੮੭)

ਸ੍ਰੀ ਗੁਰੂ ਅਮਰਦਾਸ ਜੀ ਨੇ 17 ਰਾਗਾਂ ਵਿੱਚ ਬਾਣੀ ਉਚਾਰਨ ਕੀਤੀ। ਆਪ ਜੀ ਨੇ ਬਾਣੀ ਅੰਦਰ ਗੁਰੂ ਜੀ ਦੀ ਸੇਵਾ ਕਰਨ ਉੱਤੇ ਵਧੇਰੇ ਜ਼ੋਰ ਦਿੱਤਾ। ਆਪ ਜੀ ਅਨੁਸਾਰ ਸੇਵਾ ਨਾਲ ਹਿਰਦਾ ਸ਼ੁੱਧ ਹੁੰਦਾ ਹੈ, ਹਉਮੈ ਦੂਰ ਹੁੰਦੀ ਹੈ ਅਤੇ ਪ੍ਰਮਾਤਮਾ ਦਾ ਨਾਮ ਮਨ ਵਿੱਚ ਵਸ ਜਾਂਦਾ ਹੈ। ਜੇਕਰ ਕੋਈ ਚਿੱਤ ਲਾ ਕੇ ਗੁਰੂ ਦੀ ਸੇਵਾ ਕਰਦਾ ਹੈ ਉਸ ਦਾ ਅਧਿਆਤਮਕ ਜੀਵਨ ਪ੍ਰਫੁਲਿਤ ਹੋ ਜਾਂਦਾ ਹੈ ਕਿਉਂਕਿ ਉੱਥੇ ਪ੍ਰਮਾਤਮਾ ਨਿਵਾਸ ਕਰਨ ਲੱਗ ਜਾਂਦੇ ਹਨ: "ਸਤਿਗੁਰ ਕੀ ਸੇਵਾ ਸਫਲ ਹੈ; ਜੇ ਕੋ ਕਰੇ ਚਿਤੁ ਲਾਇ॥ ਨਾਮੁ ਪਦਾਰਥੁ ਪਾਈਐ; ਅਚਿੰਤੁ ਵਸੈ ਮਨਿ ਆਇ॥" (ਮ: ੩/੫੫੨)

ਸ੍ਰੀ ਗੁਰੂ ਅਮਰਦਾਸ ਜੀ ਨੇ ਆਸਾ ਰਾਗ ਵਿੱਚ ਪੱਟੀ (ਬਾਣੀ) ਉਚਾਰਨ ਕੀਤੀ ਜਿਸ ਵਿੱਚ ਮਨੁੱਖਤਾ ਨੂੰ ਸਮਝਾਇਆ ਗਿਆ ਕਿ ਹੇ ਮਨ ! ਤੂੰ ਜਿੰਨਾ ਮਰਜ਼ੀ ਪੜ੍ਹ ਲੈ ਪਰ ਯਾਦ ਰੱਖ ਕਿ ਜੇਕਰ ਤੂੰ ਆਪਣੇ ਕਰਮਾਂ ਦਾ ਹਿਸਾਬ ਕਿਤਾਬ (ਲੇਖਾ) ਖ਼ਤਮ ਨਾ ਕੀਤਾ ਤਾਂ ਇਹ ਲੇਖਾ ਤੈਨੂੰ ਅਗਲਾ ਜਨਮ ਦੁਬਾਰਾ ਕਰਵਾ ਦੇਵੇਗਾ। ਗੁਰ ਵਾਕ ਹੈ: "ਮਨ ! ਐਸਾ ਲੇਖਾ ਤੂ ਕੀ ਪੜਿਆ ? ॥ ਲੇਖਾ ਦੇਣਾ; ਤੇਰੈ ਸਿਰਿ ਰਹਿਆ॥" (ਮ:੩/ਪੰਨਾ ੪੩੪)

ਸ੍ਰੀ ਗੁਰੂ ਅਮਰਦਾਸ ਜੀ ਨੇ ਸਿੱਖਾਂ ਨੂੰ ਮ੍ਰਿਤਕ ਸੰਸਕਾਰ ਸਮੇਂ ਕੀਤੇ ਜਾ ਰਹੇ ਬ੍ਰਾਹਮਣੀ ਕਰਮਕਾਂਡਾਂ ਤੋਂ ਮੁਕਤ ਕਰਵਾਇਆ। ਆਪ ਜੀ ਅਨੁਸਾਰ ਸਿੱਖਾਂ ਕੋਲ ਆਪਣੀਆਂ ਰਸਮਾਂ ਹੋਣ ਤਾਂ ਜੋ ਬ੍ਰਾਹਮਣਾਂ ਦੀ ਮਦਦ ਨਾ ਲੈਣੀ ਪਵੇ, ਜਿਸ ਦੀ ਸੁੰਦਰ ਮਿਸਾਲ ਉਨ੍ਹਾਂ ਦੇ ਅੰਤਮ ਉਪਦੇਸ਼ਾਂ ਤੋਂ ਮਿਲਦੀ ਹੈ, ਜੋ ਕਿ ਰਾਮਕਲੀ ਰਾਗ ਵਿੱਚ 'ਸਦੁ' ਬਾਣੀ ਦੇ ਸਿਰਲੇਖ ਹੇਠ (ਬਾਬਾ ਸੁੰਦਰ ਜੀ ਦੀ ਰਚਨਾ, ਜੋ ਕਿ ਗੁਰੂ ਅਮਰਦਾਸ ਜੀ ਦੇ ਪੜੋਤੇ ਸਨ, ਵੱਲੋਂ) ਦਰਜ ਹੈ : "ਅੰਤੇ ਸਤਿਗੁਰੁ ਬੋਲਿਆ, ਮੈ ਪਿਛੈ ਕੀਰਤਨੁ ਕਰਿਅਹੁ, ਨਿਰਬਾਣੁ ਜੀਉ॥ ਕੇਸੋ ਗੋਪਾਲ ਪੰਡਿਤ ਸਦਿਅਹੁ; ਹਰਿ ਹਰਿ ਕਥਾ ਪੜਹਿ, ਪੁਰਾਣੁ ਜੀਉ॥" (ਬਾਬਾ ਸੁੰਦਰ ਜੀ/ਪੰਨਾ ੯੨੩)

ਗੁਰੂ ਸਾਹਿਬ ਦੇ ਇਸ ਉਪਦੇਸ਼ ਤੋਂ ਤੰਗ ਆ ਕੇ ਸੰਨ 1566 ਵਿੱਚ ਹਿੰਦੂਆਂ ਦੇ ਪਰੋਹਿਤਾਂ ਨੇ ਅਕਬਰ ਬਾਦਸ਼ਾਹ ਕੋਲ ਜਾ ਕੇ ਸ਼ਿਕਾਇਤ ਕੀਤੀ ਕਿ ਗੁਰੂ ਸਾਹਿਬ ਜੀ 'ਗਾਇਤ੍ਰੀ ਮੰਤਰ' ਤੇ 'ਗਰੁੜ ਪੁਰਾਣ' ਤੋਂ ਹਟਾ ਕੇ 'ਗੁਰਬਾਣੀ' ਪੜ੍ਹਾਉਂਦੇ ਹਨ। ਸ਼ਿਕਾਇਤ ਦੇ ਆਧਾਰ 'ਤੇ ਰਾਜਾ ਅਕਬਰ ਨੇ ਆਪ ਜੀ ਨੂੰ ਆਪਣੇ ਕੋਲ ਬੁਲਾਇਆ। ਗੁਰੂ ਸਾਹਿਬ ਜੀ ਨੇ ਆਪ ਜਾਣ ਦੀ ਬਜਾਏ ਭਾਈ ਜੇਠਾ (ਗੁਰੂ ਰਾਮਦਾਸ) ਜੀ ਨੂੰ ਭੇਜ ਦਿੱਤਾ। ਜੇਠਾ ਜੀ ਨੇ ਜਾ ਕੇ ਰਾਜਾ ਅਕਬਰ ਨੂੰ ਸਚਾਈ ਦੱਸੀ ਕਿ ਗੁਰੂ ਘਰ ਦੀ ਰੀਤ ਹੈ : "ਪੰਡਿਤ ਮੁਲਾਂ; ਜੋ ਲਿਖਿ ਦੀਆ ॥ ਛਾਡਿ ਚਲੇ ਹਮ; ਕਛੂ ਨ ਲੀਆ ॥ (ਭਗਤ ਕਬੀਰ ਜੀ/੧੧੫੯), ਹਿੰਦੂ ਪੂਜੈ ਦੇਹੁਰਾ; ਮੁਸਲਮਾਣੁ ਮਸੀਤਿ ॥ ਨਾਮੇ ਸੋਈ ਸੇਵਿਆ; ਜਹ ਦੇਹੁਰਾ ਨ ਮਸੀਤਿ ॥" (ਭਗਤ ਨਾਮਦੇਵ/੮੭੫) ਕਿਉਂਕਿ "ਨਾ ਹਮ ਹਿੰਦੂ; ਨ ਮੁਸਲਮਾਨ ॥ ਅਲਹ ਰਾਮ ਕੇ; ਪਿੰਡੁ ਪਰਾਨ ॥ (੧੧੩੬), ਤੁਮ੍ ਤਉ ਬੇਦ ਪੜਹੁ ਗਾਇਤ੍ਰੀ; ਗੋਬਿੰਦੁ ਰਿਦੈ ਹਮਾਰੇ ॥" (ਭਗਤ ਕਬੀਰ/੪੮੨) ਇਸ ਲਈ "ਹਿੰਦੂ ਕੈ ਘਰਿ; ਹਿੰਦੂ ਆਵੈ ॥" (ਮ: ੧/੯੫੧) ਪਰ ਅਸੀਂ ਹਿੰਦੂ ਨਹੀਂ ਤੇ ਗੁਰਮਤਿ ਦੀ ਵਿਲੱਖਣਤਾ ਬਾਰੇ ਜਾਣਕਾਰੀ ਦਿੱਤੀ। ਰਾਜਾ ਅਕਬਰ ਇੱਕ ਧਰਮੀ ਬੰਦਾ ਸੀ ਜਿਸ ਨੇ ਨਵੇਂ 'ਦੀਨ ਏ ਇਲਾਹੀ' ਧਰਮ ਦੀ ਸਥਾਪਨਾ ਕਰ ਰੱਖੀ ਸੀ। ਜਦ ਅਕਬਰ ਨੂੰ ਹਕੀਕਤ ਪਤਾ ਲੱਗੀ ਤਾਂ ਉਸ ਨੇ ਹਿੰਦੂਆਂ ਨੂੰ ਕਿਹਾ ਕਿ ਜਦ ਸਿੱਖ, ਹਿੰਦੂ ਹੀ ਨਹੀਂ ਤਾਂ ਫਿਰ ਹਿੰਦੂ ਰਸਮਾਂ ਕਿਉਂ ਨਿਭਾਉਣ ? ਉਸ ਨੇ ਸ਼ਿਕਾਇਤਾਂ ਕਰਨ ਵਾਲੇ ਬ੍ਰਾਹਮਣਾਂ ਨੂੰ ਝਿੜਕਾਂ ਪਾਈਆਂ ਅਤੇ ਗ਼ਲਤ ਬਿਆਨਬਾਜ਼ੀ ਕਰਨ ਬਾਰੇ ਤਾੜਨਾ ਕੀਤੀ। ਇਸ ਘਟਨਾ ਤੋਂ 5 ਕੁ ਸਾਲ ਬਾਅਦ ਅਕਬਰ ਬਾਦਸ਼ਾਹ ਆਪ ਸੰਨ 1571 'ਚ ਗੁਰੂ ਜੀ ਦੇ ਦਰਸ਼ਨ ਕਰਨ ਲਈ ਗੋਇੰਦਵਾਲ ਆਇਆ।

ਸ੍ਰੀ ਗੁਰੂ ਅਮਰਦਾਸ ਜੀ ਨੇ ਸਿੱਖ ਧਰਮ ਨੂੰ ਸੁਚੱਜੇ ਢੰਗ ਨਾਲ ਪ੍ਰਚਾਰਨ ਅਤੇ ਸਿੱਖਾਂ ਨੂੰ ਜਥੇਬੰਦ ਕਰਨ ਵਾਸਤੇ ਸਾਰੇ ਇਲਾਕਿਆਂ ਵਿੱਚ, ਜਿੱਥੇ ਵੀ ਸਿੱਖ ਵੱਡੀ ਗਿਣਤੀ ਵਿੱਚ ਰਹਿੰਦੇ ਸਨ, ਉਨ੍ਹਾਂ ਇਲਾਕਿਆਂ ਨੂੰ 22 ਮੰਜੀਆਂ ਵਿੱਚ ਵੰਡ ਦਿੱਤਾ ਤੇ ਜਿੱਥੇ ਸਿੱਖਾਂ ਦੀ ਗਿਣਤੀ ਘੱਟ ਸੀ ਉਨ੍ਹਾਂ ਇਲਾਕਿਆਂ ਵਿੱਚ 52 ਪੀੜ੍ਹੇ ਸਥਾਪਤ ਕੀਤੇ, ਜਿਨ੍ਹਾਂ ਵਿੱਚ ਬੀਬੀਆਂ ਨੂੰ ਵੀ ਵਿਸ਼ੇਸ਼ ਜਗ੍ਹਾ ਦਿੱਤੀ ਗਈ। ਇਸ ਤਰ੍ਹਾਂ ਸਾਰੇ ਸਿੱਖ ਇੱਕ ਲੜੀ ਵਿੱਚ ਪਰੋਏ ਗਏ ਇਸ ਨਾਲ ਇੱਕ ਤਾਂ ਗੁਰੂ ਸਾਹਿਬ ਦੇ ਪੈਗ਼ਾਮ ਸਿੱਖਾਂ ਨੂੰ ਸੌਖੇ ਮਿਲਣ ਲੱਗ ਪਏ, ਦੂਜਾ ਸਿੱਖਾਂ ਦਾ ਦਸਵੰਧ ਠੀਕ ਤਰੀਕੇ ਨਾਲ ਗੁਰੂ ਘਰ ਤੱਕ ਪੁੱਜਣ ਲੱਗ ਪਿਆ, ਤੀਜਾ ਸਿੱਖ ਆਪਸ ਵਿੱਚ ਵੀ ਇੱਕ ਪਰਿਵਾਰ ਵਾਂਗ ਜੁੜ ਗਏ। ਇਸ ਤਰੀਕੇ ਨਾਲ ਆਪ ਜੀ ਨੇ ਸਿੱਖੀ ਲਹਿਰ ਨੂੰ ਮਜ਼ਬੂਤ ਕੀਤਾ।

ਆਪ ਜੀ ਨੇ ਸਿੱਖ ਜਥੇਬੰਦੀਆਂ ਨੂੰ ਮਜ਼ਬੂਤ ਕਰਨ ਲਈ ਵਿਸਾਖੀ ਦੇ ਦਿਨ ਸਾਲਾਨਾ ਜੋੜ-ਮੇਲਾ ਵੀ ਸੰਗਤਾਂ ਵਿੱਚ ਪ੍ਰਚਲਿਤ ਕਰ ਦਿੱਤਾ। ਭਾਵੇਂ ਕਿ ਸਿੱਖਾਂ ਵਿੱਚ ਰੁਜ਼ਾਨਾ ਸੰਗਤ ਕਰਨ ਦਾ ਰਿਵਾਜ ਸੀ ਫਿਰ ਵੀ ਦੇਸ਼ਾਂ ਪ੍ਰਦੇਸ਼ਾਂ ਤੋਂ ਆ ਕੇ ਸੰਗਤਾਂ ਨੂੰ ਇੱਕ ਥਾਂ (ਕੇਂਦਰ ਵਿੱਚ) ਮਿਲ ਬੈਠਣ ਲਈ ਸਾਲਾਨਾ ਪ੍ਰੋਗਰਾਮ ਉਲੀਕਿਆ ਗਿਆ ਤਾਂ ਜੋ ਆਪਸੀ ਮਸਲੇ ਆਸਾਨੀ ਨਾਲ ਹੱਲ ਕੀਤੇ ਜਾ ਸਕਣ। ਗੁਰਮੁਖੀ ਭਾਸ਼ਾ ਦੇ ਪ੍ਰਚਾਰ ਤੇ ਪ੍ਰਸਾਰ ਲਈ ਵੀ ਆਪ ਨੇ ਕਈ ਕਦਮ ਪੁੱਟੇ।

ਸ੍ਰੀ ਗੁਰੂ ਅਮਰਦਾਸ ਜੀ ਨੇ ਸਿੱਖਾਂ ਨੂੰ 'ਸਬਦੁ ਗੁਰੂ' ਨਾਲ ਜੁੜਨ ਦਾ ਉਪਦੇਸ਼ ਦਿੱਤਾ "ਵਾਹੁ ਵਾਹੁ ਬਾਣੀ ਨਿਰੰਕਾਰ ਹੈ; ਤਿਸੁ ਜੇਵਡੁ ਅਵਰੁ ਨ ਕੋਇ ॥" (ਮ: ੩/੫੧੫) ਉਸ ਸਮੇਂ ਵੀ ਕੁਝ ਲੋਕ ਆਪਣੀ ਵਡਿਆਈ ਕਰਵਾਉਣ ਲਈ ਆਪਣੇ ਆਪ ਨੂੰ ਗੁਰੂ ਸਦਵਾਉਂਦੇ ਸਨ। ਉਨ੍ਹਾਂ ਦੇ ਚੇਲੇ ਵੀ ਲੋਕਾਂ ਨੂੰ ਆਪਣੇ ਗੁਰੂ ਦੀ ਵਡਿਆਈ ਬਾਰੇ ਕੂੜ ਕਹਾਣੀਆਂ ਜੋੜ-ਜੋੜ ਕੇ ਸੁਣਾਉਂਦੇ ਰਹਿੰਦੇ ਸਨ। ਅੱਜ ਵੀ ਕਈ ਅਖੌਤੀ ਡੇਰੇਦਾਰ ਐਸੇ ਹੀ ਹਨ ਜੋ ਸਿੱਖ ਇਤਿਹਾਸ ਨੂੰ ਵਿਗਾੜ ਕੇ ਆਪਣੇ ਆਪ ਨੂੰ ਅਖੌਤੀ ਗੁਰੂ ਸਿੱਧ ਕਰਨ ਦਾ ਯਤਨ ਕਰਦੇ ਹਨ। ਅਜਿਹੇ ਦੰਭੀ ਗੁਰੂ ਅਤੇ ਉਨ੍ਹਾਂ ਦੇ ਚੇਲੇ ਗਿਆਨਹੀਣ ਤੇ ਜਨਤਾ ਦੀ ਮਿਹਨਤ ਦੀ ਕਮਾਈ ਨੂੰ ਹਜ਼ਮ ਕਰਨ ਵਾਲੇ ਹੁੰਦੇ ਹਨ। ਉਨ੍ਹਾਂ ਦੀ ਮਨੋਬ੍ਰਿਤੀ ਕਬੀਰ ਜੀ ਦੇ ਇਸ ਪਾਵਨ ਬਚਨ ਵਰਗੀ ਹੁੰਦੀ ਹੈ "ਕਬੀਰ ! ਸਿਖ ਸਾਖਾ ਬਹੁਤੇ ਕੀਏ; ਕੇਸੋ ਕੀਓ ਨ ਮੀਤੁ ॥ ਚਾਲੇ ਥੇ ਹਰਿ ਮਿਲਨ ਕਉ; ਬੀਚੈ ਅਟਕਿਓ ਚੀਤੁ ॥" (ਭਗਤ ਕਬੀਰ/੧੩੬੯), ਸਤਿਗੁਰੂ ਜੀ ਨੇ ਬਾਣੀ ਰਾਹੀਂ ਅਜਿਹੇ ਗੁਰੂਆਂ ਅਤੇ ਉਨ੍ਹਾਂ ਦੇ ਸਿੱਖਾਂ ਦੀ ਨਿਖੇਧੀ ਕੀਤੀ "ਗੁਰੂ ਜਿਨਾ ਕਾ ਅੰਧੁਲਾ; ਸਿਖ ਭੀ ਅੰਧੇ ਕਰਮ ਕਰੇਨਿ ॥ ਓਇ ਭਾਣੈ ਚਲਨਿ ਆਪਣੈ; ਨਿਤ ਝੂਠੋ ਝੂਠੁ ਬੋਲੇਨਿ ॥ ਕੂੜੁ ਕੁਸਤੁ ਕਮਾਵਦੇ; ਪਰ ਨਿੰਦਾ ਸਦਾ ਕਰੇਨਿ ॥ ਓਇ ਆਪਿ ਡੁਬੇ ਪਰ ਨਿੰਦਕਾ; ਸਗਲੇ ਕੁਲ ਡੋਬੇਨਿ ॥" (ਮ: ੩/੯੫੧)

ਆਪ ਜੀ ਨੇ ਗੋਇੰਦਵਾਲ ਸਾਹਿਬ ਨੂੰ ਸਿੱਖੀ ਦਾ ਕੇਂਦਰ ਬਣਾਇਆ। ਇੰਨੀ ਰਮਣੀਕ ਥਾਂ ਜਿਸ ਦਾ ਜ਼ਿਕਰ ਭੱਟ ਸਾਹਿਬਾਨਾਂ ਨੇ ਵੀ ਆਪਣੀ ਰਚਨਾ ਵਿੱਚ ਕੀਤਾ ਹੈ "ਗੋਬਿੰਦ ਵਾਲੁ ਗੋਬਿੰਦ ਪੁਰੀ ਸਮ; ਜਲ੍ਹਨ ਤੀਰਿ ਬਿਪਾਸ ਬਨਾਯਉ॥ ਗਯਉ ਦੁਖੁ ਦੂਰਿ ਬਰਖਨ ਕੋ; ਸੁ ਗੁਰੂ ਮੁਖੁ ਦੇਖਿ, ਗੁਰੂ (ਵੱਡਾ) ਸੁਖ ਪਾਯਉ॥" (ਭੱਟ ਨਲ੍ਹ/ਪੰਨਾ ੧੪੦੦) ਸ੍ਰੀ ਗੁਰੂ ਅਮਰਦਾਸ ਜੀ ਨੇ ਆਪਣਾ ਦੁਨਿਆਵੀ ਅੰਤਮ ਸਮਾਂ ਨੇੜੇ ਆਉਂਦਾ ਵੇਖ ਸਿੱਖਾਂ ਦੀ ਪ੍ਰੀਖਿਆ ਲਈ; ਜਿਨ੍ਹਾਂ ਵਿੱਚੋਂ ਭਾਈ ਜੇਠਾ ਜੀ ਨੂੰ ਯੋਗ ਸਮਝ ਕੇ ਗੁਰਿਆਈ ਦੀ ਬਖ਼ਸ਼ਸ਼ ਕਰ ਦਿੱਤੀ। ਸਭ ਸਿੱਖਾਂ ਨੂੰ ਬਚਨ ਕੀਤਾ ਗਿਆ ਕਿ ਮੇਰੇ ਸਰੀਰ ਤਿਆਗਣ ਉਪਰੰਤ ਸੋਗ ਨਹੀਂ ਕਰਨਾ ਬਲਕਿ ਕੀਰਤਨ ਕਰਨਾ ਹੈ। ਸ੍ਰੀ ਗੁਰੂ ਰਾਮਦਾਸ ਜੀ ਦੀ ਅਗਵਾਈ ਵਿੱਚ ਚਲਦਿਆਂ ਸਿੱਖੀ ਨੂੰ ਪ੍ਰਫੁਲਿਤ ਕਰਨਾ ਹੈ। ਮੇਰੀ ਜੋਤ ਨੂੰ ਗੁਰੂ ਰਾਮਦਾਸ ਜੀ ਵਿੱਚ ਤੱਕਣਾ ਹੈ। ਇਹ ਸੁਣ ਕੇ ਬਾਬਾ ਮੋਹਰੀ ਜੀ ਸਮੇਤ ਤਮਾਮ ਸਿੱਖ ਸੰਗਤਾਂ ਗੁਰੂ ਰਾਮਦਾਸ ਜੀ ਦੇ ਚਰਣੀ ਆ ਲਗੀਆਂ "ਮੋਹਰੀ ਪੁਤੁ ਸਨਮੁਖੁ ਹੋਇਆ; ਰਾਮਦਾਸੈ ਪੈਰੀ ਪਾਇ ਜੀਉ॥" (ਬਾਬਾ ਸੁੰਦਰ ਜੀ/ਪੰਨਾ ੯੨੩) ਤੇ ਆਪ ਜੀ ਪਹਿਲੀ ਸਤੰਬਰ 1574 ਈ. ਨੂੰ ਗੋਇੰਦਵਾਲ ਵਿਖੇ ਜੋਤੀ ਜੋਤ ਸਮਾ ਗਏ।

# ਸਿੱਖ ਰਾਜ
## ਕਿਵੇਂ ਬਣਿਆ?

**ਲੇਖਕ : ਗਿ: ਸੋਹਨ ਸਿੰਘ 'ਸੀਤਲ'**

ਕਿਸ਼ਤ - 57

ਲੜੀ ਜੋੜਨ ਲਈ ਪਿਛਲਾ ਅੰਕ ਵੇਖੋ

### ਅਬਦਾਲੀ ਬਰਨਾਲੇ

ਸ: ਆਲਾ ਸਿੰਘ ਪਟਿਆਲਾ ਨੇ ਏਸ ਯੁੱਧ ਵਿਚ ਕਿਸੇ ਧਿਰ ਦੀ ਵੀ ਖੁੱਲ ਕੇ ਮਦਦ ਨਹੀਂ ਕੀਤੀ ਸੀ। ਉਹ ਪਟਿਆਲੇ ਤੋਂ ਸਤਾਰਾਂ ਮੀਲ ਦੂਰ ਧੰਧੋਟਾ ਚਲਾ ਗਿਆ ਸੀ। ਅਬਦਾਲੀ ਨੇ ਏਸ ਗ਼ੁੱਸੇ ਵਿਚ, ਕਿ ਆਲਾ ਸਿੰਘ ਹਾਜ਼ਰ ਕਿਉਂ ਨਹੀਂ ਹੋਇਆ, ਬਰਨਾਲੇ ਦਾ ਕਿਲਾ ਢਾਹ ਦਿੱਤਾ ਤੇ ਇਲਾਕਾ ਲੁੱਟ ਲਿਆ। ਉਸ ਨੇ ਆਲਾ ਸਿੰਘ ਨੂੰ ਫੜਨ ਵਾਸਤੇ ਫ਼ੌਜ ਘੱਲੀ, ਪਰ ਉਹ ਆਪ ਹੀ ਹਾਜ਼ਰ ਹੋ ਗਿਆ। ਅਬਦਾਲੀ ਨੇ ਸ. ਆਲਾ ਸਿੰਘ ਨੂੰ ਕੈਦ ਕਰ ਲਿਆ ਤੇ ਕੇਸ ਕਤਲ ਕਰਾਉਣ ਦਾ ਹੁਕਮ ਦਿੱਤਾ। ਮਗਰਲੇ ਨੇ ਸਵਾ ਲੱਖ ਬਦਲੇ ਆਪਣੇ ਕੇਸ ਖ਼ਰੀਦ ਲਏ, ਭਾਵ : ਅਬਦਾਲੀ ਨੂੰ ਸਵਾ ਲਖ ਨਜ਼ਰਾਨਾ ਦੇ ਦਿੱਤਾ ਤੇ ਕੇਸ ਕਤਲ ਨਾ ਕਰਾਏ। ਬਰਨਾਲੇ ਤੋਂ ਅਬਦਾਲੀ ਸਰਹਿੰਦ ਜਾ ਬੈਠਾ। ਏਥੇ ਵਜ਼ੀਰ ਸ਼ਾਹ ਵਲੀ ਰਾਹੀਂ ਸ: ਆਲਾ ਸਿੰਘ ਨੇ ਪੰਜ ਲੱਖ ਖ਼ਰਾਜ ਤਾਰ ਕੇ ਰਿਹਾਈ ਪਾਈ।

### ਅਬਦਾਲੀ ਨੇ ਹਰਿਮੰਦਰ ਢਾਹਿਆ

15 ਫ਼ਰਵਰੀ ਨੂੰ ਅਬਦਾਲੀ ਸਰਹਿੰਦੋਂ ਤੁਰਿਆ ਤੇ ਅੰਮ੍ਰਿਤਸਰ ਕਿਲਾ ਰਾਮਗੜ ਵਿਚ ਆ ਬੈਠਾ ਹਰਿਮੰਦਰ ਸਾਹਿਬ ਦੀਆਂ ਨੀਂਹਾਂ ਥੱਲੇ ਬਾਰੂਦ ਦੇ ਕੁੱਪੇ ਦੱਬ ਕੇ ਉਡਾ ਦਿੱਤਾ। ਇਕ ਇੱਟ ਉਡ ਕੇ ਅਬਦਾਲੀ ਦੇ ਨੱਕ !ਤੇ ਵੱਜੀ। ਉਸ ਦੇ ਜ਼ਖ਼ਮ ਵਿਚ ਕੈਂਸਰ ਹੋ ਗਈ ਤੇ ਉਹ ਜ਼ਖ਼ਮ ਮੌਤ ਤੋਂ ਪਹਿਲਾਂ ਚੰਗਾ ਨਾ ਹੋਇਆ। ਉਹਨੇ ਸ਼ਹਿਰ ਵਿਚਲੇ ਸਾਰੇ ਗੁਰਦੁਆਰੇ ਢਾਹ ਦਿੱਤੇ ਤੇ ਸਰੋਵਰ ਪੂਰ ਦਿੱਤੇ। ਅੰਮ੍ਰਿਤ ਸਰੋਵਰ ਵਿਚ ਢੱਠੇ ਮਕਾਨਾਂ ਦਾ ਮਲਬਾ ਤੇ ਘੋੜਿਆਂ ਦੀ ਲਿੱਦ ਪਾ ਕੇ ਪੂਰ ਕੇ ਵਿਚ ਜੌਂ ਬੀਜ ਦਿੱਤੇ। ਸਰੋਵਰ ਵਿਚ ਗਾਂਈਂ ਮਾਰੀਆਂ ਗਈਆਂ ।

### ਅਬਦਾਲੀ ਲਾਹੌਰ

ਤਿੰਨ ਮਾਰਚ ਨੂੰ ਅਬਦਾਲੀ ਲਾਹੌਰ ਜਾ ਪੁੱਜਾ। ਘੱਲੂਘਾਰੇ ਵਿਚ ਕਤਲ ਹੋਏ ਸਿੰਘਾਂ ਦੇ ਸਿਰਾਂ ਦੇ ਉਹ ਪੰਜਾਹ ਗੱਡੇ ਭਰ ਕੇ ਨਾਲ ਲੈ ਆਇਆ ਸੀ। ਲਾਹੌਰ ਦੇ ਦਰਵਾਜ਼ਿਆਂ ਉੱਤੇ ਸਿੰਘਾਂ ਦੇ ਸਿਰਾਂ ਦੇ ਮੁਨਾਰੇ ਉਸਾਰੇ ਗਏ ਤੇ ਲਹੂ ਨਾਲ ਮਸੀਤਾਂ ਧੋਤੀਆਂ ਗਈਆਂ। ਅਬਦਾਲੀ ਇਹ ਵੇਖਣ ਵਾਸਤੇ, ਕਿ ਸਿੱਖ ਫੇਰ ਸਿਰ ਉਠਾਉਂਦੇ ਹਨ, ਜਾਂਨਹੀਂ, ਨੌਂ ਮਹੀਨੇ ਹੋਰ ਪੰਜਾਬ ਵਿਚ ਰਿਹਾ।

### ਅਬਦਾਲੀ ਪੰਜਾਬ ਵਿਚ ਰਿਹਾ

ਬਾਦਸ਼ਾਹ ਦਿਲੀ ਦੇ ਰਾਜਦੂਤ ਨਜੀਬੁੱਦੌਲਾਤੇਯਾਕੂਬ ਅਲੀ ਖ਼ਾਂ, ਮਰਹੱਟਿਆਂ ਦੇ ਰਾਜਦੂਤ 'ਬਾਪੂ ਤੇ ਪਰਸ਼ੋਤਮਮਹਾਂਦੇਵ ਲਾਹੌਰ ਪੁੱਜੇ ਤੇ ਅਬਦਾਲੀ ਦੀ ਭੇਟਾ ਨਜ਼ਰਾਨੇ ਧਰੇ। ਅਬਦਾਲੀ ਨੇ ਨਜੀਬੁੱਦੌਲਾ ਤੇ ਰਜ਼ਾ ਕੁਲੀ ਖ਼ਾਂ 'ਮਨੀਰੁੱਦੌਲਾ' ਦੇ ਹੱਥ ਸ਼ਾਹੀਸੁੰਨਦ ਭੇਜੀ, ਜਿਸ ਵਿਚ ਉਸ ਨੇ ਸ਼ਾਹ ਆਲਮ ਨੂੰ ਦਿੱਲੀ ਦਾ ਬਾਦਸ਼ਾਹ ਤੇ ਸ਼ੁਜਾਉੱਦੌਲਾ ਨੂੰ ਵਜ਼ੀਰ ਪਰਵਾਨ ਕੀਤਾ। ਇਸ ਬਦਲੇ ਚਾਲੀ ਲੱਖ ਸਾਲਾਨਾ ਖ਼ਰਾਜ ਨੀਯਤ ਹੋਇਆ।




ਸੁਖਜੀਵਨ ਮੱਲ ਕਤਲ

ਕਸ਼ਮੀਰ ਦਾ ਸੂਬੇਦਾਰ ਸੁਖਜੀਵਨ ਮੱਲ ਬਾਗ਼ੀ ਹੋ ਗਿਆ ਸੀ। ਅਬਦਾਲੀ ਨੇ ਨੂਰੁੱਦੀਨ ਨੂੰ ਫ਼ੌਜ ਦੇ ਕੇ ਭੇਜਿਆ, ਜਿਸ ਨੇ ਸੁਖਜੀਵਨ ਮੱਲ ਨੂੰ ਫੜ ਲਿਆ ਤੇ ਅੰਨਾ ਕਰ ਕੇ ਲਾਹੌਰ ਭੇਜ ਦਿੱਤਾ, ਜਿਥੇ ਉਹ ਕਤਲ ਕਰ ਦਿੱਤਾ ਗਿਆ 1 ਨਵਾਬ ਸਰਬੁਲੰਦਖ਼ਾਂ ਨੂੰ ਕਸ਼ਮੀਰ ਦਾ ਸੂਬੇਦਾਰ ਬਣਾ ਦਿੱਤਾ ਗਿਆ। ਲਾਹੌਰ ਵਿਚ ਗਰਮੀ ਦਾ ਜ਼ੋਰ ਹੋ ਜਾਣ ਕਰਕੇ ਜੁਲਾਈ ਤੇ ਅਗਸਤ ਦੋ ਮਹੀਨੇ ਅਬਦਾਲੀਕਲਾਨੌਰ ਜਾ ਰਿਹਾ ਤੇ ਫਿਰ ਲਾਹੌਰ ਆ ਗਿਆ। ਏਥੋਂ ਉਹ ਓਦੋਂ ਨਿਕਲਿਆ, ਜਦ ਸਿੱਖਾਂ ਨੇ ਮਾਰ ਕੇ ਕਢਿਆ।

ਘਲੂਘਾਰੇ ਦਾ ਸਿੰਘਾਂ ਉੱਤੇ ਅਸਰ

ਪੰਜ ਫ਼ਰਵਰੀ, 1762 ਈ. ਨੂੰ ਸਿੱਖ ਘਲੂਘਾਰੇ ਵਿਚ ਹਾਰੇ ਸਨ, ਪਰ ਉਹਨਾਂ ਦੇ ਹੌਸਲੇ ਸਗੋਂ ਵਧ ਗਏ ਸਨ। ਜਿਹੜਾ ਉਹਨਾਂ ਦੇ ਦਿਲਾਂ ਤੇ ਅਬਦਾਲੀ ਦਾ ਡਰ ਪਿਆ ਹੋਇਆ ਸੀ, ਉਹ ਲਹਿ ਗਿਆ। ਉਹਨਾਂ ਦੀ ਇਹ ਹਾਰ, ਜਿੱਤ ਨਾਲੋਂ ਵੀ ਚੰਗੀ ਸੀ। ਉਹਨਾਂ ਤਿੰਨ੍ਕੁ ਮਹੀਨੇ ਬਰਾੜਾਂ ਦੇ ਪਿੰਡਾਂ ਵਿਚ ਕੱਟੇ 1 ਜ਼ਰਾ-ਕੁ ਸਰੀਰ ਦੇ ਫੱਟ ਆਠਰੇ, ਤਾਂ ਉਹ ਗੁਰਮਤਾ ਕਰਨ ਵਾਸਤੇ ਇਕ ਥਾਂ ਕੱਠੇ ਹੋਏ। ਫ਼ੈਸਲਾ ਇਹ ਹੋਇਆ, ਕਿ ਘਲੂਘਾਰੇ ਦੀ ਹਾਰ ਦਾ ਅਬਦਾਲੀ ਤੋਂ ਬਦਲਾ ਲਿਆ ਜਾਵੇ। ਸਰਦਾਰਾਂ ਅੱਗੇ ਔਖਾ ਸਵਾਲ ਇਹ ਸੀ, ਕਿ ਅਬਦਾਲੀ ਦੇ ਟਾਕਰੇ ਵਾਸਤੇ ਜੰਗੀ ਸਾਮਾਨ ਕਿੱਥੋਂ ਮਿਲੈ ਪਿਛਲਾ ਸਭ ਸਾਮਾਨ ਘਲੂਘਾਰੇ ਵਚਿ ਲੁੱਟਿਆ ਗਿਆ ਸੀ। ਪੱਕੀ ਹੋਈ, ਕਿ ਵੈਰੀ ਨੂੰ ਮਾਰਨ ਵਾਸਤੇ ਵੈਰੀ ਕੋਲੋਂ ਹੀ ਸਾਮਾਨ ਖੋਹਿਆ ਜਾਵੇ।

### ਸਿੰਘਾਂ ਦਾ ਸਰਹਿੰਦ ਉੱਤੇ ਹਮਲਾ

ਮਈ, 1762 ਈ। ਵਿਚ ਅਚਨਚੇਤ ਹੀ ਸਿੰਘਾਂ ਨੇ ਸਰਹਿੰਦ ਉੱਤੇ ਹਮਲਾ ਕਰ ਦਿੱਤਾ। ਟਾਕਰੇ ਦੀ ਸਮਰਥਾ ਨਾ ਵੇਖ ਕੇ ਜ਼ੈਨਖ਼ਾਂ ਨੇ ਪੰਜਾਹ ਹਜ਼ਾਰ ਦੇ ਕੇ ਸਿੰਘਾਂ ਨਾਲ ਸੁਲਾ ਕਰ ਲਈ।ਸਿੰਘ ਨਜ਼ਰਾਨੇ ਲੈ ਕੇ ਵਾਪਸ ਪਟਿਆਲੇ ਨੂੰ ਮੁੜ ਪਏ। ਉਹ ਬਹਾਦਰ ਗੜ ਕੋਲ ਪੁੱਜੇ, ਤਾਂ ਪਿਛੋਂ ਜ਼ੈਨਖ਼ਾਂ ਤੇ ਉਸ ਦੇ ਦੀਵਾਨ ਲਛਮੀ ਨਾਰਾਇਣ ਨੇ ਹਮਲਾ ਕਰ ਦਿੱਤਾ। ਸਿੰਘਾਂ ਨੇ ਉਹਨਾਂ ਪੈਰਾਂ ਤੋਂ ਹੀ ਪਰਤ ਕੇ ਅਜੇਹਾ ਜਵਾਬੀ ਹਮਲਾ ਕੀਤਾ, ਕਿ ਜ਼ੈਨਖ਼ਾਂ ਤੇ ਲਛਮੀ ਨਾਰਾਇਣ ਪਿੜ ਵਿਚੋਂ ਹਾਰ ਕੇ ਨੱਸ ਗਏ। ਦੋਹਾਂ ਦੇ ਡੇਰੇ ਸਿੰਘਾਂ ਲੁੱਟ ਲਏ। ਏਸ ਤਰਾਂ ਹਜ਼ਾਰਾਂ ਰੁਪੈ ਦਾ ਜੰਗੀ ਤੇ ਹੋਰ ਲੋੜੀਂਦਾ ਸਾਮਾਨ ਸਿੰਘਾਂ ਦੇ ਹੱਥ ਆਇਆ।

### ਸਿੰਘ ਮਾਝੇ ਵਿਚ

ਜੁਲਾਈ ਵਿਚ ਸਿੰਘ ਹਜ਼ਾਰ੍ਹਜ਼ਾਰ ਦੇ ਜੱਥੇ ਬਣਾ ਕੇ ਅੰਮ੍ਰਿਤਸਰ ਜਾਣ ਲਗ ਪਏ। ਉਹਨਾਂ ਦੇ ਹੌਸਲੇ ਏਨੇ ਵਧੇ ਹੋਏ ਸਨ, ਕਿ ਉਹ ਲਾਹੌਰ ਦੀਆਂ ਕੰਧਾਂ ਤਕ ਮਾਰਾਂ ਮਾਰਨ ਲੱਗੇ । ਦੁਰਾਨੀਫ਼ੌਜ ਦੇ ਦਸਤੇ ਡਰਦੇ ਸਿੰਘਾਂ ਦੇ ਸਾਮਣੇ ਨਾ ਹੁੰਦੇ। ਅਬਦਾਲੀ ਆਪ ਫ਼ੌਜ ਲੈ ਕੇ ਚੜਿਆ, ਤਾਂ ਸਿੰਘ ਜੰਗਲਾਂ ਵਿਚ ਜਾ ਵੜੇ। ਅਗਸਤ ਵਿਚ ਸ: ਜੱਸਾ ਸਿੰਘ ਆਹਲੂਵਾਲੀਏ ਦੀ ਜੱਥੇਦਾਰੀ ਹੇਠ ਸਿੰਘ ਦੁਆਬਾ ਜਲੰਧਰ ਵਿਚ ਜਾ ਵੜੇ।

### ਸਿੰਘਾਂ ਨੇ ਦੁਆਬਾ ਲੁੱਟਿਆ

ਪੰਥ ਵਿਰੋਧੀਆਂ ਦੇ ਘਰ ਸਾੜੇ, ਲੁੱਟੇ ਤੇ ਸਾਰਾ ਇਲਾਕਾ ਲੁੱਟ ਕੇ ਸਿੰਘ ਮਾਲਵੇ ਜਾ ਪੁੱਜੇ। 25 ਅਗਸਤ ਤੋਂ 24 ਸਤੰਬਰ ਤੱਕ੍ਇਕ ਮਹੀਨਾ-ਸਿੰਘ ਪਾਨੀਪਤ ਤੋ ਕਰਨਾਲ ਦੇ ਵਿਚਕਾਰ ਡੇਰੇ ਲਾਈ ਬੈਠੇ ਰਹੇ ਤੇ ਦੂਰੋਂ ਨੇੜਿਓਂ ਹਥਿਆਰ ਤੇ ਹੋਰ ਲੋੜੀਂਦਾ ਸਾਮਾਨ ਖ਼ਰੀਦ ਕੇ ਸਿੰਘਅੰਮਿਬਸਰ ਨੂੰ ਤੁਰ ਪਏ। ਅਕਤੂਬਰ ਚੜ ਦਿਆਂ ਹੀ ਸਿੰਘ ਮਾਝੇ ਵਿਚ ਆ ਪੁੱਜੇ। ਅਬਦਾਲੀ ਲਾਹੌਰ ਬੈਠਾ ਸੀ ਤੇ ਉਸ ਦੇ ਡੇਰੇ ਤੋਂ ਚਾਰ-ਪੰਜ ਮੀਲ ਦੀ ਵਿੱਥ ਤਕ ਸਿੰਘ ਧਾੜੇ ਮਾਰਦੇ ਫਿਰਦੇ ਸਨ।

-ਚਲਦਾ

# ਪੰਜਾਬ ਦੀ ਖੁਦਮੁਖਤਿਆਰੀ ਦੀ ਵਿਰਾਸਤ ਖਾਲਸਾ ਰਾਜ ਦੇ ਸਿੱਕੇ

**ਲੇਖਕ : ਗੁਰਜਿੰਦਰ ਸਿੰਘ ਬੁੱਟਰ**

ਸਤਿਗੁਰੂ ਗੋਬਿੰਦ ਸਿੰਘ ਜੀ ਦੇ ਹੁਕਮ ਮੁਤਾਬਕ ਬਾਬਾ ਬੰਦਾ ਸਿੰਘ ਬਹਾਦਰ ਨੇ ਪੰਜਾਬ ਵਿਚ ਦਾਖਲ ਹੁੰਦੇ ਹੀ ਸਾਰੇ ਧਰਮਾਂ ਦੇ ਲੋਕਾਂ ਨੂੰ ਮੁਗਲਾਂ ਦੇ ਜ਼ੁਲਮਾਂ ਖ਼ਿਲਾਫ਼ ਇਕਜੁੱਟ ਕੀਤਾ ਅਤੇ 1709 ਤੋਂ 1710 ਈ. ਦੌਰਾਨ ਸਮਾਣਾ, ਸਢੌਰਾ, ਕਪੂਰੀ ਅਤੇ ਚੱਪੜਚਿੜੀ ਦੇ ਮੈਦਾਨ ਵਿੱਚ ਵਜ਼ੀਰ ਖਾਨ ਨੂੰ ਹਰਾ ਕੇ ਸਰਹੰਦ 'ਤੇ ਫ਼ਤਹਿ ਹਾਸਲ ਕਰਕੇ ਖਾਲਸਾ ਰਾਜ ਸਥਾਪਤ ਕੀਤਾ। ਉਨ੍ਹਾਂ ਨੇ ਲੋਕਾਂ ਦੀ ਭਲਾਈ ਲਈ ਜ਼ਮੀਨਦਾਰੀ ਪਰੰਪਰਾ ਖਤਮ ਕਰਕੇ ਕਿਸਾਨਾਂ ਨੂੰ ਉਨ੍ਹਾਂ ਦੀਆਂ ਜ਼ਮੀਨਾਂ ਦੀ ਮਲਕੀਅਤ ਦੇ ਅਧਿਕਾਰ ਦੇਣ ਦਾ ਫ਼ੈਸਲਾ ਕੀਤਾ ਅਤੇ ਖਾਲਸਾ ਰਾਜ ਦੇ ਪਹਿਲੇ ਸਿੱਕੇ, ਮੋਹਰ ਅਤੇ ਕੈਲੰਡਰ ਵੀ ਜਾਰੀ ਕਰ ਦਿੱਤੇ। ਇਹ ਸਿੱਕੇ 1710 ਈ: ਤੋਂ 1713 ਈ: ਵਿੱਚ ਜਾਰੀ ਕੀਤੇ ਗਏ, ਜੋ ਕਿ ਸਿੱਖ ਗੁਰੂਆਂ ਦੇ ਨਾਂ 'ਤੇ ਆਧਾਰਿਤ ਹੋਣ ਕਰਕੇ ਨਾਨਕਸ਼ਾਹੀ ਕਹਿਲਾਏ। ਨਾਨਕਸ਼ਾਹੀ ਸਿੱਕੇ ਖਾਲਸਾ ਰਾਜ ਦੀ ਆਰੰਭਤਾ, ਸਵਤੰਤਰਤਾ, ਖੁਦਮੁਖਤਿਆਰੀ ਅਤੇ ਗੁਲਾਮੀ ਦੀ ਮਾਨਸਿਕਤਾ ਨੂੰ ਤੋੜਨ ਦੇ ਨਿਸ਼ਾਨ ਬਣੇ। ਇਨ੍ਹਾਂ ਸਿੱਕਿਆਂ 'ਤੇ ਫਾਰਸੀ ਭਾਸ਼ਾ ਦੀ ਵਰਤੋਂ ਕੀਤੀ ਗਈ ਅਤੇ ਧਾਤ ਦੇ ਤੌਰ 'ਤੇ ਚਾਂਦੀ ਵਰਤੀ ਗਈ ਸੀ। ਪਹਿਲੇ ਸਿੱਖ ਸਿੱਕਿਆਂ 'ਤੇ ਹੇਠ ਲਿਖੇ ਸ਼ਬਦ ਅੰਕਿਤ ਕੀਤੇ ਗਏ ਸਨ;

ਅੱਗੇ: ਸਿੱਕਾ ਯਦ ਬਰ ਹਰ ਦੋ ਆਲਮ ਤੇਗ-ਏ-ਨਾਨਕ ਵਾਹਿਬ ਅਸਤ ਫ਼ਤਹਿ ਗੋਬਿੰਦ ਸਿੰਘ ਸ਼ਾਹ-ਏ-ਸ਼ਾਹਾਂ ਫ਼ਜ਼ਲ ਸੱਚਾ ਸਾਹਿਬ ਅਸਤ ਪਿੱਛੇ: ਜ਼ਰਬ ਬਾ-ਅਮਨ-ਅਲ-ਦੀਨ ਮਾਸਵਾਰਤ ਸ਼ਹਿਰ ਜ਼ੀਨਤ-ਅਲ-ਤਖ਼ਤ ਖਾਲਸਾ ਮੁਬਾਰਕ ਬਖ਼ਤ ਸਿੱਖਾਂ ਦਾ ਪਹਿਲਾ ਰਾਜ ਬਹੁਤਾ ਲੰਮਾ ਸਮਾਂ ਸਥਾਪਿਤ ਨਹੀਂ ਰਹਿ ਸਕਿਆ। 1715 ਈ: ਵਿੱਚ ਬਾਬਾ ਬੰਦਾ ਸਿੰਘ ਬਹਾਦਰ ਅਤੇ ਸਿੰਘਾਂ ਨੂੰ ਗੁਰਦਾਸ ਨੰਗਲ ਦੀ ਗੜ੍ਹੀ 'ਚੋਂ ਗ੍ਰਿਫ਼ਤਾਰ ਕਰ ਕੇ ਦਿੱਲੀ ਲਿਜਾਇਆ ਗਿਆ। ਇਥੇ ਉਨ੍ਹਾਂ ਨੂੰ ਬਾਦਸ਼ਾਹ ਫਰਖਸੀਅਰ ਦੇ ਹੁਕਮਾਂ 'ਤੇ ਜੂਨ 1716 ਈ: ਵਿੱਚ ਸ਼ਹੀਦ ਕਰ ਦਿੱਤਾ ਗਿਆ। ਇਸ ਦੇ ਨਾਲ ਹੀ ਖਾਲਸੇ ਦਾ ਪਹਿਲਾ ਰਾਜ ਅਤੇ ਪਹਿਲੇ ਸਿੱਕੇ ਖਤਮ ਹੋ ਗਏ।




ਅਗਲੇ ਪੰਜਾਹ ਸਾਲਾਂ (1715-1765) ਵਿੱਚ ਨਾਦਰ ਸ਼ਾਹ ਦਾ ਦਿੱਲੀ ਨੂੰ ਲੁੱਟਣਾ, ਮੁਗਲਾਂ ਦੀ ਸ਼ਾਨ ਦਾ ਖ਼ਤਮ ਹੋਣਾ, ਅਹਿਮਦ ਸ਼ਾਹ ਅਬਦਾਲੀ ਦੇ ਨਿਰੰਤਰ ਹਮਲੇ, ਪਾਣੀਪਤ ਦੇ ਰਣ ਵਿੱਚ ਮਰਾਠਿਆਂ ਦਾ ਅਬਦਾਲੀ ਦੇ ਹੱਥੋਂ ਹਾਰਨਾ, ਸਿੱਖਾਂ ਦਾ ਮਿਸਲਾਂ ਦੇ ਰੂਪ ਵਿੱਚ ਇਕਜੁੱਟ ਹੋ ਕੇ ਅਬਦਾਲੀ ਨੂੰ ਪੰਜਾਬ ਤੋਂ ਭਜਾਉਣਾ ਅਤੇ ਆਪ ਜਮਨਾ ਤੋਂ ਇੰਡਸ ਤੱਕ ਦੇ ਇਲਾਕਿਆਂ ਵਿੱਚ ਕਾਬਜ਼ ਹੋ ਕੇ ਮੁੜ ਤੋਂ ਪੰਜਾਬ ਦਾ ਸਰਦਾਰ ਬਣ ਜਾਣਾ ਵਿਸ਼ੇਸ਼ ਘਟਨਾਵਾਂ ਸਨ। ਇਹ ਸਰਦਾਰੀ ਸਿੱਖਾਂ ਨੂੰ ਬੇਅੰਤ ਮੁਸ਼ਕਲਾਂ ਅਤੇ ਦੋ ਲੱਖ ਬਹਾਦਰ ਸਿੰਘਾਂ-ਸਿੰਘਣੀਆਂ ਦੇ ਸਿਰਾਂ ਦੀ ਕੁਰਬਾਨੀ ਦੇ ਕੇ ਹਾਸਲ ਹੋਈ ਸੀ। ਫਲਸਰੂਪ ਸਿੱਖਾਂ ਨੇ ਲਾਹੌਰ ਤੋਂ 1765 ਈ: ਵਿੱਚ ਚਾਂਦੀ ਦੇ ਸਿੱਕੇ ਜਾਰੀ ਕੀਤੇ ਜੋ ਕਿ ਪੰਜਾਬ ਦੀ ਆਜ਼ਾਦੀ, ਅਖੰਡਤਾ ਅਤੇ ਸੰਯੁਕਤਾ ਦੇ ਪ੍ਰਤੀਕ ਸਨ। ਇਨ੍ਹਾਂ ਸਿੱਕਿਆਂ 'ਤੇ ਹੇਠ ਲਿਖੇ ਸ਼ਬਦ ਅੰਕਿਤ ਕੀਤੇ ਗਏ ਸਨ।

ਅੱਗੇ: ਦੇਗ ਤੇਗ ਫ਼ਤਹਿ ਓ ਨੁਸਰਤ ਬੇਦਰੰਗ
ਯਾਫ਼ਤ ਅਜ਼ ਨਾਨਕ ਗੁਰੂ ਗੋਬਿੰਦ ਸਿੰਘ
ਪਿੱਛੇ: ਜ਼ਰਬ ਦਰ-ਅਲ-ਸਲਤਨਤ ਲਾਹੌਰ ਸੰਮਤ 1822
ਮਇਮੀਨਤ ਮਨੁਸ ਜਲੂਸ

ਇਨ੍ਹਾਂ ਸਿੱਕਿਆਂ 'ਤੇ ਜਿਹੜੇ ਸ਼ਬਦ 'ਅੱਗੇ' ਅੰਕਿਤ ਕੀਤੇ ਗਏ ਸਨ, ਉਹ ਹੀ ਸ਼ਬਦ ਬਾਬਾ ਬੰਦਾ ਸਿੰਘ ਬਹਾਦਰ ਦੀ ਮੋਹਰ ਅਤੇ ਹੁਕਮਨਾਮਿਆਂ 'ਤੇ ਵੀ ਵਰਤੇ ਗਏ। ਦਸ ਸਾਲਾਂ ਬਾਅਦ 1775 ਈ: ਵਿੱਚ ਸਿੱਖਾਂ ਨੇ ਅੰਮ੍ਰਿਤਸਰ ਸ਼ਹਿਰ ਤੋਂ ਵੀ ਸਿੱਕੇ ਜਾਰੀ ਕੀਤੇ। ਇਸ ਦੇ 'ਅੱਗੇ' ਵਾਲੇ ਸ਼ਬਦ ਬਾਬਾ ਬੰਦਾ ਸਿੰਘ ਬਹਾਦਰ ਦੁਆਰਾ ਜਾਰੀ ਕੀਤੇ ਗਏ ਸਿੱਕੇ ਵਾਲੇ ਹੀ ਸਨ, ਪਰ 'ਪਿੱਛੇ' ਅੰਮ੍ਰਿਤਸਰ ਸ਼ਹਿਰ ਅਤੇ ਅਕਾਲ ਤਖ਼ਤ ਦਾ ਨਾਮ ਅੰਕਿਤ ਕੀਤਾ ਗਿਆ ਸੀ। ਇਨ੍ਹਾਂ ਸਿੱਕਿਆਂ 'ਤੇ 1783 ਈ: ਤੋਂ ਨਿਰੰਤਰ ਦਰੱਖਤਾਂ ਦੀਆਂ ਪੱਤੀਆਂ ਵੀ ਅੰਕਿਤ ਕੀਤੀਆਂ ਜਾਣ ਲੱਗੀਆਂ ਸਨ। ਇਨ੍ਹਾਂ ਪੱਤੀਆਂ ਨੂੰ 1781 ਤੋਂ 1783 ਈ: ਵਿੱਚ ਆਏ ਭਿਆਨਕ ਅਕਾਲ ਨਾਲ ਜੋੜ ਕੇ ਦੇਖਿਆ ਜਾਂਦਾ ਹੈ।

ਸਿੱਖ ਮਿਸਲਾਂ ਨੇ ਮਿਲ ਕੇ ਪੱਛਮ ਤੋਂ ਆਉਣ ਵਾਲੇ ਹਮਲਾਵਰਾਂ 'ਤੇ ਮੁਕੰਮਲ ਰੋਕ ਲਾ ਦਿੱਤੀ ਸੀ, ਪਰ ਹੁਣ ਇਹ ਮਿਸਲਾਂ ਧਨ, ਜ਼ਮੀਨ ਅਤੇ ਅਹੰਕਾਰ ਕਰਕੇ ਆਪਸ ਵਿਚ ਜੰਗਾਂ ਕਾਰਨ ਲੱਗ ਪਈਆਂ ਸਨ। ਇਨ੍ਹਾਂ ਮਿਸਲਾਂ ਨੂੰ ਇੱਕ ਕਰਨ ਅਤੇ ਪੰਜਾਬ ਨੂੰ ਬਾਹਰੀ ਹਮਲਿਆਂ ਤੋਂ ਬਚਾਉਣ ਲਈ ਸ਼ੁਕਰਚੱਕੀਆ ਮਿਸਲ ਦੇ ਸਰਦਾਰ ਰਣਜੀਤ ਸਿੰਘ ਨੇ ਸਿਰ ਤੋੜ ਰਣਨੀਤੀ, ਕੂਟਨੀਤੀ ਅਤੇ ਰਿਸ਼ਤੇਦਾਰੀਆਂ ਦਾ ਪ੍ਰਯੋਗ ਕਰਕੇ ਪੰਜਾਬ ਨੂੰ ਇੱਕ ਵੱਡੇ ਰਾਜ ਵਿੱਚ ਤਬਦੀਲ ਕਰ ਦਿੱਤਾ। ਇਸ ਦੀਆਂ ਸੀਮਾਵਾਂ ਉੱਤਰ ਵਿੱਚ ਲੱਦਾਖ, ਪੂਰਬ ਵਿੱਚ ਸਤਲੁਜ, ਦੱਖਣ ਵਿੱਚ ਸਿੰਧ ਅਤੇ ਪੱਛਮ ਵਿੱਚ ਅਫ਼ਗਾਨਿਸਤਾਨ ਤੱਕ ਲੱਗਦੀਆਂ ਸਨ। ਰਣਜੀਤ ਸਿੰਘ ਨੇ ਮਹਾਰਾਜਾ ਬਣਨ ਤੋਂ ਬਾਅਦ 1801 ਈ: ਵਿੱਚ ਨਵੇਂ ਸਿੱਕੇ ਜਾਰੀ ਕੀਤੇ ਜਿਹੜੇ ਕਿ ਲਾਹੌਰ 1765 ਈ: ਅਤੇ ਅੰਮ੍ਰਿਤਸਰ 1775 ਈ: ਦੇ ਸਿੱਕਿਆਂ 'ਤੇ ਹੀ ਆਧਾਰਿਤ ਸਨ। ਇਹ ਸਿੱਕੇ ਵੀ ਨਾਨਕਸ਼ਾਹੀ ਹੀ ਕਹਿਲਾਏ।

ਮਹਾਰਾਜਾ ਦੇ ਰਾਜ ਵਿੱਚ ਸਿੱਕੇ ਲਾਹੌਰ, ਅੰਮ੍ਰਿਤਸਰ, ਕਸ਼ਮੀਰ, ਮੁਲਤਾਨ, ਡੇਰਾਜੱਟ ਅਤੇ ਪੇਸ਼ਾਵਰ ਵਿੱਚ ਬਣਾਏ ਜਾਂਦੇ ਸਨ। ਸੋਨੇ ਅਤੇ ਚਾਂਦੀ ਦੇ ਸਿੱਕੇ ਦਰਬਾਰ ਵੱਲੋਂ ਅਤੇ ਤਾਂਬੇ ਦੇ ਸਿੱਕੇ ਵੱਡੇ ਵਪਾਰੀ ਦਰਬਾਰ ਤੋਂ ਆਗਿਆ ਲੈ ਕੇ ਆਪ ਬਣਵਾਉਂਦੇ ਸਨ। ਇਨ੍ਹਾਂ ਤਾਂਬੇ ਦੇ ਸਿੱਕਿਆਂ 'ਤੇ 'ਅਕਾਲ ਸਹਾਇ', 'ਗੁਰੂ ਨਾਨਕ ਜੀ' ਅਤੇ 'ਨਾਨਕ ਸ਼ਾਹੀ' ਅੰਕਿਤ ਕੀਤਾ ਜਾਂਦਾ ਸੀ।ਸਿੱਖਾਂ ਦੇ ਫੂਲਕੀਆ ਮਿਸਲਾਂ ਦੇ ਰਾਜਿਆਂ 'ਚੋਂ ਪਟਿਆਲਾ, ਨਾਭਾ ਅਤੇ ਜੀਂਦ ਦੇ ਰਾਜਿਆਂ ਨੇ ਆਪਣੇ ਰਾਜਾਂ ਵਿੱਚ ਅਹਿਮਦ ਸ਼ਾਹ ਅਬਦਾਲੀ ਦੇ ਨਾਂ 'ਤੇ ਆਧਾਰਿਤ 'ਦੁਰਾਨੀ ਸਿੱਕੇ' ਚਲਾਏ। ਇਹ ਰਾਜੇ ਅਬਦਾਲੀ ਅਤੇ ਅੰਗਰੇਜ਼ਾਂ ਦੇ ਮੋਹਰੇ ਬਣ ਕੇ ਸ਼ੇਰ-ਏ-ਪੰਜਾਬ ਦੇ ਰਾਜ ਤੋਂ ਵੱਖਰੇ ਹੋ ਕੇ ਆਪਣਾ ਰਾਜ ਸਿਰਫ ਨਿੱਜੀ ਹਿੱਤਾਂ ਲਈ ਚਲਾ ਰਹੇ ਸਨ। ਇਨ੍ਹਾਂ ਰਾਜਿਆਂ ਵਿਚੋਂ ਸਿਰਫ ਨਾਭਾ ਦੇ ਰਾਜਾ ਜਸਵੰਤ ਸਿੰਘ ਨੇ 1835 ਈ: ਵਿੱਚ 'ਦੁਰਾਨੀ ਸਿੱਕੇ' ਬੰਦ ਕਰਾ ਕੇ ਸਿੱਖ ਗੁਰੂਆਂ ਦੇ ਨਾਂ 'ਤੇ ਸਿੱਕੇ ਚਲਵਾਏ, ਜਦੋਂ ਕਿ ਪਟਿਆਲਾ ਰਿਆਸਤ ਵਿੱਚ ਗੁਰੂਆਂ ਦੇ ਨਾਂ ਵਾਲੇ ਸਿੱਕੇ ਸਿਰਫ ਦੁਸਹਿਰੇ ਦੀ ਪੂਜਾ 'ਤੇ ਹੀ ਜਾਰੀ ਕੀਤੇ ਜਾਂਦੇ ਸਨ। ਮਹਾਰਾਜਾ ਰਣਜੀਤ ਸਿੰਘ ਦੀ 27 ਜੂਨ 1839 ਈ: ਵਿੱਚ ਮੌਤ ਹੋ ਜਾਣ ਤੋਂ ਬਾਅਦ ਖ਼ਾਲਸਾ ਰਾਜ ਦਸਾਂ ਸਾਲਾਂ ਵਿੱਚ ਖ਼ਤਮ ਹੋ ਗਿਆ ਅਤੇ ਨਾਲ ਹੀ 'ਨਾਨਕਸ਼ਾਹੀ ਸਿੱਕੇ' ਵੀ ਬੰਦ ਹੋ ਗਏ।

# ਮੁਲਾਕਾਤ: ਪੰਜਾਬ ਦਾ ਉੱਘਾ ਭੌਤਿਕ ਵਿਗਿਆਨੀ- ਪ੍ਰੋ. ਹਰਦੇਵ ਸਿੰਘ ਵਿਰਕ







**ਮੁਲਾਕਾਤੀ: ਪ੍ਰਿੰ. ਹਰੀ ਕ੍ਰਿਸ਼ਨ ਮਾਇਰ**

ਪ੍ਰੋ. ਹਰਦੇਵ ਸਿੰਘ ਵਿਰਕ ਦਾ ਨਾਂ ਪੰਜਾਬ ਦੇ ਉੱਘੇ ਭੌਤਿਕ ਵਿਗਿਆਨੀਆਂ, ਵਿਦਵਾਨਾਂ ਅਤੇ ਸਿੱਖ ਧਰਮ ਦੇ ਜ਼ਹੀਨ ਸਕਾਲਰਾਂ ਵਿੱਚ ਸ਼ੁਮਾਰ ਹੁੰਦਾ ਹੈ।ਉਸ ਦੀ ਸ਼ਖਸ਼ੀਅਤ ਦੀਆਂ ਪਰਤਾਂ, ਜਿਉਂ ਜਿਉਂ ਉੱਧੜੀ ਜਾਂਦੀਆਂ ਹਨ,ਹਰ ਪਰਤ ਉਸਦੇ ਸੰਘਰਸ਼,ਸਾਦਗੀ,ਖੋਜ ਅਧਿਐਨ,ਧਰਮ ਅਤੇ ਦ੍ਰਿੜ੍ਹਤਾ ਦੀ ਬਾਤ ਪਾਉਂਦੀ ਹੈ।ਮੇਰੇ ਲਈ ਇਹ ਮੁਲਾਕਾਤ ਇਸ ਕਰਕੇ ਵੀ ਅਹਿਮ ਹੈ ਕਿ ਮੈਂ ਬੀ.ਐਸ.ਸੀ( ਆਨਰਜ਼) ਵਿੱਚ ਪ੍ਰੋ. ਵਿਰਕ ਕੋਲੋਂ 'ਨਿਊਕਲੀਅਰ ਫਿਜਿਕਸ' ਪੜ੍ਹਦਾ ਰਿਹਾ ਹਾਂ।ਪਿੱਛੇ ਜਿਹੇ ਉਨ੍ਹਾਂ ਨਾਲ ਹੋਈ ਇਕ ਮੁਲਾਕਾਤ ਦੇ ਕੁਝ ਅੰਸ਼ ਮੈਂ ਨਵਾਂ ਜ਼ਮਾਨਾ ਦੇ ਪਾਠਕਾਂ ਨਾਲ ਸਾਂਝੇ ਕਰ ਰਿਹਾ ਹਾਂ।

- **ਡਾ. ਸਾਬ੍ਹ ਤੁਸੀਂ ਆਪਣੇ ਜਨਮ ਸਥਾਨ, ਬਚਪਨ ਅਤੇ ਮੁੱਢਲੀ ਪੜ੍ਹਾਈ ਬਾਰੇ ਪਾਠਕਾਂ ਨੂੰ ਜਾਣੂ ਕਰਾਓ? ਬਚਪਨ ਦੀ ਕੋਈ ਅਭੁੱਲ ਯਾਦ ਹੋਵੇ ਤਾਂ ਉਸ ਦਾ ਵੀ ਜਕਿਰ ਕਰੋ?**

– ਮੇਰਾ ਜਨਮ 23 ਫ਼ਰਵਰੀ 1942 ਨੂੰ ਪਿਤਾ ਅਵਤਾਰ ਸਿੰਘ ਵਿਰਕ ਅਤੇ ਮਾਤਾ ਤੇਜ਼ ਕੌਰ ਦੇ ਘਰ ਪਿੰਡ ਕਾਮੋਕੇ, ਜਿਲਾ ਗੁੱਜਰਾਂਵਾ਼ਲਾ ( ਹੁਣ ਪਾਕਿਸਤਾਨ ਵਿੱਚ) ਵਿੱਚ ਹੋਇਆ।ਉੱਥੇ ਹੀ ਪ੍ਰਾਇਮਰੀ ਸਕੂਲ ਵਿੱਚ ਮੈਨੂੰ ਪੜ੍ਹਨ ਭੇਜਿਆ ਗਿਆ।ਤਿੰਨ ਮਹੀਨੇ ਉਰਦੂ ਦਾ ਕਾਇਦਾ ਅਜੇ ਅੱਧਾ ਵੀ ਨਹੀਂ ਸੀ ਪੜ੍ਹਿਆ ਕਿ ਪਾਕਿਸਤਾਨ ਬਨਣ ਦੀ ਖਬਰ ਫੈਲ ਗਈ।ਮੁਸਲਮਾਨਾਂ ਨੇ ਘਰਾਂ ਤੇ ਪਾਕਿਸਤਾਨੀ ਝੰਡੇ ਲਹਿਰਾ ਦਿੱਤੇ ਸਨ।ਹਿੰਦੂ ਸਿੱਖ ਡਰਦੇ ਜਥੇਦਾਰ ਹਰੀ ਸਿੰਘ ਦੇ ਘਰ ਜਾ ਕੇ ਲੁਕ ਗਏ।ਵੱਢ ਟੁੱਕ ਹੋਣ ਲੱਗੀ।ਮੈਂ ਪਹਿਲੀ ਵਾਰੀ ਗੋਲੀਆਂ ਚੱਲਦੀਆਂ ਦੇਖੀਆਂ ਸਨ।ਬਚਦੇ ਬਚਾਂਦੇ ਸ਼ਰਨਾਰਥੀ ਕੈਂਪਾਂ ਤੋਂ ਟਰੱਕਾਂ ਰਾਹੀ ਅਸੀਂ ਅੰਮ੍ਰਿਤਸਰ,ਧੂਰੀ ਅਤੇ ਉੱਥੋਂ ਸੰਗਰੂਰ ਪਹੁੰਚੇ ਸਾਂ।ਉਸ ਵੇਲੇ ਦੇ ਡਰ,ਸਹਿਮ,ਦਹਿਸ਼ਤ ਨੂੰ ਚੇਤੇ ਕਰਕੇ ਮੇਰੀ ਰੂਹ ਅੱਜ ਵੀ ਕੰਬ ਉੱਠਦੀ ਹੈ।

- **ਪੰਜਾਬ ਵਿੱਚ ਆਕੇ ਤੁਸੀਂ ਫਿਰ ਕਿੱਥੇ ਕਿੱਥੇ ਪੜ੍ਹਾਈ ਕੀਤੀ ? ਉਸ ਸਮੇਂ ਤੁਹਾਡੇ ਘਰੇਲੂ ਹਾਲਾਤ ਕਿਹੋ ਜੇਹੇ ਸਨ?**

ਸੰਨ 1948 'ਚ ਮੈਂ ਲਸੋਈ(ਸੰਗਰੂਰ) ਦੇ ਪ੍ਰਾਇਮਰੀ ਸਕੂਲ 'ਚ ਪਹਿਲੀ ਵਿੱਚ ਦਾਖ਼ਲ ਹੋਇਆ।ਮੇਰੇ ਕੋਲ ਪਾਉਣ ਨੂੰ ਸ਼ਰਨਾਰਥੀ ਕੈਂਪ ਵਿੱਚ ਮਿਲੇ ਕੱਪੜੇ ਹੀ ਸਨ।ਚਾਰ ਕਿੱਲੋਮੀਟਰ ਤੁਰ ਕੇ ਸਕੂਲ ਜਾਣਾ ਪੈਂਦਾ ਸੀ।ਸਰਦੀਆਂ ਵਿੱਚ ਪਾਉਣ ਨੂੰ ਸਵੈਟਰ ਵੀ ਨਹੀਂ ਸੀ।ਸਕੂਲ ਵਿੱਚ ਇੱਕੋ ਅਧਿਆਪਕ ਸੀ।ਛੋਟੀ ਛੋਟੀ ਗਲਤੀ ਤੇ ਬੈਂਤ ਨਾਲ ਕੁੱਟਦਾ।ਮੁਰਗ਼ਾ ਬਣਾ ਦਿੰਦਾ।ਮੇਰੇ ਸਾਥੀ ਕੱਠੇ ਹੋ ਕੇ ਇੱਲਤਾਂ ਕਰਦੇ।ਨਹਿਰ ਵਿੱਚ ਨਹਾਉਂਦੇ।ਵਾੜੇ 'ਚੋਂ ਖ਼ਰਬੂਜ਼ੇ ਚੋਰੀ ਕਰਕੇ ਖਾਂਦੇ।ਪ੍ਰੰਤੂ ਮੈਂ ਉਨ੍ਹਾਂ ਦਾ ਸਾਥ ਨਹੀਂ ਦੇਂਦਾ ਸਾਂ।ਖਾਲਸਾ ਸਕੂਲ ਲਸੋਈ ਤੋਂ ਅੱਠਵੀਂ ਪਾਸ ਕਰਕੇ, ਮੈਂ ਨੌਂਵੀਂ ਵਿੱਚ ਸਰਕਾਰੀ ਹਾਈ ਸਕੂਲ ਮਲੇਰਕੋਟਲੇ ਦਾਖ਼ਲ ਹੋ ਗਿਆ।

- **ਉਸ ਔਖੇ ਸਮੇਂ ਵਿੱਚ, ਤੁਸੀਂ ਉੱਚੀ ਸਿੱਖਿਆ ਕਿਵੇਂ ਪ੍ਰਾਪਤ ਕਰ ਗਏ ?**

ਮੈਂ ਸੰਗਰੂਰ ਜਲਿ ਦੇ ਪਿੰਡ ਸ਼ੇਕਰਾਂ ਵਿੱਚ ਆਪਣੀ ਮਾਂ ਅਤੇ ਨਾਨੀ ਨਾਲ ਰਹਿੰਦਾ ਸੀ।ਨਾਨੇ ਦੀ ਮੌਤ ਹੋ ਗਈ ਸੀ। ਨਾਨੀ ਨੇ ਅਲਾਟ ਹੋਈ ਜ਼ਮੀਨ ਦਾ ਕੰਮ ਸਾਂਭਿਆ ਹੋਇਆ ਸੀ।ਹਿੰਦੂ ਮੈਰਿਜ ਐਕਟ ਨੇ ਘਰੋ ਘਰ ਤਰਥੱਲੀ ਮਚਾ ਦਿੱਤੀ ਸੀ।ਨਾਨੀ ਦੇ ਤਿੰਨ ਧੀਆਂ ਸਨ।ਸ਼ਰੀਕ ਤਾਕ ਵਿੱਚ ਸਨ ਕਿ ਨਾਨੀ ਕਦੋਂ ਮਰੇ ਅਤੇ ਉਹ ਵਾਰਿਸ ਬਣ ਕੇ ਜ਼ਮੀਨ ਸਾਂਭਣ।ਕਿਸੇ ਦੋਖੀ ਨੇ ਮੇਰੀ ਨਾਨੀ ਦਾ ਕਤਲ ਕਰ ਦਿੱਤਾ।ਮੈਂ ਉਦੋਂ ਤੇਰਾਂ ਸਾਲ ਦਾ ਸੀ।ਮੇਰੀ ਮਾਂ ਦੋ ਸਾਲ ਕਚਹਿਰੀਆਂ ਦੇ ਚੱਕਰ ਕੱਢਦੀ ਰਹੀ।ਮੈਂ ਡੰਗਰ ਵੀ ਚਾਰਨ ਜਾਂਦਾ,ਨਾਲ ਕਿਤਾਬਾ ਵੀ ਪੜ੍ਹਦਾ।ਮੇਰੇ ਸਕੂਲ ਦੇ ਹੈੱਡਮਾਸਟਰ ਰਘੂਨਾਥ ਸਰੀਏ ਨੇ ਮੈਨੂੰ ਮਲੇਰਕੋਟਲੇ ਕਾਲਜ ਵਿੱਚ ਦਾਖਲ ਕਰਾ ਦਿੱਤਾ ਸੀ।ਕਾਲਜ ਵਿੱਚ ਮੁਫ਼ਤ ਪੜ੍ਹਾਈ ਅਤੇ ਕਿਤਾਬਾਂ ਦੀ ਸਹੂਲਤ ਵੀ ਮਿਲ ਗਈ ਸੀ।ਸ਼ੇਕਰਾਂ ਤੋਂ ਮਲੇਰਕੋਟਲੇ ਕੱਚੀ ਸੜਕ ਤੇ ਮੈਂ ਕਈ ਵਾਰੀ, ਮੀਂਹਾਂ ਵਿੱਚ, ਸਾਇਕਲ ਮੋਢਿਆਂ ਉੱਤੇ ਚੁੱਕ ਕੇ ਵੀ ਤੁਰਿਆ ਸਾਂ।ਪ੍ਰੋ. ਬਹਾਦਰ ਸਿੰਘ, ਚੰਦ ਵਰਮਾ, ਬਾਲ ਕਿਸ਼ਨ ਚੌਧਰੀ ਅਤੇ ਪ੍ਰੋ.ਨਿਰਮਲ ਸਿੰਘ ਮੇਰੇ ਚਹੇਤੇ ਅਧਿਆਪਕ ਸਨ।ਫੇਰ ਮੈਂ ਮਹਿੰਦਰਾ ਕਾਲਜ ਪਟਿਆ਼ਲਾ ਵਿੱਬੀ.ਐਸ.ਸੀ 'ਚ ਦਾਖਲਾ ਲੈ ਲਿਆ।ਖ਼ਰਚੇ ਲਈ ਪ੍ਰੋਫੈਸਰਾਂ ਦੇ ਬੱਚਿਆਂ ਨੂੰ ਟਿਊਸ਼ਨ ਵੀ ਪੜ੍ਹਾਉਂਦਾ ਰਿਹਾ।ਮੇਰਾ ਪਿਤਾ ਵੀ ਮੈਨੂੰ ਖ਼ਰਚਾ ਦੇ ਜਾਂਦਾ ਸੀ।ਹੋਸਟਲ ਵਿੱਚ ਰਹਿੰਦਿਆਂ ਹਰਿੰਦਰ ਸਿੰਘ ਮਹਿਬੂਬ, ਨਵਤੇਜ ਭਾਰਤੀ,ਕੁਲਵੰਤ ਗਰੇਵਾ਼ਲ ਦੀ ਸੰਗਤ ਵਿੱਚ ਮੈਂ ਵੀ ਕਵਿਤਾ ਵੀ ਲਿਖਣ ਲੱਗ ਪਿਆ ਸੀ।ਬੀ.ਐਸ.ਸੀ ਪਾਸ ਕਰਕੇ ਅੱਗੇ ਮੈਂ ਅਲੀਗੜ੍ਹ ਮੁਸਲਿਮ ਯੂਨੀਵਰਸਿਟੀ ਤੋਂ ਐਮ.ਐਸ. ਸੀ ਫਿਜਕਿਸ ਦੀ ਡਿਗਰੀ ਹਾਸਿਲ ਕੀਤੀ।ਕਾਸਮਿਕ ਵਿਕੀਰਨਾਂ ਦੇ ਪ੍ਰਸਿੱਧ ਭਾਰਤੀ ਵਿਗਿਆਨੀ ਪ੍ਰੋ.ਪਿਆਰਾ ਸਿੰਘ ਗਿੱਲ ਮੇਰੇ ਚਹੇਤੇ ਅਧਿਆਪਕ ਸਨ।

- **ਤੁਹਾਡੀ ਪਹਿਲੀ ਨੌਕਰੀ ਕਿੱਥੇ ਲੱਗੀ? ਤੁਸੀਂ ਪੰਜਾਬੀ ਯੂਨੀਵਰਸਿਟੀ ਵਿੱਚ ਕਦੋਂ ਗਏ?**

– ਐਮ.ਐਸ.ਸੀ ਕਰਨ ਉਪਰੰਤ ਮੈਨੂੰ ਸੰਨ 1963 'ਚ ਲਾਇਲਪੁਰ ਖਾਲਸਾ ਕਾਲਜ ਜਲੰਧਰ ਵਿੱਚ ਲੈਕਚਰਾਰ ਦੀ ਨੌਕਰੀ ਮਿਲ ਗਈ।ਥੋੜ੍ਹੀ ਦੇਰ ਬਾਦ ਮੈਂ ਗੁਰੂ ਨਾਨਕ ਇੰਜੀਨੀਅਰਿੰਗ ਕਾਲਜ ਲੁਧਿਆਣਾ ਦੇ ਅਪਲਾਈਡ ਫਿਜਿਕਸ ਵਿਭਾਗ ਵਿੱਚ ਪੜ੍ਹਾਉਣਾ ਸ਼ੁਰੂ ਕੀਤਾ।ਸੰਨ 1965 'ਚ ਮੈਂ ਪੰਜਾਬੀ ਯੂਨੀਵਰਸਿਟੀ ਪਟਿਆ਼ਲਾ ਦੇ ਭੌਤਿਕ ਵਿਗਿਆਨ ਵਿਭਾਗ ਵਿੱਚ ਇਨਸਟਕਟਰ ਜਾ ਲੱਗਿਆ।ਫਿਰ ਲੈਕਚਰਾਰ ਬਣਿਆਂ।

- **ਤੁਸੀਂ ਪੀ.ਐਚ.ਡੀ ਕਦੋਂ ਤੇ ਕਿੱਥੋਂ ਕੀਤੀ। ਤੁਹਾਡਾ ਖੋਜ ਕਾਰਜ ਕਿਸ ਵਿਸ਼ੇ ਤੇ ਸੀ? ਥੋੜ੍ਹਾ ਵਿਸਤਾਰ ਨਾਲ ਦੱਸੋ।**

–ਸੰਨ 1970 'ਚ ਮੈਨੂੰ ਫਰਾਂਸ ਵਿੱਚ ਖੋਜ ਕਰਨ ਲਈ ਵਜ਼ੀਫ਼ਾ ਮਿਲ ਗਿਆ।ਪੈਰਿਸ ਪਹੁੰਚ ਕੇ ਪਹਿਲਾਂ ਫ਼੍ਰੈਂਚ ਸਿੱਖਣੀ ਪਈ।ਫਿਰ ਮੈਂ ਪੈਰਿਸ ਵਿੱਚ ਮੇਰੀ ਕਿਊਰੀ ਯੂਨੀਵਰਸਿਟੀ ਵਿੱਚ ਖੋਜ ਕਾਰਜ ਕਰਨ ਲੱਗਾ।ਮੇਰਾ ਨਿਗਰਾਨ ਪ੍ਰੋ. ਮੈਕਸ ਮੋਰਾਂ( ੰਓਣ ੌਰਓਨਦ),ਪੈਰਿਸ ਯੂਨੀਵਰਸਿਟੀ ਦੇ ਜੂਸੀਓ ਕੈਂਪਸ ਵਿਖੇ ਜਨਰਲ ਫਿਜਿਕਸ ਪ੍ਰਯੋਗਸ਼ਾਲਾ ਦਾ ਨਿਰਦੇਸ਼ਕ ਸੀ।ਉਸ ਨੇ ਮੈਨੂੰ ਚੀਨੀ ਗਾਇਡ ਸਾਏ ਚੂ ਦੇ ਹਵਾਲੇ ਕਰ ਦਿੱਤਾ।ਮੈਨੂੰ 'ਮੂਲ ਕਣਾਂ ਦੀ ਭਾਲ' ਵਿਸ਼ੇ ਉੱਪਰ ਖੋਜ ਕਰਨ ਦਾ ਮੌਕਾ ਮਿਲ ਗਿਆ।ਮੈਨੂੰ ਨਿਊਕਲੀਅਰ ਇਮਲਸ਼ਨ ਪਲੇਟਾਂ ਵਿਚ ਖੁਰਦਬੀਨ ਨਾਲ ਸਕੈਨਿੰਗ ਕਰਕੇ ਕਣਾਂ ਦੇ ਮਾਰਗ ਦੀ ਪਛਾਣ ਕਰਨੀ ਪੈਂਦੀ ਸੀ।ਪਹਿਲੇ ਛੇ ਮਹੀਨੇ ਵਿਚ ਮੈਂ ਛੇ ਸੌ ਦੇ ਕਰੀਬ ਤਾਰੇ(੍ਹਚਲਇਓਰ ਸ਼ਟਓਰ) ਢੂੰਡ ਲਏ ਸਨ।ਇਨ੍ਹਾ ਵਿਚ ਵੀਹ ਚਿੱਟੇ ਤਾਰਿਆਂ (ੀਹਟਿਇ ਸ਼ਟਓਰਸ)ਵਿਚ ਮੈਂ ਖੋਜ ਕਾਰਜ ਕਰਕੇ ਕਿਸੇ ਨਵੇਂ ਕਣ ਨੂੰ ਖੋਜਣਾ ਸੀ।ਸਾਏ ਚੂ ਦੱਸਦਾ ਸੀ ਕਿ ਉਸਨੇ ਐਲ-ਮੀਸਾਨ ਦੀ ਖੋਜ ਕਰ ਲਈ ਸੀ।ਉਹ ਮੈਨੂੰ ਵੀ ਇਸ ਕਣ ਤੇ ਖੋਜ ਕਰਕੇ, ਪ੍ਰੌੜਤਾ ਕਰਨ ਲਈ ਉਤਸ਼ਾਹਿਤ ਕਰ ਰਿਹਾ ਸੀ।ਹੌਲੀ ਹੌਲੀ ਮੈਨੂੰ ਸਾਏ ਚੂ ਦੀ ਖੋਜ ਤਰਕ ਵਿਹੂਣੀ ਲੱਗੀ।ਮੈਂ ਆਪਣੇ ਖੋਜ ਸਿੱਟਿਆਂ ਦੀ ਪੜਚੋਲ ਕਰਕੇ ਸਿੱਧ ਕੀਤਾ ਕਿ ਐਲ-ਮੀਸਾਨ ਨਾਂ ਦਾ ਕੋਈ ਕਣ ਹੁੰਦਾ ਹੀ ਨਹੀਂ।1972 'ਚ ਕੈਂਬਰਿਜ ਯੂਨੀਵਰਸਿਟੀ ਦੇ ਵਿਗਿਆਨੀਆਂ ਨੇ ਇਸ ਖੋਜ ਨੂੰ ਰੱਦ ਕਰ ਦਿੱਤਾ ਸੀ।ਮੇਰੀ ਕਿਊਰੀ ਯੂਨੀਵਰਸਿਟੀ ਤੋਂ ਦੋ ਸਾਲ ਦੋ ਮਹੀਨੇ ਵਿੱਚ ਮੈਂ ਡਾਕਟਰੇਟ ਦੀ ਡਿਗਰੀ ਹਾਸਿਲ ਕਰਨ ਉਪਰੰਤ,ਪਟਿਆ਼ਲੇ ਆਪਣੀ ਨੌਕਰੀ ਤੇ ਵਾਪਿਸ ਮੁੜ ਆਇਆ।ਦੇਸ਼ ਪਰਤਣ ਤੋਂ ਪਹਿਲਾਂ ਮੇਰੇ ਪੰਜ ਖੋਜ ਪੱਤਰ ਇਕ ਫਰਾਂਸੀਸੀ ਰਿਸਾਲੇ ਵਿਚ ਛਪ ਚੁੱਕੇ ਸਨ।

- **ਡਾਕਟਰੇਟ ਕਰਨ ਪਿੱਛੋਂ,ਤੁਹਾਡਾ ਖੋਜ ਕਾਰਜ ਕਿਸ ਰਫ਼ਤਾਰ ਨਾਲ ਅੱਗੇ ਵਧਿਆ?**

–ਵਿਭਾਗ ਦੇ ਮੁੱਖੀ ਡਾ. ਬੀ.ਐਸ.ਸੂਦ ਦੇ ਕਹਿਣ ਤੇ ਮੈਂ ਖੋਜ ਪ੍ਰਾਜੈਕਟਾਂ ਦੀ ਤਜਵੀਜ਼ ਬਣਾ ਕੇ ਯੂ.ਜੀ ਸੀ ਅਤੇ ਸੀ.ਐਸ.ਆਈ.ਆਰ ਨੂੰ ਭੇਜੀ।ਦੋ ਖੋਜ ਪ੍ਰਾਜੈਕਟ ਮਿਲ ਗਏ। ਮੇਰੀ ਖੋਜ ਦਾ ਕੰਮ ਰਿੜ ਪਿਆ।ਮੇਰੇ ਅਧੀਨ ਦੋ ਖੋਜ ਵਿਦਿਆਰਥੀ ਕੰਮ ਕਰਨ ਲੱਗੇ। ਮੇਰੇ ਗਰੁੱਪ ਦੇ ਖੋਜਾਰਥੀਆਂ ਦੇ ਖੋਜ ਪਰਚੇ ਵੀ ਪ੍ਰਕਾਸ਼ਤ ਹੋਣ ਲੱਗੇ। ਮਕਬੂਲ ਵਿਗਿਆਨੀਆਂ ਨਾਲ ਮੇਰਾ ਰਾਬਤਾ ਬਨਣ ਲੱਗਾ।ਕਾਨਫਰੰਸਾਂ ਦੇ ਸੱਦੇ ਆਉਣ ਲੱਗੇ।ਸੰਨ 1979 ਤੱਕ ਸਾਡੇ ਗਰੁੱਪ ਦੇ ਖੋਜਾਰਥੀਆਂ ਦੇ ਵੀਹ ਤੋਂ ਵੱਧ ਖੋਜ-ਪੱਤਰ ਛਪ ਚੁੱਕੇ ਸਨ।ਮੇਰੀਆਂ ਆਪਣੀਆਂ ਵੀ ਤਿੰਨ ਪੁਸਤਕਾਂ ਛਪ ਚੁੱਕੀਆਂ ਸਨ।ਸੰਨ 1975 ਵਿੱਚ ਮੈਂ ਲੈਕਚਰਾਰ ਤੋਂ ਰੀਡਰ ਬਣਿਆਂ।ਉਸ ਸਮੇਂ ਤੱਕ ਮੇਰੇ ਦਰਜ਼ਨ ਕੁ ਖੋਜ ਪੱਤਰ ਛਪ ਚੁੱਕੇ ਸਨ।

- **ਤੁਹਾਡੇ ਹੁਣ ਤੱਕ ਤੁਹਾਡੇ ਕਿੰਨੇ ਖੋਜ ਪੱਤਰ ਕੌਮੀ ਤੇ ਅੰਤਰ ਰਾਸ਼ਟਰੀ ਪੱਧਰ ਦੇ ਖੋਜ ਰਿਸਾਲਿਆਂ ਵਿੱਚ ਛਪ ਚੁੱਕੇ ਹਨ? ਪ੍ਰਕਾਸ਼ਤ ਪੁਸਤਕਾਂ ਦਾ ਵੀ ਵੇਰਵਾ ਦਿਉ?**

–ਮੇਰੇ ਰਾਸ਼ਟਰੀ ਤੇ ਅੰਤਰਰਾਸ਼ਟਰੀ ਪੱਧਰ ਦੇ ਖੋਜ ਰਿਸਾਲਿਆਂ ਵਿੱਚ 450 ਖੋਜ ਪੱਤਰ ਪ੍ਰਕਾਸ਼ਤ ਹੋ ਚੁੱਕੇ ਹਨ।ਮੇਰੀਆਂ 45 ਕਿਤਾਬਾ ਅਤੇ ਵਿਗਿਆਨ ਤੇ ਤਕਨੀਕੀ ਵਿਸਿਆਂ ਤੇ ਦੋ ਸੌ ਨਿਬੰਧ ਛਪ ਚੁੱਕੇ ਹਨ।ਪਾਪੂਲਰ ਸਾਇੰਸ ਸਬੰਧੀ ਮੇਰੇ ਸੌ ਕੁ ਨਿਬੰਧ ਪੰਜਾਬੀ ਵਿੱਚ ਛਪੇ ਹਨ।

- **ਤੁਹਾਡੀ ਦੇਖਰੇਖ ਵਿੱਚ ਕਿੰਨੇ ਕੁ ਖੋਜਾਰਥੀਆਂ ਨੇ ਡਾਕਟਰੇਟ ਅਤੇ ਐਮ. ਫਿਲ ਦੀਆਂ ਡਿਗਰੀਆਂ ਹਾਸਿਲ ਕੀਤੀਆਂ?**

–ਮੇਰੀ ਦੇਖਰੇਖ ਵਿੱਚ 18 ਖੋਜਾਰਥੀਆਂ ਨੇ ਪੀ.ਐਚ.ਡੀ ਅਤੇ 16 ਨੇ ਐਮ.ਫਿਲ ਦੀਆਂ ਡਿਗਰੀਆਂ ਹਾਸਿਲ ਕੀਤੀਆਂ ਹਨ।

- **ਪੰਜਾਬੀ ਮਾਧਿਅਮ ਵਿੱਚ ਵਿਗਿਆਨ ਦੀਆਂ ਪਾਠ ਪੁਸਤਕਾਂ ਲਿਖਣ ਵਿੱਚ ਵੀ ਤੁਹਾਡੀ ਸ਼ਮੂਲੀਅਤ ਰਹੀ ਹੈ, ਇਸ ਬਾਰੇ ਦੱਸੋ।**

– ਪੰਜਾਬੀ ਮਾਧਿਅਮ ਵਿੱਚ ਮੈਂ ਛੇ ਵਿਗਿਆਨ ਪਾਠ ਪੁਸਤਕਾਂ ਤਿਆਰ ਕੀਤੀਆਂ ਹਨ। ਇੰਨ੍ਹਾ ਕਰਕੇ ਮੈਨੂੰ ਪੁਰਸਕਾਰ ਵੀ ਮਿਲੇ ਸਨ।

- **ਵਿਗਿਆਨ ਅਤੇ ਧਰਮ ਦੀ ਖੋਜ ਦਾ ਸਬੱਬ ਕਦੋਂ ਤੇ ਕਿੱਥੇ ਜੁੜਿਆ?**

–ਵਿਗਿਆਨ ਅਤੇ ਸਿੱਖ ਧਰਮ ਦੀ ਖੋਜ ਦਾ ਮੁੱਢ ਵੀ ਪੰਜਾਬੀ ਯੂਨੀਵਰਸਿਟੀ ਪਟਿਆ਼ਲਾ ਤੋਂ ਹੀ ਬੱਝਿਆ।ਸੰਨ 1967 'ਚ ਇਕ ਗੁਰਦਵਾਰੇ ਵਿੱਚ ਕੀਰਤਨ ਮੌਕੇ ਮੇਰੇ ਮਨ ਵਿੱਚ ਮਾਰੂ ਰਾਗ ਦੇ ਇਕ 'ਸੋਹਿਲੇ' ਦੇ ਭਾਵ ਅਰਥ ਜਾਨਣ ਦੀ ਇੱਛਾ ਪ੍ਰਗਟ ਹੋਈ।ਘਰ ਜਾਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਅਧਿਐਨ ਕੀਤਾ। ਬੜੀ ਹੈਰਾਨੀ ਹੋਈ ਕਿ ਗੁਰੂ ਨਾਨਕ ਸਾਹਿਬ ਤਾਂ ਸੋਹਿਲੇ ਵਿੱਚ ਬ੍ਰਹਿਮੰਡ ਦੀ ਰਚਨਾ ਦੀ ਗੱਲ ਕਰ ਰਹੇ ਹਨ।ਫੇਰ ਮੈਨੂੰ 'ਬ੍ਰਹਿਮੰਡ ਦੀ ਰਚਨਾ' ਤੇ ਇਕ ਲੈਕਚਰ ਦੇਣ ਦਾ ਮੌਕਾ ਮਿਲਿਆ।ਮੇਰੇ ਲੈਕਚਰ ਦੀ ਸ਼ਲਾਘਾ ਹੋਈ।ਉਸ ਤੋਂ ਬਾਦ ਮੈਂ ਗੁਰੂ ਨਾਨਕ ਦੀ ਪੰਜਵੀਂ ਸ਼ਤਾਬਦੀ ਤੇ ਹੋਏ ਸੈਮੀਨਾਰ ਵਿੱਚ, ਇਕ ਖੋਜ ਪੱਤਰ ਪੜ੍ਹਿਆ।ਲੋਕਾਂ ਨੇ ਹੱਲਾਸ਼ੇਰੀ ਦਿੱਤੀ।ਇਸੇ ਹੱਲਾਸ਼ੇਰੀ ਸਦਕਾ, ਸੰਨ 1975 'ਚ ਮੇਰੀ ਪੁਸਤਕ ' ਬ੍ਰਹਿਮੰਡ ਦੀ ਰਚਨਾ' ਪ੍ਰਕਾਸ਼ਤ ਹੋਈ।ਇੰਝ ਮੇਰੀ 'ਗੁਰਬਾਣੀ ਦੀ ਵਿਗਿਆਨਿਕ ਵਿਆਖਿਆ' ਕਰਨ ਦੀ ਸ਼ੁਰੂਆਤ ਹੋਈ।

- **ਤੁਸੀਂ ਆਪਣੇ ਵਿਦਿਆਰਥੀਆਂ ਵਿੱਚ ਕਾਫ਼ੀ ਹਰਮਨ ਪਿਆਰੇ ਰਹੇ ਹੋ, ਕੀ ਕਹਿਣਾ ਚਾਹੋਗੇ?**

– ਮੈਂ ਜ਼ਿੰਦਗੀ ਦੇ ਸਖ਼ਤ ਦੌਰ ਵਿੱਚੋਂ ਨਿਕਲ ਕੇ ਆਇਆ ਸੀ।ਵਿਦਿਆਰਥੀਆਂ ਦੀਆਂ ਮੁਸ਼ਕਲਾਂ ਨੂੰ ਨੇੜੇ ਤੋਂ ਜਾਣਦਾ ਸੀ।ਔਖ ਸੌਖ ਵੇਲੇ ਮੈਂ ਉਨ੍ਹਾ ਦੀ ਮਦਦ ਵੀ ਕਰ ਦਿੰਦਾ ਸੀ।ਅਗਵਾਈ ਵੀ ਕਰਦਾ ਸੀ।ਜਦੋਂ ਮੈਂ ਪੈਰਿਸ ਜਾਣਾ ਸੀ ਉਸ ਵੇਲੇ ਮੇਰੇ ਸਟਾਫ਼ ਨੇ ਤਾਂ ਮੈਨੂੰ ਕੋਈ ਪਾਰਟੀ ਨਹੀਂ ਦਿੱਤੀ, ਪਰ ਮੇਰੇ ਚਹੇਤੇ ਵਿਦਿਆਰਥੀਆਂ ਨੇ ਮੈਨੂੰ ਵਿਦਾਇਗੀ ਪਾਰਟੀ ਦੇ ਕੇ ਤੋਰਿਆ ਸੀ।ਮੇਰੀ ਅਗਵਾਈ ਵਿੱਚ ਵਿਦਿਆਰਥੀਆਂ ਦੇ ਜੈ ਪੁਰ, ਆਗਰਾ, ਦੇਹਰਾਦੂਨ, ਮਸੂਰੀ, ਕਾਠਮੰਡੂ, ਪਟਨਾ ਸਾਹਿਬ ਦੇ ਟੂਰ ਆਯੋਜਿਤ ਕੀਤੇ ਗਏ ਸਨ। ਹਿਮਾਲੀਆ ਪਰਬਤ ਤੋਂ ਖੋਜ ਲਈ ਅਸੀਂ ਨਮੂਨੇ ਇਕੱਠੇ ਕਰਕੇ ਲਿਆਏ ਸਾਂ।

- **ਪੰਜਾਬੀ ਯੂਨੀਵਰਸਿਟੀ ਵਿੱਚ ਗੁਜ਼ਾਰੇ ਸਮੇਂ ਬਾਰੇ ਹੋਰ ਕੀ ਕਹਿਣਾ ਚਾਹੋਗੇ?**

– ਚੌਦਾਂ ਸਾਲਾਂ ਦਾ ਇਹ ਸਮਾਂ ਮੇਰੇ ਲਈ ਬੜਾ ਅਹਿਮ ਸੀ।ਮੇਰੀ ਸ਼ਾਦੀ ਇੱਥੇ ਰਹਿੰਦਿਆਂ ਹੀ ਹੋਈ, ਤਿੰਨ ਪੁੱਤਰਾਂ ਦਾ ਜਨਮ ਇੱਥੇ ਹੋਇਆ।ਡਾਕਟਰੇਟ ਦੀ ਡਿਗਰੀ ਇੱਥੇ ਹੀ ਮਿਲੀ। ਵਿਦੇਸ਼ਾਂ ਦੇ ਦੌਰੇ ਵੀ ਬਹੁਤੇ ਇੱਥੇ ਰਹਿੰਦਿਆਂ ਹੀ ਕੀਤੇ।ਖੋਜ ਕਾਰਜ ਦੀ ਇੱਥੋਂ ਹੀ ਸ਼ੁਰੂਆਤ ਹੋਈ।

- **ਤੁਹਾਡਾ ਗੁਰੂ ਨਾਨਕ ਦੇਵ ਯੂਨੀਵਰਸਿਟੀ ਦਾ ਸੇਵਾ ਕਾਲ ਕਿਹੋ ਜਿਹਾ ਰਿਹਾ?**

–ਮੈਂ 10 ਜੁਲਾਈ 1979 ਨੂੰ ਮੈਂ ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿੱਚ ਰੀਡਰ ਦੀ ਪੋਸਟ ਤੇ ਹਾਜ਼ਰ ਹੋ ਗਿਆ।ਫਿਜਿਕਸ ਡਿਪਾਰਟਮੈਂਟਮੈਂਟ ਦੀ ਕੋਈ ਵੱਖਰੀ ਬਿਲਡਿੰਗ ਨਹੀਂ ਸੀ।ਮੈਂ ਜਾਕੇ ਬੀ.ਐਸ.ਸੀ (ਆਨਰਜ) ਦੀ ਕਲਾਸ ਸ਼ੁਰੂ ਕੀਤੀ।ਉਦੋਂ ਫਿਜਿਕਸ ਵਿਭਾਗ ਵਿੱਚ ਸਿਰਫ ਪੰਜ ਅਧਿਆਪਕ ਸਨ। ਬੜੀ ਮੁਸ਼ਕਿਲ ਨਾਲ ਪ੍ਰਯੋਗਸ਼ਾਲਾ ਦਾ ਸਾਮਾਨ ਮੰਗਵਾਇਆ।





– ਬਾਕੀ ਅਗਲੇ ਸਫ਼ੇ 'ਤੇ

ਲੇਖਕ : ਜਸਟਿਸ ਮਦਨ ਬੀ ਲੋਕੁਰ

# ਭਾਰਤੀ ਨਿਆਂ ਪ੍ਰਣਾਲੀ ਦੀ ਦਸ਼ਾ

ਭਾਰਤ ਦੇ ਸਾਬਕਾ ਚੀਫ ਜਸਟਿਸ ਐੱਨਵੀ ਰਮੰਨਾ ਨੇ ਪਿਛਲੇ ਹਫ਼ਤੇ ਆਪਣੇ ਜਨਤਕ ਭਾਸ਼ਣ ਵਿੱਚ ਦੇਸ਼ ਦੀ ਨਿਆਂ ਪ੍ਰਣਾਲੀ ਦੀ ਕਾਫ਼ੀ ਨੁਕਤਾਚੀਨੀ ਕੀਤੀ ਸੀ। ਰਿਪੋਰਟਾਂ ਮੁਤਾਬਿਕ ਉਨ੍ਹਾਂ ਆਖਿਆ ਸੀ ਕਿ ਆਮ ਨਾਗਰਿਕ ਅਦਾਲਤਾਂ ਤੱਕ ਪਹੁੰਚ ਕਰਨ ਤੋਂ ਤ੍ਰਹਿੰਦਾ ਹੈ ਤੇ ਉਸ ਨੂੰ ਕੋਈ ਨਾ ਕੋਈ ਅਣਹੋਣੀ ਵਾਪਰਨ ਦਾ ਡਰ ਰਹਿੰਦਾ ਹੈ। ਕੇਸਾਂ ਦੀ ਸੁਣਵਾਈ ਵਿੱਚ ਦੇਰੀ, ਬਕਾਇਆ ਕੇਸਾਂ, ਪਹੁੰਚ, ਨਾਕਸ ਬੁਨਿਆਦੀ ਢਾਂਚੇ, ਭਾਰੀ ਗਿਣਤੀ ਵਿੱਚ ਖਾਲੀ ਅਸਾਮੀਆਂ, ਕਾਨੂੰਨੀ ਕਾਰਵਾਈ ਵਿੱਚ ਪਾਰਦਰਸ਼ਤਾ ਦੀ ਘਾਟ, ਅਪਰਾਧਿਕ ਨਿਆਂ ਪ੍ਰਣਾਲੀ ਵਿੱਚ ਖ਼ਾਮੀਆਂ ਅਤੇ ਝੂਠੇ ਕੇਸਾਂ ਦੀ ਗਿਣਤੀ ਵਿੱਚ ਇਜ਼ਾਫ਼ਾ ਹੋਣ ਬਾਰੇ ਅਮੂਮਨ ਸਰੋਕਾਰ ਜਤਾਏ ਜਾਂਦੇ ਹਨ।

ਇਹ ਕੁਝ ਉਹ ਸਮੱਸਿਆਵਾਂ ਹਨ ਜੋ ਸਾਡੀ ਨਿਆਂ ਪ੍ਰਣਾਲੀ ਨੂੰ ਦਰਪੇਸ਼ ਹਨ। ਇਸ ਤੋਂ ਸਵਾਲ ਉੱਠਦਾ ਹੈ: ਅਦਾਲਤਾਂ ਤੱਕ ਪਹੁੰਚ ਕਰਨ ਵਿੱਚ ਨਾਗਰਿਕਾਂ ਦੇ ਖ਼ਦਸ਼ਿਆਂ ਦੇ ਨਿਵਾਰਨ ਲਈ ਕੀ ਕੀਤਾ ਜਾ ਰਿਹਾ ਹੈ ਅਤੇ ਸਾਬਕਾ ਚੀਫ ਜਸਟਿਸ ਨੇ ਜਿਨ੍ਹਾਂ ਸਮੱਸਿਆਵਾਂ ਵੱਲ ਇਸ਼ਾਰਾ ਕੀਤਾ ਹੈ, ਉਨ੍ਹਾਂ ਮੁਤੱਲਕ ਕੀ ਕੀਤਾ ਜਾ ਰਿਹਾ ਹੈ? ਇਹ ਆਮ ਜਾਣਕਾਰੀ ਦਾ ਮਾਮਲਾ ਹੈ ਕਿ ਇਸ ਦੀ ਪੁਸ਼ਟੀ ਨੈਸ਼ਨਲ ਜੁਡੀਸ਼ਲ ਗਰਿੱਡ ਤੋਂ ਵੀ ਅਸਾਨੀ ਨਾਲ ਕੀਤੀ ਜਾ ਸਕਦੀ ਹੈ ਕਿ ਦੇਸ਼ ਭਰ ਦੀਆਂ ਜ਼ਿਲ੍ਹਾ ਅਦਾਲਤਾਂ ਅਤੇ ਹਾਈ ਕੋਰਟਾਂ ਵਿੱਚ ਬਕਾਇਆ ਪਏ ਕੇਸਾਂ ਦੀ ਗਿਣਤੀ 5 ਕਰੋੜ 10 ਲੱਖ ਨੂੰ ਪਾਰ ਕਰ ਗਈ ਹੈ; ਕੁਝ ਲੱਖ ਕੇਸਾਂ ਨੂੰ ਤਾਂ 20 ਸਾਲਾਂ ਤੋਂ ਵੱਧ ਅਰਸਾ ਬੀਤ ਗਿਆ ਹੈ। ਇਹ ਸ਼ਰਮ ਦੀ ਗੱਲ ਹੈ ਅਤੇ ਵਿਅੰਗ ਦੇ ਰੂਪ ਵਿੱਚ ਇਸ ਨੂੰ 'ਅੰਤਰ ਪੀੜ੍ਹੀ ਨਿਆਂ' ਕਿਹਾ ਜਾਂਦਾ ਹੈ।

ਕੇਸਾਂ ਦੇ ਬੋਝ ਨਾਲ ਨਜਿੱਠਣ ਲਈ ਬਹੁਤ ਸਾਰੇ ਬਦਲ ਹਨ ਪਰ ਅਫ਼ਸੋਸ ਦੀ ਗੱਲ ਹੈ ਕਿ ਇਨ੍ਹਾਂ ਨੂੰ ਅਪਣਾਉਣ ਵਾਲਾ ਕੋਈ ਨਜ਼ਰ ਨਹੀਂ ਆ ਰਿਹਾ। ਮਿਸਾਲ ਦੇ ਤੌਰ 'ਤੇ ਛੋਟੇ ਮੋਟੇ ਅਪਰਾਧਾਂ ਦੇ ਫ਼ੌਜਦਾਰੀ ਕੇਸਾਂ ਨੂੰ ਸਾਡੀ ਫ਼ੌਜਦਾਰੀ ਦੰਡ ਵਿਧਾਨ ਅਧੀਨ 'ਪਲੀਅ ਬਾਰਗੇਨਿੰਗ' ਜਾਂ ਅਪਰਾਧ ਮੰਨ ਕੇ ਘੱਟ ਸਜ਼ਾ ਪਾਉਣ ਦਾ ਪ੍ਰਬੰਧ ਹੁੰਦਾ ਹੈ। ਦੀਵਾਨੀ ਜਾਂ ਸਿਵਲ ਕੇਸਾਂ ਜਿਨ੍ਹਾਂ ਵਿੱਚ ਕੁਝ ਗੁੰਝਲਦਾਰ ਕੇਸ ਵੀ ਸ਼ਾਮਿਲ ਹੁੰਦੇ ਹਨ, ਨੂੰ ਵੀ ਸਾਡੇ ਸਿਵਲ ਪ੍ਰੋਸੀਜਰ ਵੱਲੋਂ ਪ੍ਰਵਾਨਿਤ ਸਾਲਸੀ ਰਾਹੀਂ ਸੁਲਝਾਇਆ ਜਾ ਸਕਦਾ ਹੈ। ਪਾਰਲੀਮੈਂਟ ਨੇ 2023 ਵਿੱਚ ਸਾਲਸੀ ਜਾਂ ਮੀਡੀਏਸ਼ਨ ਐਕਟ ਵੀ ਪਾਸ ਕਰ ਦਿੱਤਾ ਪਰ ਅਜੇ ਤੱਕ ਮੀਡੀਏਸ਼ਨ ਕੌਂਸਲ ਦਾ ਗਠਨ ਨਹੀਂ ਕੀਤਾ ਜਾ ਸਕਿਆ। ਗ੍ਰਾਮ ਨਿਆਲਯ ਸਥਾਪਿਤ ਕਰਨ ਦਾ ਕਾਨੂੰਨ 2008 ਵਿੱਚ ਪਾਸ ਕਰ ਦਿੱਤਾ ਗਿਆ ਸੀ ਪਰ 17 ਸਾਲ ਬੀਤਣ ਦੇ ਬਾਵਜੂਦ ਇਸ ਨੂੰ ਦੇਸ਼ ਵਿੱਚ ਪੂਰੀ ਤਰ੍ਹਾਂ ਲਾਗੂ ਨਹੀਂ ਕੀਤਾ ਗਿਆ। ਸੈਂਕੜੇ ਕੁ ਗ੍ਰਾਮ ਨਿਆਲਯ ਬਣਾ ਦਿੱਤੇ ਗਏ, ਇਨ੍ਹਾਂ 'ਚੋਂ ਵੀ ਅੱਧ ਤੋਂ ਵੱਧ ਕੰਮ ਨਹੀਂ ਕਰ ਰਹੇ। ਜੇ ਅਸੀਂ ਪਾਰਲੀਮੈਂਟ ਦੇ ਪਾਸ ਕੀਤੇ ਕਾਨੂੰਨਾਂ ਨੂੰ ਸੱਚੇ ਮਨੋਂ ਲਾਗੂ ਹੀ ਨਹੀਂ ਕਰਾਂਗੇ ਤਾਂ ਵੱਡੀ ਗਿਣਤੀ ਵਿੱਚ ਬਕਾਇਆ ਕੇਸਾਂ ਦੀ ਸਮੱਸਿਆ ਬਣੀ ਰਹੇਗੀ ਅਤੇ ਇੱਕ ਪੜਾਅ 'ਤੇ ਪਹੁੰਚ ਕੇ ਕੇਸਾਂ ਦੇ ਬੋਝ ਨਾਲ ਇਹ ਨਿਆਂ ਪ੍ਰਣਾਲੀ ਢਹਿ-ਢੇਰੀ ਹੋ ਜਾਵੇਗੀ।

ਜੱਜਾਂ ਦੀਆਂ ਖਾਲੀ ਪਈਆਂ ਅਸਾਮੀਆਂ ਇੱਕ ਹੋਰ ਲੰਮੀ ਦੇਰ ਦੀ ਸਮੱਸਿਆ ਹੈ। ਇੱਕ ਅਨੁਮਾਨ ਮੁਤਾਬਿਕ, ਵੱਖ-ਵੱਖ ਹਾਈ ਕੋਰਟਾਂ ਵਿੱਚ ਖਾਲੀ ਪਈਆਂ ਅਸਾਮੀਆਂ ਦੀ ਗਿਣਤੀ ਕਰੀਬ 30 ਫ਼ੀਸਦੀ ਹੈ; ਜ਼ਿਲ੍ਹਾ ਅਦਾਲਤਾਂ ਵਿੱਚ ਇਹ ਗਿਣਤੀ 22 ਫ਼ੀਸਦੀ ਬਣਦੀ ਹੈ। ਇਹ ਅਸਾਮੀਆਂ ਭਰਨਾ ਇੰਨਾ ਔਖਾ ਕਿਉਂ ਹੈ? ਗੱਲ ਇਹ ਨਹੀਂ ਕਿ ਕਾਬਿਲ ਵਕੀਲਾਂ ਦੀ ਘਾਟ ਹੈ ਸਗੋਂ ਖਾਲੀ ਅਸਾਮੀਆਂ ਭਰਨ ਦੀ ਇੱਛਾ ਦੀ ਕਮੀ ਹੈ। ਜ਼ਬਾਨੀ ਸਬੂਤਾਂ ਤੋਂ ਪਤਾ ਲੱਗਦਾ ਹੈ ਕਿ ਵਕੀਲ ਜੱਜ ਬਣਨ ਦੇ ਇੱਛੁਕ ਨਹੀਂ ਕਿਉਂਕਿ ਤਨਖਾਹ ਨਾਕਾਫ਼ੀ ਹੈ ਅਤੇ ਕੰਮਕਾਜ ਦੀ ਥਾਂ ਤੋਂ ਝਟਪਟ ਤਬਾਦਲੇ ਦੀ ਸੰਭਾਵਨਾ, ਜੱਜਾਂ ਦਾ ਮਨੋਬਲ ਖ਼ਤਮ ਕਰਨ ਦੇ ਇਰਾਦੇ ਨਾਲ ਉਨ੍ਹਾਂ ਖ਼ਿਲਾਫ਼ ਦਾਖ਼ਲ ਕੀਤੀਆਂ ਜਾਂਦੀਆਂ ਝੂਠੀਆਂ ਸ਼ਿਕਾਇਤਾਂ ਜਿਹੇ ਦਬਾਵਾਂ ਦਾ ਸਾਹਮਣਾ ਕਰਨਾ ਪੈਂਦਾ ਹੈ।

ਇਨ੍ਹਾਂ ਮੁੱਦਿਆਂ ਉੱਪਰ ਗੰਭੀਰਤਾ ਨਾਲ ਵਿਚਾਰ ਚਰਚਾ ਕਰਨ ਦੀ ਲੋੜ ਹੈ; ਨਹੀਂ ਤਾਂ ਸਮਾਂ ਆਵੇਗਾ ਜਦੋਂ ਯੋਗ ਵਕੀਲਾਂ ਨੂੰ ਜੱਜ ਨਿਯੁਕਤ ਕਰਨ ਮੁਸ਼ਕਿਲ ਹੋ ਜਾਵੇਗਾ। ਖਾਲੀ ਅਸਾਮੀਆਂ ਦੀ ਭਾਰੀ ਔਸਤ ਕੋਈ ਨਵਾਂ ਵਰਤਾਰਾ ਨਹੀਂ- ਇਹ ਪਿਛਲੇ ਕਈ ਸਾਲਾਂ ਤੋਂ ਹੈ ਅਤੇ ਉਦੋਂ ਤੱਕ ਜਾਰੀ ਰਹੇਗਾ ਜਿੰਨੀ ਦੇਰ ਨਿਰਣਾਕਾਰ ਮਿਲ ਕੇ ਕੰਮ ਨਹੀਂ ਕਰਦੇ ਅਤੇ ਚੰਗੀ ਯੋਗਤਾ ਵਾਲੇ ਵਕੀਲਾਂ ਨੂੰ ਚੰਗੀਆਂ ਸੇਵਾ ਹਾਲਤਾਂ ਸਹਿਤ ਭਰਤੀ ਨਹੀਂ ਕਰਦੇ। ਬੁਨਿਆਦੀ ਢਾਂਚੇ ਦੀ ਘਾਟ ਨਿਆਂਪਾਲਿਕਾ ਲਈ ਹਮੇਸ਼ਾ ਬਹੁਤ ਵੱਡੀ ਸਮੱਸਿਆ ਬਣੀ ਰਹੀ ਹੈ। ਕੁਝ ਰਾਜਾਂ ਵਿਚ ਜੇ ਪੂਰੀ ਗਿਣਤੀ ਵਿੱਚ ਜੱਜਾਂ ਦੀਆਂ ਅਸਾਮੀਆਂ ਭਰ ਦਿੱਤੀਆਂ ਜਾਣ ਤਾਂ ਉਨ੍ਹਾਂ ਦੇ ਬੈਠਣ ਲਈ ਕਮਰੇ ਹੀ ਨਹੀਂ ਹੋਣਗੇ ਜਿਸ ਨਾਲ ਉਨ੍ਹਾਂ ਨੂੰ ਅਸੁਵਿਧਾ ਹੋਵੇਗੀ। ਦੇਸ਼ ਭਰ ਵਿੱਚ ਬਹੁਤ ਸਾਰੇ ਸੂਬਿਆਂ ਦੀਆਂ ਜ਼ਿਲ੍ਹਾ ਅਦਾਲਤਾਂ ਦਾ ਦੌਰਾ ਕਰਨ ਤੋਂ ਬਾਅਦ ਮੈਂ ਇਹ ਯਕੀਨ ਨਾਲ ਆਖ ਸਕਦਾ ਹਾਂ ਕਿ ਬੁਨਿਆਦੀ ਢਾਂਚੇ ਦੀਆਂ ਸਹੂਲਤਾਂ ਵਿੱਚ ਸੁਧਾਰ ਲਿਆਉਣ ਲਈ ਬਹੁਤ ਕੁਝ ਕਰਨ ਦੀ ਲੋੜ ਹੈ। ਇਹ ਠੀਕ ਹੈ ਕਿ ਦੇਸ਼ ਭਰ ਵਿੱਚ ਸੜਕਾਂ, ਇਮਾਰਤਾਂ ਆਦਿ ਦੇ ਰੂਪ ਵਿੱਚ ਬੁਨਿਆਦੀ ਢਾਂਚੇ ਵਿੱਚ ਸੁਧਾਰ ਲਿਆਉਣ ਲਈ ਵੱਡੇ ਯਤਨ ਕੀਤੇ ਜਾ ਰਹੇ ਹਨ ਪਰ ਵੱਡੇ ਸ਼ਹਿਰਾਂ ਨੂੰ ਛੱਡ ਕੇ ਦੇਸ਼ ਵਿੱਚ ਆਮ ਤੌਰ 'ਤੇ ਅਦਾਲਤਾਂ ਵਿੱਚ ਸੁਧਾਰ ਲਿਆਉਣ ਲਈ ਕੋਈ ਖ਼ਾਸ ਨਕਲੋ-ਹਰਕਤ ਦਿਖਾਈ ਨਹੀਂ ਦਿੰਦੀ। ਇਸ ਨੂੰ ਬਦਲਣ ਦੀ ਲੋੜ ਹੈ ਅਤੇ ਇਸ ਨੂੰ ਫੌਰੀ ਬਦਲਿਆ ਜਾਣਾ ਚਾਹੀਦਾ ਹੈ।

ਆਮ ਤੌਰ 'ਤੇ ਨਿਆਂ ਪ੍ਰਣਾਲੀ ਨੂੰ ਦਰਪੇਸ਼ ਸਮੱਸਿਆਵਾਂ 'ਚੋਂ ਇੱਕ ਸਮੱਸਿਆ ਲੋੜੀਂਦੇ ਬਜਟ ਦੀ ਘਾਟ ਹੈ। ਇੰਡੀਆ ਜਸਟਿਸ ਰਿਪੋਰਟ ਦੇ ਅਧਿਐਨ ਵਿੱਚ ਧਿਆਨ ਦਿਵਾਇਆ ਗਿਆ ਹੈ ਕਿ ਬਜਟ ਰਾਜ ਦੇ ਬਜਟ ਦੇ ਇੱਕ ਫ਼ੀਸਦੀ ਹਿੱਸੇ ਤੋਂ ਵੀ ਘੱਟ ਹੈ। ਇਹ ਗੱਲ ਸਭ ਜਾਣਦੇ ਹਨ ਕਿ ਬਜਟ ਦਾ ਵੱਡਾ ਹਿੱਸਾ ਤਨਖਾਹਾਂ 'ਤੇ ਖਰਚ ਹੋ ਜਾਂਦਾ ਹੈ। ਇਮਾਰਤਾਂ ਹੀ ਨਹੀਂ ਸਗੋਂ ਕੇਸ ਲੜਨ ਵਾਲਿਆਂ ਲਈ ਅਦਾਲਤਾਂ ਵਿੱਚ ਕੁਰਸੀਆਂ ਆਦਿ ਦੀ ਵਿਵਸਥਾ ਦੇ ਰੂਪ ਵਿੱਚ ਬੁਨਿਆਦੀ ਢਾਂਚੇ ਵਿੱਚ ਸੁਧਾਰ ਲਈ ਬਹੁਤ ਥੋੜ੍ਹੇ ਫੰਡ ਬਚਦੇ ਹਨ। ਇਹ ਬਹੁਤ ਵੱਡੀ ਸਮੱਸਿਆ ਹੈ ਅਤੇ ਕੇਸਾਂ ਦਾ ਸਾਹਮਣਾ ਕਰਨ ਵਾਲੇ ਹੀ ਦੱਸ ਸਕਦੇ ਹਨ ਕਿ ਉਨ੍ਹਾਂ ਨਾਲ ਕੀ ਬੀਤਦੀ ਹੈ। ਉਨ੍ਹਾਂ ਤੋਂ ਇਹ ਸਵਾਲ ਕੌਣ ਪੁੱਛੇਗਾ?

ਦੇਸ਼ ਦੇ ਸਾਬਕਾ ਚੀਫ ਜਸਟਿਸ ਨੇ ਦੇਸ਼ ਦੀ ਬਦਤਰ ਹਾਲਤ ਵੱਲ ਜਿਵੇਂ ਧਿਆਨ ਦਿਵਾਇਆ ਹੈ, ਉਸ ਦੇ ਮੱਦੇਨਜ਼ਰ ਸੰਭਾਵੀ ਹੱਲ ਕੀ ਹੋ ਸਕਦੇ ਹਨ? ਮੇਰਾ ਖ਼ਿਆਲ ਹੈ ਕਿ ਹਰੇਕ ਸੂਬੇ ਅੰਦਰ ਵਿਚਾਰ ਗੋਸ਼ਟੀਆਂ ਹੋਣੀਆਂ ਚਾਹੀਦੀਆਂ ਹਨ ਜਿਨ੍ਹਾਂ ਵਿੱਚ ਜੱਜਾਂ, ਵਕੀਲਾਂ, ਕੇਸ ਲੜਨ ਵਾਲਿਆਂ, ਨੌਕਰਸ਼ਾਹਾਂ ਤੇ ਵਿਧਾਇਕਾਂ ਨੂੰ ਹਿੱਸਾ ਲੈਣਾ ਚਾਹੀਦਾ ਅਤੇ ਉਜਾਗਰ ਹੋਈਆਂ ਸਮੱਸਿਆਵਾਂ ਦੇ ਹੱਲ ਤਲਾਸ਼ਣੇ ਚਾਹੀਦੇ ਹਨ। ਸਾਡੀ ਨਿਆਂ ਪ੍ਰਣਾਲੀ ਨੂੰ ਬਸਤੀਵਾਦ ਤੋਂ ਮੁਕਤ ਕਰਨ ਅਤੇ ਇਸ ਦੇ ਭਾਰਤੀਕਰਨ ਦੀਆਂ ਗੱਲਾਂ ਹੋ ਰਹੀਆਂ ਹਨ ਪਰ ਇਹ ਸਭ ਕੁਝ ਤਦ ਹੀ ਸੰਭਵ ਹੋ ਸਕੇਗਾ ਜਦੋਂ ਵੱਖੋ-ਵੱਖਰੀਆਂ ਧਿਰਾਂ ਦਰਮਿਆਨ ਚਰਚਾ ਅਤੇ ਸੰਵਾਦ ਹੋਵੇਗਾ।

ਮੁੱਦਾ ਸਿਰਫ਼ ਹੱਲ ਲੱਭਣ ਦਾ ਨਹੀਂ ਸਗੋਂ ਇਹ ਵੀ ਹੈ ਕਿ ਹੱਲ ਲੱਭ ਕੇ ਉਨ੍ਹਾਂ ਨੂੰ ਪੂਰੀ ਦਿਆਨਤਦਾਰੀ ਨਾਲ ਅਮਲ ਵਿੱਚ ਲਿਆਂਦਾ ਜਾਵੇ; ਨਹੀਂ ਤਾਂ ਉਹ ਉਵੇਂ ਹੀ ਲਾਂਭੇ ਪਏ ਰਹਿਣਗੇ ਜਿਵੇਂ ਬੀਤੇ ਵਿੱਚ ਕਈ ਸਕੀਮਾਂ ਨਾਲ ਹੋਇਆ ਹੈ ਜਿਵੇਂ ਫਾਸਟ ਟਰੈਕ ਕੋਰਟਾਂ, ਵਿਸ਼ੇਸ਼ ਅਦਾਲਤਾਂ, ਵਿਸ਼ੇਸ਼ ਫਾਸਟ ਟਰੈਕ ਕੋਰਟਾਂ ਜਿਹੀਆਂ ਹੋਰ ਕਈ ਸਕੀਮਾਂ। ਕਹਿਣੀ ਦੇ ਨਾਲ ਕਰਨੀ ਵੀ ਜੁੜਨੀ ਜ਼ਰੂਰੀ ਹੁੰਦੀ ਹੈ।

ਵਿਚਾਰ ਗੋਸ਼ਟੀਆਂ ਤੋਂ ਇਲਾਵਾ ਇਹ ਜ਼ਰੂਰੀ ਹੈ ਕਿ ਸਾਰੀਆਂ ਸਬੰਧਿਤ ਧਿਰਾਂ ਇਹ ਗੱਲ ਪ੍ਰਵਾਨ ਕਰਨ ਕਿ ਕੁਝ ਫ਼ਲਦਾਇਕ ਕੰਮ ਕਰਨ ਲਈ ਕੁਝ ਨਾ ਕੁਝ ਹਾਂ ਪੱਖੀ ਕੰਮ ਕੀਤਾ ਜਾਵੇ। 10 ਜਾਂ 15 ਸਾਲਾਂ ਬਾਅਦ ਨਿਆਂ ਹਾਸਿਲ ਕਰਨਾ ਹੀ ਕਾਫ਼ੀ ਨਹੀਂ ਹੁੰਦਾ। ਹਰ ਕੋਈ ਮਹਿਸੂਸ ਕਰ ਰਿਹਾ ਹੈ ਕਿ ਤੁਰਤ-ਫੁਰਤ ਨਿਆਂ ਜਿਹੀ ਕੋਈ ਗੱਲ ਨਹੀਂ ਹੁੰਦੀ ਸਗੋਂ ਨਿਆਂ ਦਿਵਾਉਣ ਵਾਲੀ ਪ੍ਰਣਾਲੀ ਦਾ ਚੁਸਤ-ਦਰੁਸਤ ਅਤੇ ਸਸਤਾ ਹੋਣਾ ਜ਼ਰੂਰੀ ਹੁੰਦਾ ਹੈ। ਜੇ ਅਸੀਂ ਉਸ ਟੀਚੇ ਲਈ ਕਾਰਜਸ਼ੀਲ ਨਹੀਂ ਹੋਵਾਂਗੇ ਤਾਂ ਸਾਬਕਾ ਚੀਫ ਜਸਟਿਸ ਦੇ ਪ੍ਰਗਟ ਕੀਤੇ ਵਿਚਾਰਾਂ ਬਾਰੇ ਅਖ਼ਬਾਰਾਂ ਵਿੱਚ ਚਰਚਾ ਤਾਂ ਹੁੰਦੀ ਰਹੇਗੀ ਤੇ ਕੁਝ ਦਿਨਾਂ ਬਾਅਦ ਸਭ ਕੁਝ ਭੁੱਲ ਭੁਲਾ ਦਿੱਤਾ ਜਾਵੇਗਾ।

**ਪਿਛਲੇ ਸਫ਼ੇ ਦਾ ਬਾਕੀ**

ਸੰਨ1980 'ਚ ਮੈਂ ਪ੍ਰੋਫੈਸਰ ਬਣ ਗਿਆ।ਵਿਭਾਗ ਵਿੱਚ ਐਮ.ਐਸ.ਸੀ,ਐਮ.ਫਿ਼ਲ ਦੇ ਕੋਰਸ ਸ਼ੁਰੂ ਕੀਤੇ ਗਏ।ਇੱਥੇ ਮੈਂ ਡੀਨ ਸਾਇੰਸ ਫੈਕਲਟੀ ਬਣਿਆਂ।ਪੰਜਾਬ ਦੇ ਕਾਲੇ ਦੌਰ ਦਾ ਮੇਰੇ ਵਿਭਾਗ ਦੀ ਕਾਰਗੁਜ਼ਾਰੀ ਉੱਤੇ ਵੀ ਮਾੜਾ ਅਸਰ ਪਿਆ ਸੀ।ਜਦੋਂ ਮੈਂ ਡੀਨ ਵਿਦਿਆਰਥੀ ਭਲਾਈ ਅਤੇ ਅਕਾਦਮਿਕ ਸਾਂ, ਉਦੋਂ ਡਿਊਟੀ ਸਮੇਂ ਮੈਨੂੰ ਅਸੂਲ ਪ੍ਰਸਤ ਹੋਣ ਕਰਕੇ ਕਈ ਮੁਸ਼ਕਲਾਂ ਦਾ ਸਾਮ੍ਹਣਾ ਕਰਨਾ ਪਿਆ।ਸੰਨ 1981 ਤੋਂ 2002 ਤੱਕ ਮੈਂ ਵਿਦੇਸ਼ੀ ਦੌਰੇ ਕਰਦਾ ਰਿਹਾ।

- **ਇੱਥੇ ਤੁਸੀਂ ਕਿਨ੍ਹਾਂ ਪ੍ਰਾਜੈਕਟਾਂ ਤੇ ਖੋਜ ਕਾਰਜ ਕੀਤੇ ?**

– ਮੈਂ ਭੁਚਾਲ਼ਾਂ ਦੀ ਖੋਜ ਕਰਨ ਚੋਖਾ ਕੰਮ ਕੀਤਾ।ਸੰਨ 1984 ਵਿੱਚ ਅਸੀਂ ਰੇਡਾਨ ਗੈਸ ਦੀ ਰਿਕਾਰਡਿੰਗ ਯੂਨੀਵਰਸਿਟੀ ਤੋਂ ਸ਼ੁਰੂ ਕਰਕੇ ਖੋਜ ਦਾ ਦਾਇਰਾ ਹਿਮਾਚਲ ਪ੍ਰਦੇਸ਼ ਵਿੱਚ ਕਾਂਗੜਾ ਵਾਦੀ ਤੱਕ ਫੈਲਾ ਦਿੱਤਾ।ਪਾਲਮਪੁਰ ਖੇਤੀਬਾੜੀ ਯੂਨੀਵਰਸਿਟੀ ਵਿਚ ਸਾਡਾ ਰਿਕਾਰਡਿੰਗ ਸਟੇਸ਼ਨ ਹੁੰਦਾ ਸੀ।ਇੱਥੇ ਮੇਰੇ ਖੋਜ ਵਿਦਿਆਰਥੀ ਬਲਜਿੰਦਰ ਸਿੰਘ ਰੰਧਾਵਾ,ਅਨੰਦ ਸ਼ਰਮਾ,ਵਿਵੇਕ ਵਾਲੀਆ ਕੰਮ ਕਰ ਰਹੇ ਸਨ।

- **ਤੁਸੀਂ ਸੇਵਾ ਮੁਕਤ ਕਦੋਂ ਹੋਏ? ਅੱਜ ਕੱਲ੍ਹ ਕਿੱਥੇ ਰਹਿ ਰਹੇ ਹੋ? ਤੁਹਾਡੇ ਬੱਚੇ ਕਿੱਥੇ ਰਹਿੰਦੇ ਹਨ?**

–ਜੂਨ 2002 ਵਿੱਚ ਮੈਂ ਸੇਵਾ ਮੁਕਤ ਹੋਕੇ ਮੁਹਾਲੀ ਆਕੇ ਵੱਸ ਗਿਆ।ਸਾਡਾ ਪਟਿਆਲੇ ਵਾਲਾ ਘਰ, ਕਿਸੇ ਪੁਲਸੀਏ ਨੇ ਦੱਬ ਲਿਆ ਸੀ।ਉਹ ਘਰ ਵੀ ਮੈਨੂੰ ਮਜਬੂਰੀ ਵੱਸ ਵੇਚਣਾ ਪਿਆ।ਮੇਰੇ ਤਿੰਨ ਪੁੱਤਰ ਵਿਦੇਸ ਵਿੱਚ ਰਹਿੰਦੇ ਹਨ।

- **ਕਦੀ ਅੰਮ੍ਰਿਤਸਰ ਵਿਭਾਗ ਜਾਂਦੇ ਹੋ**

– ਹਾਂ ਮੇਰਾ ਲਗਾਇਆ ਪੌਦਾ 'ਭੌਤਿਕ ਵਿਗਿਆਨ ਵਿਭਾਗ'ਹੁਣ ਪੂਰਾ ਭਰਵਾਂ ਰੁੱਖ ਬਣ ਚੁੱਕਾ ਹੈ। ਪੂਰਾ ਬੁਲੰਦੀਆਂ ਤੇ ਹੈ।ਦੇਖ ਕੇ ਮਨ ਨੂੰ ਖ਼ੁਸ਼ੀ ਹੁੰਦੀ।

- **ਤੁਸੀਂ ਐਨੇ ਵਧੀਆ ਰਿਕਾਰਡ ਦੇ ਹੁੰਦੇ ਸੁੰਦੇ ਉਪ ਕੁਲਪਤੀ ਕਿਉ ਨਹੀਂ ਬਣ ਸਕੇ, ਕੀ ਕਹਿਣਾ ਚਾਹੋਗੇ?**

– ਆਪਣੇ ਸਿਧਾਂਤ ਤਿਆਗ ਕੇ ਚਾਪਲੂਸੀ ਅਤੇ ਸੌਦੇਬਾਜ਼ੀ ਦਾ ਗੁਣ ਮੇਰੇ ਵਿੱਚ ਨਹੀਂ ਸੀ।ਨਹੀਂ ਤਾਂ ਸਿਆਸਤ ਦੀ ਪੌੜੀ ਚੜ੍ਹ ਕੇ ਕਈ ਨਿਕੰਮੇ ਲੋਕ ਵੀ ਕਈ ਵਾਰ ਟੀਸੀ ਤੇ ਪਹੁੰਚ ਜਾਂਦੇ ਹਨ।

- **ਆਪਣੇ ਕਾਰਜ ਕਾਲ ਦੌਰਾਨ ਤੁਹਾਨੂੰ ਕਈ ਮਾਨ ਸਨਮਾਨ ਵੀ ਮਿਲੇ ਹੋਣਗੇ? ਕੁਝ ਖ਼ਾਸ ਸਨਮਾਨਾਂ ਦਾ ਜਕਿਰ ਕਰੋ।**

– ਮੈਨੂੰ ਮਿਲੇ ਸਨਮਾਨਾਂ ਵਿੱਚੋਂ ਪ੍ਰਮੁੱਖ ਇਨਾਮਾਂ ਦਾ ਸੰਖੇਪ ਜਕਿਰ ਕਰਾਂਗਾ।ਮੈਨੂੰ ਵਿਗਿਆਨ ਸਾਹਿਤ ਦਾ ਸ੍ਰੋਮਣੀ ਅਵਾਰਡ ਸੰਨ 1993 'ਚ ਭਾਸ਼ਾ ਵਿਭਾਗ ਪੰਜਾਬ ਵੱਲੋਂ ਦਿੱਤਾ ਗਿਆ।ਪੰਜਾਬੀ ਸਾਹਿਤ ਅਕਾਦਮੀ ਲੁਧਿਆਣਾ ਵੱਲੋਂ ਮੈਨੂੰ ਸੰਨ 2000 'ਚ ਕਰਤਾਰ ਸਿੰਘ ਧਾਲੀਵਾਲ ਐਵਾਰਡ ਦੇਕੇ ਨਿਵਾਜਿਆ ਗਿਆ।

- **ਤੁਹਾਡੀ ਖੋਜ ਦੇ ਖੇਤਰ ਕਿਹੜੇ ਕਿਹੜੇ ਰਹੇ ਹਨ?**

ਨਿਊਕਲੀਅਰ ਅਤੇ ਰੇਡੀਏਸ਼ਨ ਫਿਜਿਕਸ, ਸੀਸਮਾਲੋਜੀ, ਨੈਨੋਟੈਕਨਾਲੋਜੀ, ਵਾਤਾਵਰਨ ਵਿਗਿਆਨ, ਵਿਗਿਆਨ ਦਾ ਇਤਿਹਾਸ ਅਤੇ ਦਰਸ਼ਨ ਮੇਰੇ ਖੋਜ ਅਧਿਐਨ ਦੇ ਵਿਸ਼ੇਸ਼ ਖੇਤਰ ਰਹੇ ਹਨ।

- **ਕੀ ਵਿਗਿਆਨ ਨੂੰ ਮਾਤ-ਭਾਸ਼ਾ ਵਿੱਚ ਪੜ੍ਹਾਇਆ ਜਾਣਾ ਚਾਹੀਦਾ ਹੈ? ਜੇ ਹਾਂ ਤਾਂ ਕਿਸ ਜਮਾਤ ਤੱ**

– ਵਿਗਿਆਨਕ ਵਿਸਿਆਂ ਨੂੰ ਮਾਤਭਾਸ਼ਾ ਵਿੱਚ ਪੜ੍ਹਾਇਆ ਜਾਣਾ ਬੜਾ ਜ਼ਰੂਰੀ ਹੈ।ਜੋ ਸੰਕਲਪ ਮਾਤ ਭਾਸ਼ਾ ਵਿੱਚ ਸਿੱਖੇ ਜਾਂ ਸਮਝੇ ਜਾ ਸਕਦੇ ਹਨ, ਹੋਰ ਕਿਸੇ ਭਾਸ਼ਾ ਵਿੱਚ ਨਹੀਂ ਸਿੱਖੇ ਜਾ ਸਕਦੇ।ਘੱਟੋ-ਘੱਟ ਬਾਰ੍ਹਵੀਂ ਤੱਕ ਵਿਗਿਆਨਿਕ ਵਿਸ਼ੇ ਪੰਜਾਬੀ ਵਿੱਚ ਪੜ੍ਹਾਏ ਜਾਣ।

- **ਅੱਜ ਗਿਆਨ ਵਿਗਿਆਨ ਸਾਹਿਤ ਦੀ ਸਥਿਤੀ ਕੀ ਹੈ? ਕੌਣ ਵਧੀਆ ਲਿਖ ਰਹੇ ਹਨ? ਇਸ ਵਿੱਚ ਕੀ ਕੀ ਹੋਰ ਹੋਣਾ ਚਾਹੀਦਾ ਹੈ।**

– ਇਸ ਖੇਤਰ ਵਿੱਚ ਕਈ ਲੇਖਕ ਨਿੱਠ ਕੇ ਕੰਮ ਕਰ ਰਹੇ ਹਨ।ਡਾ.ਡੀ.ਪੀ. ਸਿੰਘ, ਵਿਦਵਾਨ ਸਿੰਘ ਸੋਨੀ, ਹਰੀ ਕ੍ਰਿਸ਼ਨ ਮਾਇਰ, ਸਤਵੰਤ ਕਲੋਟੀ, ਤੇ ਕਈ ਹੋਰ ਵਧੀਆ ਲਿਖ ਰਹੇ ਹਨ।ਗਿਆਨ ਦੀ ਤੇਜ ਰਫ਼ਤਾਰ ਦੇ ਨਾਲ ਨਾਲ ਪੰਜਾਬੀ ਵਿਗਿਆਨ ਸਾਹਿਤ ਅਜੇ ਕਾਫ਼ੀ ਪਿੱਛੇ ਹੈ।

- **ਅੱਜ ਕੱਲ ਕੀ ਸਰਗਰਮੀਆਂ ਹਨ?**

– ਕੁਝ ਸਮਾਂ ਪਹਿਲਾਂ ਮੇਰੀ ਸਵੈ ਜੀਵਨੀ ਅੰਗਰੇਜ਼ੀ ਅਤੇ ਪੰਜਾਬੀ ਵਿੱਚ ਪ੍ਰਕਾਸ਼ਤ ਹੋਈ ਹੈ।ਉਸ ਵਿੱਚ ਮੇਰੇ ਜੀਵਨ ਦੇ ਸਾਰੇ ਪੱਖ ਉਜਾਗਰ ਹੋਏ ਹਨ।ਪੰਜਾਬ ਦੇ ਪ੍ਰਦੂਸ਼ਤ ਪਾਣੀ ਦੀ ਸਮੱਸਿਆ ਉੱਪਰ ਮੇਰਾ ਖੋਜ ਕਾਰਜ ਜਾਰੀ 9HdFray International Sustainability Award was conferred on me in 2022 in Phuket (Thailand) for my research in this area.

- **ਨਵਾਂ ਜ਼ਮਾਨਾ ਦੇ ਪਾਠਕਾਂ ਨਾਲ ਕੋਈ ਅਨੁਭਵ, ਸੰਦੇਸ਼ ਦੇਣਾ ਚਾਹੋਗੇ?**

– ਮੈਂ ਇਹ ਕਹਿਣਾ ਚਾਹਾਂਗਾ ਕਿ ਬੁਰੇ ਤੋਂ ਬੁਰਾ ਵਕਤ ਨਿਕਲ ਜਾਂਦਾ ਹੈ, ਇਨਸਾਨ ਨੂੰ ਹਿੰਮਤ ਨਹੀਂ ਹਾਰਨੀ ਚਾਹੀਦੀ।ਤੁਰ ਪਓਗੇ ਤਾਂ ਕਿਤੇ ਪਹੁੰਚ ਹੀ ਜਾਓਗੇ। ਦ੍ਰਿੜ ਇਰਾਦੇ ਜਿੱਤ ਦੇ ਪ੍ਰਤੀਕ ਹੁੰਦੇ ਹਨ। ਜੰਦਿਗੀ ਵਿੱਚ ਵਿਗਿਆਨਿਕ ਨਜ਼ਰੀਆ ਅਪਣਾਓ ਨਾਂ ਕਿ ਦਕੀਆਨੂਸੀ ਟੂਣੇ ਸਬੂਤਾਂ ਅਤੇ ਜਾਦੂ ਮੰਤਰਾਂ ਵਾਲਾ।

ਈ. ਮੇਲ: mayer-hk@yahoo.com

JARNAIL SINGH



ART CLASSES
604-825-4659
604-724-6922
604-595-5885
#106- 12882-85 Ave. Surrey




# ਗਿਆਨ-ਵਿਗਿਆਨ-ਪ੍ਰਕਾਸ਼ ਅਤੇ ਇਸ ਨਾਲ ਜੁੜੇ ਤੱਥ

ਗੁਰਪ੍ਰੀਤ ਸਿੰਘ ਬੇਗੋਵਾਲ, (ਸਾਇੰਸ ਮਾਸਟਰ)
ਮੋਬਾਈਲ : 98760-90961

ਵਿਗਿਆਨ ਵਿਸ਼ਾ ਬਹੁਤ ਹੀ ਦਿਲਚਸਪ ਵਿਸ਼ਾ ਹੈ। ਇਸ ਨੂੰ ਅਸੀਂ ਆਪਣੀ ਜ਼ਿੰਦਗੀ ਨਾਲ ਜੋੜ ਕੇ ਸੌਖਿਆਂ ਹੀ ਸਮਝ ਸਕਦੇ ਹਾਂ। ਵਿਦਿਆਰਥੀ ਜੀਵਨ 'ਚ ਵਿਗਿਆਨ ਦੇ ਸੰਕਲਪ (ਟਾਪਿਕ) ਸਿਰਫ਼ ਪੜ੍ਹਨ ਤੱਕ ਹੀ ਸੀਮਤ ਰਹਿੰਦਾ ਹੈ, ਅਸੀਂ ਉਨ੍ਹਾਂ ਸੰਕਲਪਾਂ ਦੇ ਬਾਰੇ ਗੱਲਬਾਤ ਕਰਾਂਗੇ।

### ਪ੍ਰਕਾਸ਼ ਕੀ ਹੈ?

ਪ੍ਰਕਾਸ਼ ਆਪਣੇ ਆਪ 'ਚ ਵਿਚ ਕੁਝ ਵੀ ਨਹੀਂ, ਪਰ ਇਹ ਸਾਨੂੰ ਦੂਸਰੀਆਂ ਵਸਤਾਂ ਵੇਖਣ 'ਚ ਮਦਦ ਕਰਦਾ ਹੈ। ਪ੍ਰਕਾਸ਼ ਨੂੰ ਅਸੀਂ ਵੇਖ ਨਹੀਂ ਸਕਦੇ ਪਰ ਪ੍ਰਕਾਸ਼ ਕਰਕੇ ਹੀ ਆਲੇ-ਦੁਆਲੇ ਦੀਆਂ ਵਸਤੂਆਂ ਵੇਖਦੇ ਹਾਂ। ਸੂਰਜ, ਕਿ ਪ੍ਰਕਾਸ਼ ਦਾ ਇਕ ਕੁਦਰਤੀ ਸਰੋਤ ਹੈ। ਸੂਰਜ ਦਾ ਪ੍ਰਕਾਸ਼ ਸਫੈਦ ਪ੍ਰਕਾਸ਼ ਹੁੰਦਾ ਹੈ। ਇਹ ਸਫੈਦ ਪ੍ਰਕਾਸ਼ ਸੱਤ ਰੰਗਾਂ ਤੋਂ ਮਿਲ ਕੇ ਬਣਿਆ ਹੋਇਆ ਹੈ। ਇਹ ਰੰਗ ਹਨ ਬੈਂਗਣੀ, ਜਾਮਨੀ, ਨੀਲਾ, ਹਰਾ, ਪੀਲਾ, ਸੰਤਰੀ ਅਤੇ ਲਾਲ ਰੰਗ ਭਾਵ ਜੇ ਇਹ ਸੱਤ ਰੰਗ ਆਪਸ 'ਚ ਮਿਲਾ ਦਿੱਤੇ ਜਾਣ ਤਾਂ ਸਫੈਦ ਪ੍ਰਕਾਸ਼ ਬਣ ਜਾਵੇਗਾ। ਜਦੋਂ ਪ੍ਰਕਾਸ਼ ਦੀ ਕਿਰਨ ਕੱਚ ਦੀ ਪ੍ਰਿਜ਼ਮ ਵਿਚੋਂ ਲੰਘਦੀ ਹੈ ਤਾਂ ਉਹ ਇਨ੍ਹਾਂ ਸੱਤ ਰੰਗਾਂ 'ਚ ਟੁੱਟ ਜਾਂਦੀ ਹੈ, ਇਹ ਵਰਤਾਰਾ ਉਸੇ ਤਰ੍ਹਾਂ ਹੁੰਦਾ ਹੈ ਜਿਵੇਂ ਪਾਣੀ ਉੱਪਰ ਸੂਰਜ ਦੀ ਰੌਸ਼ਨੀ ਪੈਂਦੀ ਹੈ ਤਾਂ ਉਸ ਦੀ ਲਿਸ਼ਕੋਰ ਵੱਖ-ਵੱਖ ਰੰਗਾਂ 'ਚ ਟੁੱਟ ਜਾਂਦੀ ਹੈ।

ਦਿਨ ਦੇ ਸਮੇਂ ਅਸੀਂ ਕਮਰੇ 'ਚ ਵਸਤਾਂ ਆਸਾਨੀ ਨਾਲ ਵੇਖ ਸਕਦੇ ਹਾਂ, ਪਰ ਰਾਤ ਨੂੰ ਹਨੇਰੇ ਕਾਰਨ ਅਸੀਂ ਉਹ ਵਸਤਾਂ ਨਹੀਂ ਵੇਖ ਸਕਦੇ। ਇਸ ਦਾ ਕਾਰਨ ਹੈ ਰਾਤ ਦੇ ਸਮੇਂ ਪ੍ਰਕਾਸ਼ ਮੌਜੂਦ ਨਹੀਂ ਹੁੰਦਾ। ਪ੍ਰਕਾਸ਼ ਹੀ ਸਾਨੂੰ ਸਾਡੇ ਆਲੇ-ਦੁਆਲੇ ਦੀਆਂ ਵਸਤਾਂ ਵੇਖਣ 'ਚ ਮਦਦ ਕਰਦਾ ਹੈ। ਇਸ ਤੋਂ ਬਿਨਾਂ ਅਸੀਂ ਕੁਝ ਵੀ ਨਹੀਂ ਵੇਖ ਸਕਦੇ। ਜਦੋਂ ਪ੍ਰਕਾਸ਼ ਦੀ ਕਿਰਨ ਕਿਸੇ ਚਮਕਦਾਰ ਸਤਾ ਉੱਤੇ ਪੈਂਦੀ ਹੈ ਤਾਂ ਉਹ ਉਸੇ ਮਾਧਿਅਮ (ਉਸੇ ਰਸਤੇ) 'ਚ ਵਾਪਸ ਆ ਜਾਂਦੀ ਹੈ। ਇਸ ਨੂੰ ਪ੍ਰਕਾਸ਼ ਦਾ ਪਰਾਵਰਤਨ ਕਹਿੰਦੇ ਹਨ। ਇਹ ਵਰਤਾਰਾ ਬਿਲਕੁਲ ਉਸੇ ਤਰ੍ਹਾਂ ਹੈ, ਜਦੋਂ ਛੋਟੇ ਹੁੰਦੇ ਅਸੀਂ ਸਟੀਲ ਦੇ ਥਾਲ ਨੂੰ ਧੁੱਪ 'ਚ ਕਰਕੇ ਇਕ-ਦੂਜੇ ਦੇ ਮੂੰਹ ਉੱਤੇ ਲਿਸ਼ਕੋਰ ਮਾਰਿਆ ਕਰਦੇ ਸੀ।

ਜਦੋਂ ਪ੍ਰਕਾਸ਼ ਦੀ ਕਿਰਨ ਕਿਸੇ ਵਸਤੂ ਉੱਪਰ ਪੈਂਦੀ ਹੈ ਤਾਂ ਉਹ ਵਸਤੂ ਸਫੈਦ ਪ੍ਰਕਾਸ਼ ਦੇ ਸੱਤ ਰੰਗਾਂ 'ਚੋਂ ਜਿਹੜਾ ਰੰਗ ਪਰਾਵਰਤਿਤ (ਟਕਰਾ ਕੇ ਵਾਪਸ ਆਉਂਦੀ ਹੈ) ਕਰਦੀ ਹੈ, ਉਹ ਉਸ ਵਸਤੂ ਦਾ ਅਸਲ ਰੰਗ ਹੁੰਦਾ ਹੈ। ਵਸਤੂ ਦੁਆਰਾ ਪਰਾਵਰਤਿਤ ਕੀਤਾ ਰੰਗ ਸਾਡੀਆਂ ਅੱਖਾਂ ਵਿਚਲੀਆਂ ਰੈਟਿਨਾ ਉੱਤੇ ਪ੍ਰਤੀਬਿੰਬ (ਉਸ ਦੀ ਫੋਟੋ) ਬਣਾਉਂਦਾ ਹੈ, ਫਿਰ ਇਹ ਸੰਦੇਸ਼ ਨਾੜਾਂ ਰਾਹੀਂ ਦਿਮਾਗ਼ ਤੱਕ ਪਹੁੰਚਦਾ




ਹੈ, ਦਿਮਾਗ਼ ਉਸ ਸੰਦੇਸ਼ ਦੀ ਪਰਖ ਕਰਦਾ ਹੈ ਫਿਰ ਅਸੀਂ ਸਾਡੀਆਂ ਅੱਖਾਂ ਦੁਆਰਾ ਵੇਖੀ ਵਸਤੂ ਪਛਾਣ ਜਾਂਦੇ ਹਾਂ।

1. ਅਸੀਂ ਸਾਰਿਆਂ ਨੇ ਪੜ੍ਹਿਆ ਹੈ ਕਿ ਪ੍ਰਕਾਸ਼ ਦੀ ਗਤੀ 3×10^8 ਮੀਟਰ ਸੈਕਿੰਡ ਹੁੰਦੀ ਹੈ, ਜਿਸ ਨੂੰ ਕਿ ਅਸੀਂ 300000000 ਮੀਟਰ ਪ੍ਰਤੀ ਸੈਕਿੰਡ ਲਿਖ ਸਕਦੇ ਹਾਂ, ਇਸ ਨੂੰ 3000 ਲੱਖ ਮੀਟਰ ਪ੍ਰਤੀ ਸੈਕਿੰਡ ਵੀ ਲਿਖ ਸਕਦੇ ਹਾਂ, ਜਿਸ ਦਾ ਮਤਲਬ ਹੈ ਪ੍ਰਕਾਸ਼ ਦੀ ਗਤੀ 3 ਲੱਖ ਕਿਲੋਮੀਟਰ ਪ੍ਰਤੀ ਸੈਕਿੰਡ ਹੈ। ਅਸੀਂ ਪ੍ਰਕਾਸ਼ ਦੀ ਇਸ ਗਤੀ ਨੂੰ ਸਾਡੀ ਮੋਟਰਸਾਈਕਲ ਦੀ ਗਤੀ (ਜੋ ਆਮ ਤੌਰ 'ਤੇ 100 ਕਿਲੋਮੀਟਰ ਪ੍ਰਤੀ ਸੈਕਿੰਡ) ਹੁੰਦੀ ਹੈ, ਦੇ ਨਾਲ ਤੁਲਨਾ ਕਰ ਕੇ ਸਮਝ ਸਕਦੇ ਹਾਂ ਕਿ ਪ੍ਰਕਾਸ਼ ਦੀ ਗਤੀ ਕਿੰਨੀ ਜ਼ਿਆਦਾ ਹੈ।
2. ਬਾਰਿਸ਼ ਤੋਂ ਬਾਅਦ ਬਣਨ ਵਾਲੀ ਸਤਰੰਗੀ ਪੀਂਘ ਅਸੀਂ ਸਾਰਿਆਂ ਨੇ ਦੇਖੀ ਹੈ। ਜਦੋਂ ਪ੍ਰਕਾਸ਼ ਦੀ ਕਿਰਨ ਕੱਚ ਦੇ ਪ੍ਰਿਜ਼ਮ ਵਚੋਂ ਲੰਘਦੀ ਹੈ ਤਾਂ ਇਹ ਇਨ੍ਹਾਂ ਸੱਤ ਰੰਗਾਂ 'ਚ ਟੁੱਟ ਜਾਂਦੀ ਹੈ, ਇਸ ਨੂੰ ਪ੍ਰਕਾਸ਼ ਦਾ ਵਰਣ ਵਿਖੇਪਣ ਕਹਿੰਦੇ ਹਨ। ਬਾਰਿਸ਼ ਤੋਂ ਬਾਅਦ ਵਾਤਾਵਰਨ 'ਚ ਪਾਣੀ ਦੀਆਂ ਛੋਟੀਆਂ ਬੂੰਦਾਂ ਲਟਕ ਰਹੀਆਂ ਹੁੰਦੀਆਂ ਹਨ, ਜੋ ਕਿ ਇਕ ਪ੍ਰਿਜ਼ਮ ਦਾ ਕੰਮ ਕਰ ਰਹੀਆਂ ਹੁੰਦੀਆਂ ਹਨ, ਸੂਰਜ ਦਾ ਪ੍ਰਕਾਸ਼ ਜਦੋਂ ਉਨ੍ਹਾਂ ਪਾਣੀ ਦੀਆਂ ਬੂੰਦਾਂ ਉੱਪਰ ਪੈਂਦਾ ਹੈ ਤਾਂ ਸੂਰਜ ਦਾ ਪ੍ਰਕਾਸ਼ ਸੱਤ ਰੰਗਾਂ 'ਚ ਟੁੱਟ ਜਾਂਦਾ ਹੈ ਅਤੇ ਸਾਨੂੰ ਸਤਰੰਗੀ ਪੀਂਘ ਦੇ ਰੂਪ 'ਚ ਨਜ਼ਰ ਆਉਂਦਾ ਹੈ।
3. ਬਾਰਿਸ਼ ਦੌਰਾਨ ਬਿਜਲੀ ਲਿਸ਼ਕਣ ਕਾਰਨ ਪੈਦਾ ਹੋਇਆ ਪ੍ਰਕਾਸ਼ ਸਾਨੂੰ ਪਹਿਲਾਂ ਨਜ਼ਰ ਆਉਂਦਾ ਹੈ ਅਤੇ ਬੱਦਲਾਂ ਦੇ ਗਰਜਣ ਕਾਰਨ ਪੈਦਾ ਹੋਈ ਆਵਾਜ਼ ਬਾਅਦ 'ਚ ਸੁਣਾਈ ਦਿੰਦੀ ਹੈ। ਇਸ ਦਾ ਕਾਰਨ ਹੈ ਬਿਜਲੀ ਲਿਸ਼ਕਣ ਦੌਰਾਨ ਜੋ ਪ੍ਰਕਾਸ਼ ਅਸੀਂ ਦੇਖਦੇ ਹਾਂ ਉਸ ਦੀ ਗਤੀ ਬੱਦਲ ਗਰਜਣ ਕਾਰਨ ਪੈਦਾ ਹੋਈ ਆਵਾਜ਼ ਦੀ ਗਤੀ ਤੋਂ ਜ਼ਿਆਦਾ ਹੈ। ਪ੍ਰਕਾਸ਼ ਦੀ ਗਤੀ 3000 ਲੱਖ ਮੀਟਰ ਪ੍ਰਤੀ ਸੈਕਿੰਡ ਹੈ, ਪ੍ਰੰਤੂ ਆਵਾਜ਼ (ਧੁਨੀ) ਦੀ ਗਤੀ 343 ਮੀਟਰ ਪ੍ਰਤੀ ਸੈਕਿੰਡ ਹੈ। ਇਹੀ ਕਾਰਨ ਹੈ ਕਿ ਬਾਰਿਸ਼ ਦੌਰਾਨ ਅਸੀਂ ਬਿਜਲੀ ਲਿਸ਼ਕਣ ਕਾਰਨ ਪ੍ਰਕਾਸ਼ ਪਹਿਲਾਂ ਦੇਖਦੇ ਹਾਂ ਅਤੇ ਬੱਦਲਾਂ ਦੇ ਗਰਜਣ ਕਾਰਨ ਪੈਦਾ ਹੋਈ ਆਵਾਜ਼ ਬਾਅਦ 'ਚ ਸੁਣਾਈ ਦਿੰਦੀ ਹੈ।

# ਚੰਗੀਆਂ ਆਦਤਾਂ ਅਪਣਾਓ

ਲੇਖਕ :ਮੈਡਮ ਰਜਨੀ ਧਰਮਾਣੀ, ਸ੍ਰੀ ਅਨੰਦਪੁਰ ਸਾਹਿਬ।




ਪਿਆਰੇ ਬੱਚਿਓ, ਤੁਸੀਂ ਸਕੂਲ ਵਿਚ ਆਪਣੇ ਅਧਿਆਪਕਾਂ ਪਾਸੋਂ ਅਤੇ ਆਪਣੇ ਮਾਤਾ-ਪਿਤਾ ਪਾਸੋਂ ਹਮੇਸ਼ਾ ਚੰਗੀਆਂ ਗੱਲਾਂ ਤੇ ਚੰਗੀਆਂ ਆਦਤਾਂ ਬਾਰੇ ਜ਼ਰੂਰ ਸੁਣਦੇ ਹੋਵੋਗੇ। ਬੱਚਿਓ! ਸਾਨੂੰ ਜ਼ਿੰਦਗੀ ਵਿਚ ਕਾਮਯਾਬ ਹੋਣ ਲਈ ਆਪਣੇ ਅਧਿਆਪਕਾਂ ਤੇ ਮਾਤਾ-ਪਿਤਾ ਵਲੋਂ ਦੱਸੀਆਂ ਹੋਈਆਂ ਚੰਗੀਆਂ ਆਦਤਾਂ ਨੂੰ ਜ਼ਰੂਰ ਅਪਨਾਉਣਾ ਚਾਹੀਦਾ ਹੈ ਅਤੇ ਉਨ੍ਹਾਂ 'ਤੇ ਅਮਲ ਕਰਨਾ ਚਾਹੀਦਾ ਹੈ। ਇਕ ਛੋਟੀ ਜਿਹੀ ਗੱਲ.... ਕਈ ਵਾਰ ਬੱਚੇ ਆਮ ਤੌਰ 'ਤੇ ਆਪਣੇ ਨੱਕ, ਕੰਨ, ਅੱਖ, ਮੂੰਹ ਆਦਿ ਵਿਚ ਵਾਰ-ਵਾਰ ਉਂਗਲੀ ਪਾਉਂਦੇ ਰਹਿੰਦੇ ਹਨ। ਬੱਚਿਓ ! ਇਸ ਤਰ੍ਹਾਂ ਨਹੀਂ ਕਰਨਾ ਚਾਹੀਦਾ। ਇਸ ਤਰ੍ਹਾਂ ਕਰਨ ਨਾਲ ਕਈ ਤਰ੍ਹਾਂ ਦੇ ਕੀਟਾਣੂ ਸਾਡੇ ਸਰੀਰ ਵਿਚ ਦਾਖ਼ਲ ਹੋ ਸਕਦੇ ਹਨ ਅਤੇ ਅਸੀਂ ਬਿਮਾਰ ਹੋ ਸਕਦੇ ਹਾਂ। ਬੱਚਿਓ! ਇਸ ਤਰ੍ਹਾਂ ਕਰਨ ਨਾਲ ਸਾਡੀ ਤੰਦਰੁਸਤੀ, ਸਾਡੀ ਸਿਹਤ ਤੇ ਸਾਡੀ ਪੜ੍ਹਾਈ ਪ੍ਰਭਾਵਿਤ ਹੁੰਦੀ ਹੈ। ਸਾਨੂੰ ਕਦੇ ਵੀ ਆਪਣੇ ਹੱਥਾਂ ਦੀਆਂ ਉਂਗਲੀਆਂ ਆਪਣੇ ਕੰਨਾਂ, ਅੱਖਾਂ, ਮੂੰਹ ਅਤੇ ਨੱਕ ਵਿਚ ਨਹੀਂ ਪਾਉਣੀਆਂ ਚਾਹੀਦੀਆਂ। ਇਹ ਬਹੁਤ ਬੁਰੀ ਆਦਤ ਹੈ। ਸਾਨੂੰ ਹਮੇਸ਼ਾ ਅਧਿਆਪਕਾਂ ਵਲੋਂ ਦੱਸੀਆਂ ਹੋਈਆਂ ਚੰਗੀਆਂ ਆਦਤਾਂ ਅਪਣਾਉਣੀਆਂ ਚਾਹੀਦੀਆਂ ਹਨ। ਸਾਨੂੰ ਹਰ ਰੋਜ਼ ਜਲਦੀ ਉੱਠ ਕੇ ਸਵੇਰ ਦੀ ਸੈਰ ਕਰਨੀ ਚਾਹੀਦੀ ਹੈ। ਹਰ ਰੋਜ਼ ਇਸ਼ਨਾਨ ਕਰਨਾ ਚਾਹੀਦਾ ਹੈ। ਦੰਦਾਂ ਨੂੰ ਬਰੱਸ਼ ਕਰਨਾ ਚਾਹੀਦਾ ਹੈ। ਭੋਜਨ ਖਾਣ ਤੋਂ ਪਹਿਲਾਂ ਹੱਥ ਚੰਗੀ ਤਰ੍ਹਾਂ ਸਾਬਣ ਨਾਲ ਧੋ ਲੈਣੇ ਚਾਹੀਦੇ ਹਨ। ਆਪਣੇ ਮਾਤਾ-ਪਿਤਾ ਅਤੇ ਅਧਿਆਪਕ ਵਲੋਂ ਦੱਸੀਆਂ ਗਈਆਂ ਚੰਗੀਆਂ ਆਦਤਾਂ ਨੂੰ ਅਪਨਾਉਣਾ ਚਾਹੀਦਾ ਹੈ। ਜੇਕਰ ਤੁਸੀਂ ਇਸ ਤਰ੍ਹਾਂ ਕਰੋਗੇ ਤਾਂ ਜ਼ਿੰਦਗੀ ਵਿਚ ਬਹੁਤ ਤਰੱਕੀ ਕਰੋਗੇ।

## ਕੀ ਤੁਸੀਂ ਹੇਠਾਂ ਦਿੱਤੀ ਸ਼ਬਦ ਪਹੇਲੀ ਨੂੰ ਹੱਲ ਕਰ ਸਕਦੇ ਹੋ?

### Time

| | | | | | | | | | |
|---|---|---|---|---|---|---|---|---|---|
| D | A | Y | F | E | U | N | I | M | C |
| L | I | M | U | R | T | N | D | K | L |
| L | P | W | T | U | E | U | I | C | O |
| E | R | A | E | R | A | S | A | L | R |
| N | E | T | C | E | N | T | P | A | U |
| N | S | C | H | Y | R | U | D | S | O |
| I | E | N | Y | E | A | R | N | T | H |
| U | M | T | K | E | E | W | O | S | M |
| R | A | D | N | P | E | R | C | E | O |
| C | A | L | E | D | O | I | H | T | N |

Find all the words from the word list (ignore spaces and dashes, if any):

| | |
|---|---|
| CALENDAR | MONTH |
| CENTURY | PAST |
| CLOCK | PERIOD |
| DAY | PRESENT |
| ERA | SECOND |
| FUTURE | SUNDIAL |
| HOUR | WATCH |
| MILLENNIUM | WEEK |
| MINUTE | YEAR |

## ਬਿੰਦੂ ਮਿਲਾਓ



## ਰਸਤਾ ਲੱਭੋ



## ਪਹੇਲੀ ਹੱਲ ਕਰੋ

ਕੀ ਤੁਸੀਂ ਦੱਸ ਸਕਦੇ ਹੋ ਕਿ ਹੇਠਾਂ ਦਿੱਤੀ ਪਹੇਲੀ ਵਿਚੋਂ ਹਰੇਕ ਵੱਖ ਵੱਖ ਚੀਜ਼ਾਂ ਦਾ ਭਾਰ ਦੱਸ ਸਕਦੇ ਹੋ?

1. 4 + 1 + 3 = ☐
2. 9 + 3 − ☐ = 10
3. 8 − 6 − 1 = ☐
4. 7 − ☐ + 5 = 6
5. 5 − 2 + ☐ = 8

4 + 6 + 5 = ☐

8 − 3 − 1 = ☐

# ਭਾਰਤੀ ਸਮਾਜ ਵਿੱਚ ਮਾਹਵਾਰੀ ਨੂੰ ਅਜੇ ਵੀ ਕਲੰਕਿਤ ਕਿਉਂ ਮੰਨਿਆ ਜਾਂਦਾ ਹੈ?

ਲੇਖਕ : ਪ੍ਰਿਯੰਕਾ ਸੌਰਭ
ਸੰਪਰਕ: 98140-67632

ਮਾਹਵਾਰੀ ਕਈ ਸੱਭਿਆਚਾਰਾਂ ਵਿੱਚ ਇੱਕ ਵਰਜਿਤ ਵਿਸ਼ਾ ਬਣਿਆ ਹੋਇਆ ਹੈ, ਮੁੱਖ ਤੌਰ 'ਤੇ ਲੰਬੇ ਸਮੇਂ ਤੋਂ ਚੱਲੇ ਆ ਰਹੇ ਸੱਭਿਆਚਾਰਕ ਵਿਸ਼ਵਾਸਾਂ, ਨਾਕਾਫ਼ੀ ਖੁੱਲ੍ਹੇ ਸੰਚਾਰ ਅਤੇ ਲਿੰਗ ਅਸਮਾਨਤਾ ਦੇ ਕਾਰਨ। ਇਸ ਦੇ ਨਤੀਜੇ ਵਜੋਂ ਸ਼ਰਮ, ਗੁਪਤਤਾ ਅਤੇ ਮਾਹਵਾਰੀ ਸਿਹਤ ਬਾਰੇ ਜ਼ਰੂਰੀ ਸਰੋਤਾਂ ਅਤੇ ਸਿੱਖਿਆ ਤੱਕ ਸੀਮਤ ਪਹੁੰਚ ਦੀਆਂ ਭਾਵਨਾਵਾਂ ਪੈਦਾ ਹੁੰਦੀਆਂ ਹਨ। ਭਾਰਤ ਵਿੱਚ, ਮਾਹਵਾਰੀ ਅਕਸਰ ਮਹੱਤਵਪੂਰਨ ਸੱਭਿਆਚਾਰਕ ਵਰਜਿਤਾਂ ਨਾਲ ਜੁੜੀ ਹੁੰਦੀ ਹੈ, ਜਿਸ ਨਾਲ ਬੇਦਖਲੀ, ਗਲਤ ਜਾਣਕਾਰੀ ਅਤੇ ਸਿਹਤ 'ਤੇ ਮਾੜੇ ਪ੍ਰਭਾਵ ਪੈ ਸਕਦੇ ਹਨ। ਭਾਵੇਂ ਪ੍ਰਗਤੀਸ਼ੀਲ ਨੀਤੀਆਂ ਪੇਸ਼ ਕੀਤੀਆਂ ਜਾ ਰਹੀਆਂ ਹਨ, ਪਰ ਸਫਲ ਲਾਗੂਕਰਨ ਲਈ ਇਨ੍ਹਾਂ ਨੂੰ ਸੱਭਿਆਚਾਰਕ ਸੰਵੇਦਨਸ਼ੀਲਤਾ ਨਾਲ ਜੋੜਨਾ ਮਹੱਤਵਪੂਰਨ ਹੈ।

ਔਰਤਾਂ ਨੂੰ ਅਕਸਰ ਮੰਦਰਾਂ, ਰਸੋਈਆਂ ਅਤੇ ਸਮਾਜਿਕ ਇਕੱਠਾਂ ਵਰਗੀਆਂ ਥਾਵਾਂ 'ਤੇ ਪਾਬੰਦੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ, ਜੋ ਵਿਤਕਰੇ ਨੂੰ ਵਧਾਉਂਦਾ ਹੈ। 2018 ਵਿੱਚ ਸੁਪਰੀਮ ਕੋਰਟ ਦੇ ਸਬਰੀਮਾਲਾ ਫੈਸਲੇ ਨੇ ਮੰਦਰ ਵਿੱਚ ਔਰਤਾਂ ਦੇ ਦਾਖਲੇ 'ਤੇ ਲੱਗੀ ਪਾਬੰਦੀ ਹਟਾ ਦਿੱਤੀ, ਪਰ ਇਸਨੂੰ ਸੱਭਿਆਚਾਰਕ ਵਿਸ਼ਵਾਸਾਂ ਵਿੱਚ ਜੜ੍ਹਾਂ ਵਾਲੇ ਕਾਫ਼ੀ ਵਿਰੋਧ ਦਾ ਸਾਹਮਣਾ ਕਰਨਾ ਪਿਆ। ਮਾਹਵਾਰੀ ਬਾਰੇ ਖੁੱਲ੍ਹੀ ਚਰਚਾ ਦੀ ਘਾਟ ਸਿਹਤ ਮਾਮਲਿਆਂ ਵਿੱਚ ਮਿੱਥਾਂ ਅਤੇ ਅਣਗਹਿਲੀ ਨੂੰ ਉਤਸ਼ਾਹਿਤ ਕਰਦੀ ਹੈ। ਪੇਂਡੂ ਭਾਰਤ ਵਿੱਚ ਸਿਰਫ਼ 58% ਨੌਜਵਾਨ ਕੁੜੀਆਂ ਨੂੰ ਹੀ ਪਹਿਲੀ ਮਾਹਵਾਰੀ ਆਉਣ ਤੋਂ ਪਹਿਲਾਂ ਮਾਹਵਾਰੀ ਬਾਰੇ ਪਤਾ ਹੁੰਦਾ ਹੈ। ਉਹ ਪਖਾਨਿਆਂ, ਸਫਾਈ ਉਤਪਾਦਾਂ ਅਤੇ ਢੁਕਵੇਂ ਨਿਪਟਾਰੇ ਦੇ ਤਰੀਕਿਆਂ ਤੱਕ ਨਾਕਾਫ਼ੀ ਪਹੁੰਚ ਤੋਂ ਵੀ ਪੀੜਤ ਹਨ। ਜਦੋਂ ਕਿ 2014 ਵਿੱਚ ਸ਼ੁਰੂ ਕੀਤੇ ਗਏ ਸਵੱਛ ਭਾਰਤ ਅਭਿਆਨ ਨੇ ਸਵੱਛਤਾ ਵਿੱਚ ਤਰੱਕੀ ਕੀਤੀ ਹੈ, ਮਾਹਵਾਰੀ ਦੇ ਕੂੜੇ-ਕਰਕਟ ਦਾ ਨਿਪਟਾਰਾ ਇੱਕ ਮਹੱਤਵਪੂਰਨ ਮੁੱਦਾ ਬਣਿਆ ਹੋਇਆ ਹੈ। ਸਫਾਈ ਉਤਪਾਦਾਂ ਦੀ ਉੱਚ ਕੀਮਤ ਬਹੁਤ ਸਾਰੇ ਲੋਕਾਂ ਨੂੰ ਅਸੁਰੱਖਿਅਤ ਵਿਕਲਪਾਂ ਦਾ ਸਹਾਰਾ ਲੈਣ ਲਈ ਮਜਬੂਰ ਕਰਦੀ ਹੈ। ਰਾਜਸਥਾਨ ਮੁਫ਼ਤ ਸੈਨੇਟਰੀ ਪੈਡ ਯੋਜਨਾ 2022 ਵਿੱਚ ਸ਼ੁਰੂ ਕੀਤੀ ਗਈ ਸੀ ਜਿਸਦਾ ਉਦੇਸ਼ ਮਾਹਵਾਰੀ ਦੀ ਗਰੀਬੀ ਨਾਲ ਨਜਿੱਠਣ ਲਈ ਮੁਫ਼ਤ ਪੈਡ ਪ੍ਰਦਾਨ ਕਰਨਾ ਹੈ। ਹਾਲਾਂਕਿ, ਮਾਹਵਾਰੀ ਦੀ ਸਿਹਤ ਨੂੰ ਰਾਜਨੀਤਿਕ ਏਜੰਡਿਆਂ 'ਤੇ ਤਰਜੀਹ ਨਹੀਂ ਦਿੱਤੀ ਜਾਂਦੀ, ਜੋ ਵਿਆਪਕ ਸੁਧਾਰਾਂ ਵਿੱਚ ਰੁਕਾਵਟ ਪਾਉਂਦੀ ਹੈ। ਮਾਹਵਾਰੀ ਸਫਾਈ ਨੀਤੀ (ਡਰਾਫਟ 2022) ਅਜੇ ਤੱਕ ਦੇਸ਼ ਭਰ ਵਿੱਚ ਪੂਰੀ ਤਰ੍ਹਾਂ ਲਾਗੂ ਨਹੀਂ ਹੋਈ ਹੈ।

ਰਾਜ ਦੇ ਪਾਠਕ੍ਰਮਾਂ ਵਿੱਚ ਮਾਹਵਾਰੀ ਜਾਗਰੂਕਤਾ ਨੂੰ ਸ਼ਾਮਲ ਕਰਨ ਨਾਲ ਇਸ ਵਿਸ਼ੇ ਦੁਆਲੇ ਗੱਲਬਾਤ ਨੂੰ ਆਮ ਬਣਾਉਣ ਵਿੱਚ ਮਦਦ ਮਿਲ ਸਕਦੀ ਹੈ। ਮਾਹਵਾਰੀ ਸਫਾਈ ਪ੍ਰਬੰਧਨ ਦਿਸ਼ਾ-ਨਿਰਦੇਸ਼ ਪ੍ਰਾਇਮਰੀ ਸਕੂਲ ਪੱਧਰ ਤੋਂ ਮਾਹਵਾਰੀ ਸਿੱਖਿਆ ਦੀ ਵਕਾਲਤ ਕਰਦੇ ਹਨ। ਆਂਗਣਵਾੜੀ ਵਰਕਰਾਂ, ਅਧਿਆਪਕਾਂ ਅਤੇ ਭਾਈਚਾਰਕ ਆਗੂਆਂ ਨੂੰ ਸਿਖਲਾਈ ਦੇ ਕੇ, ਅਸੀਂ ਵਧੇਰੇ ਸਵੀਕ੍ਰਿਤੀ ਨੂੰ ਉਤਸ਼ਾਹਿਤ ਕਰ ਸਕਦੇ ਹਾਂ। ਮਾਹਵਾਰੀ ਸਿਹਤ ਗੱਠਜੋੜ ਇੰਡੀਆ (2020) ਜਾਗਰੂਕਤਾ ਪੈਦਾ ਕਰਨ ਲਈ ਜ਼ਮੀਨੀ ਪੱਧਰ ਦੇ ਸੰਗਠਨਾਂ ਨਾਲ ਸਹਿਯੋਗ ਕਰਦਾ ਹੈ। ਜਨਤਕ ਸ਼ਖਸੀਅਤਾਂ ਅਤੇ ਮੀਡੀਆ ਸਕਾਰਾਤਮਕ ਸੰਦੇਸ਼ ਰਾਹੀਂ ਕਲੰਕ ਦਾ ਮੁਕਾਬਲਾ ਕਰਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾ ਸਕਦੇ ਹਨ। "ਚੁਪੀ ਟੋਡੋ" ਮੁਹਿੰਮ (2021, ਯੂਨੀਸੈਫ ਇੰਡੀਆ) ਨੇ ਜਾਗਰੂਕਤਾ ਫੈਲਾਉਣ ਲਈ ਡਿਜੀਟਲ ਪਲੇਟਫਾਰਮਾਂ ਦੀ ਪ੍ਰਭਾਵਸ਼ਾਲੀ ਢੰਗ ਨਾਲ ਵਰਤੋਂ ਕੀਤੀ। ਮਾਹਵਾਰੀ ਸਿਹਤ ਬੁਨਿਆਦੀ ਢਾਂਚੇ ਨੂੰ ਵਧਾਉਣ ਲਈ, (ਪਾਣੀ, ਸੈਨੀਟੇਸ਼ਨ ਅਤੇ ਸਫਾਈ) ਸਹੂਲਤਾਂ ਨੂੰ ਯਕੀਨੀ ਬਣਾਉਣਾ ਜ਼ਰੂਰੀ ਹੈ, ਜਿਸ ਵਿੱਚ ਸਕੂਲਾਂ ਅਤੇ ਕਾਰਜ ਸਥਾਨਾਂ ਵਿੱਚ



ਨਿਪਟਾਰੇ ਦੇ ਵਿਕਲਪਾਂ ਵਾਲੇ ਵਧੇਰੇ ਲਿੰਗ-ਅਨੁਕੂਲ ਪਖਾਨੇ ਸ਼ਾਮਲ ਹਨ। ਮਾਹਵਾਰੀ ਉਤਪਾਦਾਂ 'ਤੇ ਸਰਕਾਰੀ ਸਬਸਿਡੀਆਂ ਅਤੇ ਜੀਐਸਟੀ ਛੋਟਾਂ ਪਹੁੰਚ ਵਿੱਚ ਕਾਫ਼ੀ ਸੁਧਾਰ ਕਰ ਸਕਦੀਆਂ ਹਨ। 2018 ਵਿੱਚ ਸੈਨੇਟਰੀ ਪੈਡਾਂ 'ਤੇ 12% ਜੀਐਸਟੀ ਹਟਾਉਣ ਨਾਲ ਉਨ੍ਹਾਂ ਨੂੰ ਹੋਰ ਕਿਫਾਇਤੀ ਬਣਾਇਆ ਗਿਆ। ਬਾਇਓਡੀਗ੍ਰੇਡੇਬਲ ਪੈਡਾਂ ਅਤੇ ਮਾਹਵਾਰੀ ਕੱਪਾਂ ਨੂੰ ਉਤਸ਼ਾਹਿਤ ਕਰਨਾ ਵਾਤਾਵਰਣ ਅਤੇ ਸੱਭਿਆਚਾਰਕ ਚਿੰਤਾਵਾਂ ਦੋਵਾਂ ਨੂੰ ਸੰਬੋਧਿਤ ਕਰਦਾ ਹੈ। ਸਖੀ ਸੈਨੇਟਰੀ ਨੈਪਕਿਨ ਇਨੀਸ਼ੀਏਟਿਵ (ਓਡੀਸ਼ਾ, 2021) ਬਾਇਓਡੀਗ੍ਰੇਡੇਬਲ ਪੈਡਾਂ ਦੇ ਸਥਾਨਕ ਉਤਪਾਦਨ ਦਾ ਸਮਰਥਨ ਕਰਦਾ ਹੈ।

ਮਾਹਵਾਰੀ ਸਿਹਤ ਨੂੰ ਸਿਹਤ ਦੇ ਅਧਿਕਾਰ (ਧਾਰਾ 21) ਦੇ ਤਹਿਤ ਮਾਨਤਾ ਦਿੱਤੀ ਜਾਣੀ ਚਾਹੀਦੀ ਹੈ ਅਤੇ ਕਿਰਤ ਕਾਨੂੰਨਾਂ ਵਿੱਚ ਸ਼ਾਮਲ ਕੀਤਾ ਜਾਣਾ ਚਾਹੀਦਾ ਹੈ। ਮਾਹਵਾਰੀ ਲਾਭ ਬਿੱਲ (2018, ਪ੍ਰਾਈਵੇਟ ਮੈਂਬਰ ਬਿੱਲ) ਵਿੱਚ ਤਨਖਾਹ ਵਾਲੀ ਮਾਹਵਾਰੀ ਛੁੱਟੀ ਦਾ ਪ੍ਰਸਤਾਵ ਸੀ ਪਰ ਇਸਨੂੰ ਸਰਕਾਰੀ ਸਹਾਇਤਾ ਪ੍ਰਾਪਤ ਨਹੀਂ ਹੋਈ। ਕੰਪਨੀਆਂ ਨੂੰ ਤਨਖਾਹ ਵਾਲੀ ਮਾਹਵਾਰੀ ਛੁੱਟੀ ਪ੍ਰਦਾਨ ਕਰਨੀ ਚਾਹੀਦੀ ਹੈ ਅਤੇ ਕੰਮ ਵਾਲੀ ਥਾਂ 'ਤੇ ਸਫਾਈ ਸਹਾਇਤਾ ਯਕੀਨੀ ਬਣਾਉਣੀ ਚਾਹੀਦੀ ਹੈ। ਜ਼ੋਮੈਟੋ ਨੇ 2020 ਵਿੱਚ ਮਾਹਵਾਰੀ ਛੁੱਟੀ ਸ਼ੁਰੂ ਕਰਕੇ ਨਿੱਜੀ ਖੇਤਰ ਵਿੱਚ ਇੱਕ ਮਿਸਾਲ ਕਾਇਮ ਕੀਤੀ। ਸੈਨੇਟਰੀ ਉਤਪਾਦ ਨਿਰਮਾਤਾਵਾਂ ਲਈ ਵਧੇ ਹੋਏ ਉਤਪਾਦਕ ਜ਼ਿੰਮੇਵਾਰੀ ਦੇ ਮਾਪਦੰਡਾਂ ਨੂੰ ਲਾਗੂ ਕਰਨ ਨਾਲ ਰਹਿੰਦ-ਖੂੰਹਦ ਨੂੰ ਘਟਾਉਣ ਵਿੱਚ ਮਦਦ ਮਿਲ ਸਕਦੀ ਹੈ। ਮਾਹਵਾਰੀ ਬਾਰੇ ਗੱਲਬਾਤ ਨੂੰ ਬਦਲਣ ਲਈ ਸਥਾਨਕ ਆਗੂਆਂ, ਬਜ਼ੁਰਗਾਂ ਅਤੇ ਧਾਰਮਿਕ ਸ਼ਖਸੀਅਤਾਂ ਨੂੰ ਸ਼ਾਮਲ ਕਰਨ ਵਾਲੀਆਂ ਕਮਿਊਨਿਟੀ-ਅਧਾਰਤ ਪਹਿਲਕਦਮੀਆਂ ਵਿਕਸਤ ਕਰੋ। ਮਾਹਵਾਰੀ ਸਿਹਤ ਬਾਰੇ ਚਰਚਾਵਾਂ ਨੂੰ ਹੋਰ ਆਮ ਬਣਾਉਣ ਲਈ ਵਿਦਿਅਕ ਸੈਟਿੰਗਾਂ ਅਤੇ ਮੀਡੀਆ ਵਿੱਚ ਸੱਭਿਆਚਾਰਕ ਤੌਰ 'ਤੇ ਢੁਕਵੇਂ ਸੰਦੇਸ਼ਾਂ ਦੀ ਵਰਤੋਂ ਕਰੋ। ਵਧੇਰੇ ਸਮਾਵੇਸ਼ੀ ਸੰਵਾਦ ਪੈਦਾ ਕਰਨ ਲਈ ਜਾਗਰੂਕਤਾ ਵਧਾਉਣ ਦੇ ਯਤਨਾਂ ਵਿੱਚ ਮਰਦਾਂ ਅਤੇ ਮੁੰਡਿਆਂ ਨੂੰ ਸ਼ਾਮਲ ਕਰੋ। ਸੈਨੇਟਰੀ ਉਤਪਾਦਾਂ 'ਤੇ ਟੈਕਸ ਖਤਮ ਕਰਕੇ ਅਤੇ ਸਕੂਲਾਂ, ਕੰਮ ਵਾਲੀਆਂ ਥਾਵਾਂ ਅਤੇ ਪੇਂਡੂ ਭਾਈਚਾਰਿਆਂ ਵਿੱਚ ਆਸਾਨੀ ਨਾਲ ਉਪਲਬਧ ਹੋਣ ਨੂੰ ਯਕੀਨੀ ਬਣਾ ਕੇ ਮਾਹਵਾਰੀ ਸਿਹਤ ਨੀਤੀਆਂ ਨੂੰ ਉਤਸ਼ਾਹਿਤ ਕਰੋ।

ਮਾਹਵਾਰੀ ਆਉਣ ਵਾਲੇ ਵਿਅਕਤੀਆਂ ਲਈ ਅਨੁਕੂਲ ਕਾਰਜ ਸਥਾਨ ਨੀਤੀਆਂ ਲਾਗੂ ਕਰੋ, ਜਿਵੇਂ ਕਿ ਮਾਹਵਾਰੀ ਛੁੱਟੀ ਪ੍ਰਦਾਨ ਕਰਨਾ ਅਤੇ ਸਾਫ਼ ਪਖਾਨਿਆਂ ਤੱਕ ਪਹੁੰਚ। ਸਕੂਲ ਪ੍ਰੋਗਰਾਮਾਂ ਵਿੱਚ ਮਾਹਵਾਰੀ ਸਿੱਖਿਆ ਨੂੰ ਇਸ ਤਰੀਕੇ ਨਾਲ ਸ਼ਾਮਲ ਕਰੋ ਜੋ ਸੱਭਿਆਚਾਰਕ ਕਦਰਾਂ-ਕੀਮਤਾਂ ਦਾ

> *"ਭਾਰਤ ਕੋਲ ਮਾਹਵਾਰੀ ਸਿਹਤ ਲਈ ਵਧੇਰੇ ਸਮਾਵੇਸ਼ੀ ਅਤੇ ਅਗਾਂਹਵਧੂ ਪਹੁੰਚ ਨੂੰ ਉਤਸ਼ਾਹਿਤ ਕਰਦੇ ਹੋਏ ਸੱਭਿਆਚਾਰਕ ਵਿਚਾਰਾਂ ਦਾ ਸਤਿਕਾਰ ਕਰਨ ਦਾ ਮੌਕਾ ਹੈ। ਤੁਹਾਡੇ ਕੀ ਵਿਚਾਰ ਹਨ - ਕੀ ਸਰਕਾਰ ਨੂੰ ਜ਼ਿੰਮੇਵਾਰੀ ਲੈਣੀ ਚਾਹੀਦੀ ਹੈ, ਜਾਂ ਜ਼ਮੀਨੀ ਪੱਧਰ ਦੇ ਸੰਗਠਨਾਂ ਨੂੰ ਬਦਲਾਅ ਲਿਆਉਣ ਵਿੱਚ ਅਗਵਾਈ ਕਰਨੀ ਚਾਹੀਦੀ ਹੈ? ਮਾਹਵਾਰੀ ਦੇ ਆਲੇ-ਦੁਆਲੇ ਕਲੰਕ ਕਈ ਸੱਭਿਆਚਾਰਾਂ ਵਿੱਚ ਮੌਜੂਦ ਹੈ, ਜੋ ਕਿ ਸੱਭਿਆਚਾਰਕ ਵਰਜਿਤ, ਗਲਤ ਜਾਣਕਾਰੀ, ਅਤੇ ਪ੍ਰਣਾਲੀਗਤ ਲਿੰਗ ਅਸਮਾਨਤਾ ਦੁਆਰਾ ਪ੍ਰੇਰਿਤ ਹੈ। ਇਸ ਦੇ ਨਤੀਜੇ ਵਜੋਂ ਗੰਭੀਰ ਮੁੱਦੇ ਪੈਦਾ ਹੁੰਦੇ ਹਨ, ਜਿਵੇਂ ਕਿ ਮਾਹਵਾਰੀ ਉਤਪਾਦਾਂ ਤੱਕ ਸੀਮਤ ਪਹੁੰਚ, ਨਾਕਾਫ਼ੀ ਸਿੱਖਿਆ, ਅਤੇ ਕੁਝ ਭਾਈਚਾਰਿਆਂ ਵਿੱਚ ਸਮਾਜਿਕ ਅਲਹਿਦਗੀ। ਇਸ ਕਲੰਕ ਨੂੰ ਖਤਮ ਕਰਨ ਲਈ, ਸਾਨੂੰ ਖੁੱਲ੍ਹੀ ਚਰਚਾ ਨੂੰ ਉਤਸ਼ਾਹਿਤ ਕਰਨ, ਮਾਹਵਾਰੀ ਬਾਰੇ ਵਿਆਪਕ ਸਿੱਖਿਆ ਪ੍ਰਦਾਨ ਕਰਨ, ਅਤੇ ਮਾਹਵਾਰੀ ਸਮਾਨਤਾ ਨੂੰ ਉਤਸ਼ਾਹਿਤ ਕਰਨ ਵਾਲੇ ਨੀਤੀਗਤ ਬਦਲਾਅ ਲਾਗੂ ਕਰਨ ਦੀ ਲੋੜ ਹੈ।"*

ਸਤਿਕਾਰ ਕਰਦਾ ਹੋਵੇ। ਖਾਸ ਕਰਕੇ ਪੇਂਡੂ ਖੇਤਰਾਂ ਵਿੱਚ, ਮੁਫ਼ਤ ਜਾਂ ਸਬਸਿਡੀ ਵਾਲੇ ਸੈਨੇਟਰੀ ਪੈਡ ਪ੍ਰਦਾਨ ਕਰਨ ਲਈ ਰਾਸ਼ਟਰੀ ਕਿਸ਼ੋਰ ਸਿਹਤ ਪ੍ਰੋਗਰਾਮ ਵਰਗੇ ਸਰਕਾਰੀ ਯਤਨਾਂ ਦਾ ਵਿਸਤਾਰ ਕਰੋ। ਵਾਤਾਵਰਣ ਅਤੇ ਵਿੱਤੀ ਪਹਿਲੂਆਂ ਨੂੰ ਧਿਆਨ ਵਿੱਚ ਰੱਖਦੇ ਹੋਏ, ਮੁੜ ਵਰਤੋਂ ਯੋਗ ਕੱਪੜੇ ਦੇ ਪੈਡ ਅਤੇ ਮਾਹਵਾਰੀ ਕੱਪ ਵਰਗੇ ਟਿਕਾਊ ਅਤੇ ਲਾਗਤ-ਪ੍ਰਭਾਵਸ਼ਾਲੀ ਮਾਹਵਾਰੀ ਉਤਪਾਦਾਂ ਦੀ ਵਰਤੋਂ ਦੀ ਵਕਾਲਤ ਕਰੋ। ਮਾਹਵਾਰੀ ਸੰਬੰਧੀ ਹਾਨੀਕਾਰਕ ਮਿੱਥਾਂ ਨੂੰ ਦੂਰ ਕਰਨ ਲਈ ਬਾਲੀਵੁੱਡ, ਸੋਸ਼ਲ ਮੀਡੀਆ ਪ੍ਰਭਾਵਕਾਂ ਅਤੇ ਟੈਲੀਵਿਜ਼ਨ ਸ਼ੋਅ ਦੀ ਵਰਤੋਂ ਕਰੋ। ਪੈਡਮੈਨ ਵਰਗੀਆਂ ਫਿਲਮਾਂ ਨੇ ਮਹੱਤਵਪੂਰਨ ਚਰਚਾਵਾਂ ਛੇੜ ਦਿੱਤੀਆਂ ਹਨ - ਇਸ ਤਰ੍ਹਾਂ ਦੀਆਂ ਹੋਰ ਪਹਿਲਕਦਮੀਆਂ ਦੀ ਲੋੜ ਹੈ। ਮਾਹਵਾਰੀ ਦੇ ਸਕਾਰਾਤਮਕ ਸੰਦੇਸ਼ਾਂ ਨੂੰ ਸੱਭਿਆਚਾਰਕ ਸੰਦਰਭਾਂ ਵਿੱਚ ਲਿਆਉਣ ਲਈ ਸਥਾਨਕ ਕਹਾਣੀ ਸੁਣਾਉਣ ਅਤੇ ਰਵਾਇਤੀ ਬਿਰਤਾਂਤਾਂ ਨੂੰ ਉਤਸ਼ਾਹਿਤ ਕਰੋ। ਮਾਹਵਾਰੀ ਦੀ ਸਿਹਤ ਬਾਰੇ ਸੱਭਿਆਚਾਰਕ ਤੌਰ 'ਤੇ ਸੰਵੇਦਨਸ਼ੀਲ ਸਲਾਹ ਦੇਣ ਲਈ ਸਿਹਤ ਪੇਸ਼ੇਵਰਾਂ ਨੂੰ ਸਿਖਲਾਈ ਪ੍ਰਦਾਨ ਕਰੋ। ਮਾਹਵਾਰੀ ਸੰਬੰਧੀ ਵਿਕਾਰਾਂ ਅਤੇ ਔਰਤਾਂ ਦੀ ਸਿਹਤ 'ਤੇ ਉਨ੍ਹਾਂ ਦੇ ਪ੍ਰਭਾਵ ਬਾਰੇ ਖੋਜ ਦਾ ਸਮਰਥਨ ਕਰੋ, ਇਹ ਯਕੀਨੀ ਬਣਾਓ ਕਿ ਸਿਹਤ ਸੰਭਾਲ ਨੀਤੀਆਂ ਇਨ੍ਹਾਂ ਮੁੱਦਿਆਂ ਨੂੰ ਹੱਲ ਕਰਦੀਆਂ ਹਨ।

ਮਾਹਵਾਰੀ ਦੀ ਸਿਹਤ ਨੂੰ ਇੱਕ ਬੁਨਿਆਦੀ ਮਨੁੱਖੀ ਅਧਿਕਾਰ ਅਤੇ ਜਨਤਕ ਸਿਹਤ ਚਿੰਤਾ ਵਜੋਂ ਮਾਨਤਾ ਦੇਣ ਦੀ ਲੋੜ ਹੈ, ਨਾ ਕਿ ਇੱਕ ਕਲੰਕ ਵਜੋਂ। ਇੱਕ ਵਿਆਪਕ ਰਣਨੀਤੀ ਜੋ ਸਿੱਖਿਆ, ਬੁਨਿਆਦੀ ਢਾਂਚੇ ਦੇ ਸੁਧਾਰਾਂ ਅਤੇ ਕਾਨੂੰਨੀ ਸੁਧਾਰਾਂ ਨੂੰ ਜੋੜਦੀ ਹੈ, ਮਾਣ ਅਤੇ ਸਮਾਨਤਾ ਨੂੰ ਉਤਸ਼ਾਹਿਤ ਕਰ ਸਕਦੀ ਹੈ, ਮਾਹਵਾਰੀ ਨੂੰ ਔਰਤਾਂ ਦੀ ਸਿਹਤ ਦਾ ਇੱਕ ਮਾਨਤਾ ਪ੍ਰਾਪਤ ਅਤੇ ਸਮਰਥਿਤ ਪਹਿਲੂ ਬਣਾਉਂਦੀ ਹੈ।

# ਬਿਊਸਕੇਪ ਫਾਰਮਜ਼: ਵੰਨ-ਸਵੰਨਤਾ ਭਰੀ ਉਤਮ ਖੇਤੀ

ਲੇਖਕ : ਜੀਕੇ ਸਿੰਘ ਧਾਲੀਵਾਲ
ਸੰਪਰਕ: 98140-67632

ਪੰਜਾਬ ਦੀ ਖੇਤੀ ਖੜੋਤ, ਜ਼ਮੀਨ ਥੱਲੇ ਪਾਣੀਆਂ ਦਾ ਪਤਾਲੀਂ ਲੱਗਣਾ, ਬੇਲੋੜੇ ਕੀਟਨਾਸ਼ਕਾਂ ਦਾ ਜ਼ਹਿਰੀਲਾ ਕੀਤਾ ਵਾਤਾਵਰਨ, ਫਸਲੀ ਰਹਿੰਦ-ਖੂੰਹਦ ਸਾੜਨ ਨਾਲ ਗੰਧਲਾ ਤੇ ਪਲੀਤ ਹੋਇਆ ਚੌਗਿਰਦਾ ਅਤੇ ਕਿਸਾਨਾਂ ਦੀਆਂ ਆਤਮ-ਹੱਤਿਆਵਾਂ ਦੇ ਦੌਰ ਵਿੱਚ ਪੰਜਾਬ ਦੇ ਕਿਸਾਨਾਂ ਪਾਸ ਅਜਿਹੇ ਰੋਲ ਮਾਡਲ ਵੀ ਹਨ ਜਿਨ੍ਹਾਂ ਆਪਣੀ ਮਿਹਨਤ ਅਤੇ ਦੂਰ-ਦ੍ਰਿਸ਼ਟੀ ਨਾਲ ਖੇਤੀ ਨੂੰ ਉਤਮ ਵਪਾਰਕ ਕਿੱਤਾ ਬਣਾ ਲਿਆ ਹੈ। ਲਾਂਗੜੀਆਂ ਪਿੰਡ ਦੇ ਢੀਂਡਸਾਂ ਪਰਿਵਾਰ ਦਾ ਬਿਊਸਕੇਪ ਫਾਰਮ ਇਸ ਦੀ ਨਿਵੇਕਲੀ ਅਤੇ ਖੂਬਸੂਰਤ ਉਦਾਹਰਨ ਹੈ।

ਅਵਤਾਰ ਸਿੰਘ ਢੀਂਡਸਾ ਨੇ 1975 ਵਿੱਚ ਖੇਤੀਬਾੜੀ ਯੂਨੀਵਰਸਿਟੀ ਲੁਧਿਆਣੇ ਤੋਂ ਗਰੈਜੂਏਸ਼ਨ ਕਰਨ ਤੋਂ ਬਾਅਦ ਲੈਂਡਸਕੇਪ ਅਫਸਰ ਦੀ ਸੁੱਖ-ਅਰਾਮ ਵਾਲੀ ਸਰਕਾਰੀ ਨੌਕਰੀ ਛੱਡ ਕੇ ਆਪਣੇ ਜੱਦੀ ਪਿੰਡ ਲਾਂਗੜੀਆਂ ਵਿੱਚ ਪਿਤਾਪੁਰਖੀ ਫਾਰਮ ਦੇ ਇਕ ਹਿੱਸੇ ਵਿੱਚ ਫੁੱਲਾਂ ਦੀ ਖੇਤੀ ਸ਼ੁਰੂ ਕੀਤੀ। ਕਣਕ ਝੋਨਾ ਉਗਾਉਣ ਵਾਲੇ ਖੇਤਾਂ ਵਿੱਚ ਫੁੱਲ ਉਗਾਉਣੇ ਕੋਈ ਸੌਖਾ ਕੰਮ ਨਹੀਂ ਸੀ। ਕਈ ਸਾਲ ਮੀਂਹਾਂ, ਝੱਖੜਾਂ ਨਾਲ ਫ਼ਸਲ ਬਰਬਾਦ ਹੁੰਦੀ ਰਹੀ, ਵਿਤੀ ਘਾਟਾ ਪੈਂਦਾ ਰਿਹਾ ਪਰ ਉਸ ਨੇ ਦਿਲ ਨਹੀਂ ਛੱਡਿਆ। ਆਪਣੀ ਜੀਵਨ ਸਾਥਣ ਗੁੱਡੀ ਦੁਲਟ ਅਤੇ ਛੋਟੇ ਭਰਾ ਭੁਪਿੰਦਰ ਦੇ ਸਹਿਯੋਗ ਨਾਲ ਲੋਕਾਂ ਨਾਲੋਂ ਹਟ ਕੇ ਖੇਤੀ ਵਿੱਚ ਕੁਝ ਨਵਾਂ ਕਰਨ ਦੀ ਰੀਝ ਨਾਲ ਸੰਘਰਸ਼ ਜਾਰੀ ਰਿਹਾ। ਉਤਰੀ ਭਾਰਤ ਦੀ ਕੋਰੇ ਵਾਲੀ ਠੰਢ ਤੋਂ ਬਚਾ ਕੇ ਕਰਨਾਟਕ ਸਟੇਟ ਵਿੱਚ ਲੀਜ਼ ’ਤੇ ਜ਼ਮੀਨ ਲੈ ਕੇ ਫੁੱਲ ਉਗਾਉਣੇ ਸ਼ੁਰੂ ਕੀਤੇ। ਗਰਮੀਆਂ ਵਿੱਚ ਕਸ਼ਮੀਰ ਵਿੱਚ ਫੁੱਲਾਂ ਦੀ ਫ਼ਸਲ ਤਿਆਰ ਕਰਨ ਲਈ ਸਹਿਯੋਗੀ ਲੱਭੇ। ਅੱਜ ਬਿਊਸਕੇਪ ਫਾਰਮਜ਼ ਪੰਜਾਬ ਵਿੱਚ ਇਕ ਹਜ਼ਾਰ ਏਕੜ ’ਤੇ ਫੁੱਲ ਉਗਾ ਰਿਹਾ ਹੈ। ਇਕੱਲੇ ਲਾਂਗੜੀਆਂ ਵਿੱਚ ਡੇਢ ਸੌ ਏਕੜ ’ਤੇ ਫੁੱਲਾਂ ਦੀ ਫ਼ਸਲ ਤਿਆਰ ਕੀਤੀ ਜਾ ਰਹੀ ਹੈ। ਦੱਖਣੀ ਭਾਰਤ ਦੇ ਕਰਨਾਟਕ ਵਿੱਚ ਢਾਈ ਹਜ਼ਾਰ ਏਕੜ ਫੁੱਲਾਂ ਅਧੀਨ ਲਿਆਂਦਾ ਗਿਆ ਹੈ। ਆਪਣੀ ਆਮਦਨ ਸਥਿਰ ਕਰਨ ਲਈ ਸਬਜ਼ੀਆਂ ਅਤੇ ਬੀਜ ਤਿਆਰ ਕਰਨ ਦਾ ਕੰਮ ਵੀ ਨਾਲੋ-ਨਾਲ ਚੱਲ ਰਿਹਾ ਹੈ। ਯੂਰੋਪੀਅਨ ਦੇਸ਼ਾਂ ਤੋਂ ਬਿਨਾ ਆਸਟਰੇਲੀਆ, ਕੋਰੀਆ, ਜਪਾਨ, ਅਮਰੀਕਾ ਅਤੇ ਕਾਫ਼ੀ ਅਫਰੀਕਨ ਦੇਸ਼ ਬਿਊਸਕੇਪ ਫਾਰਮ ਦੇ ਤਿਆਰ ਕੀਤ ਫੁੱਲਾਂ ਦੇ ਬੀਜ ਵਰਤ ਰਹੇ ਹਨ।

ਕਈ ਵਰ੍ਹਿਆਂ ਤੋਂ ਕਿਰਤੀ ਕਿਸਾਨ ਫੋਰਮ ਬਿਊਸਕੇਪ ਫਾਰਮ ’ਤੇ ਜਾ ਕੇ ਅਵਤਾਰ ਸਿੰਘ ਅਤੇ ਉਸ ਦੀ ਟੀਮ ਨਾਲ ਗੱਲਬਾਤ ਕਰਨ ਦੀ ਵਿਉਂਤ ਬਣਾ ਰਿਹਾ ਸੀ। 15 ਮਾਰਚ ਨੂੰ ਫੋਰਮ ਦੇ ਚੇਅਰਮੈਨ ਸਵਰਨ ਸਿੰਘ ਬੋਪਾਰਾਏ ਦੀ ਅਗਵਾਈ ਵਿੱਚ ਦਸ ਮੈਂਬਰੀ ਟੀਮ ਨੇ ਲਾਂਗੜੀਆਂ ਜਾ ਕੇ ਖੇਤੀ ਵਿੱਚ ਹੋ ਰਹੇ ਇਸ ਵਿਲੱਖਣ ਕਾਰਜ ਨੂੰ ਗਹੁ ਨਾਲ ਦੇਖਿਆ। ਆਪਣੇ ਮੁਢਲੇ ਦੌਰ ਦੇ ਸੰਘਰਸ਼ ਦੀ ਬਾਤ ਸੁਣਾਉਂਦਿਆਂ ਅਵਤਾਰ ਸਿੰਘ ਨੇ ਦੱਸਿਆ ਕਿ ਸਰਕਾਰੀ ਨੌਕਰੀ ਛੱਡ ਕੇ ਕੌਮਾਂਤਰੀ ਫਸਾਰ ਵਾਲਾ ਇਹ ਕੰਮ ਇੰਨਾ ਜੋਖ਼ਿਮ ਭਰਿਆ ਸੀ ਕਿ ਸ਼ੁਰੂ ਵਿੱਚ ਮੀਂਹਾਂ ਨਾਲ ਬਰਬਾਦ ਹੁੰਦੀ ਫ਼ਸਲ ਦੇਖ ਹੌਸਲਾ ਟੁੱਟਣ ਕਿਨਾਰੇ ਪਹੁੰਚ ਜਾਂਦਾ ਸੀ। ਅਤਿਵਾਦ ਦੇ ਦੌਰ ਵਿੱਚ ਦਿਹਾਤੀ ਖੇਤਰ ਵਿੱਚ ਇਹੋ ਜਿਹਾ ਕਿਰਤ ਆਧਾਰਿਤ ਕੰਮ ਹੋਰ ਵੀ ਖ਼ਤਰੇ ਵਾਲਾ ਸੀ। ਉਹਨੇ ਅਤੇ ਉਹਦੀ ਜੀਵਨ ਸਾਥਣ ਗੁੱਡੀ ਨੇ ਦੱਸਿਆ ਕਿ ਬੱਚਿਆਂ ਦੇ ਪਾਲਣ-ਪੋਸ਼ਣ ਅਤੇ ਪੜ੍ਹਾਈ ਕਾਰਨ ਉਨ੍ਹਾਂ ਨੂੰ ਲੁਧਿਆਣੇ ਰਿਹਾਇਸ਼ ਰੱਖਣੀ ਪਈ। ਉਹ ਹਰ ਰੋਜ਼ ਲੰਮਾ ਸਫਰ ਤੈਅ ਕਰ ਕੇ ਫੁੱਲਾਂ ਦੀ ਫ਼ਸਲ ਨੂੰ ਵੀ ਬੱਚਿਆਂ ਵਾਂਗ ਪਾਲਦੇ ਰਹੇ ਹਨ। ਆਪਣੀ ਸੰਗਰੂਰ ਅਤੇ ਪਟਿਆਲੇ ਦੀ ਸਿਵਲ ਸੇਵਾ ਦੀ ਨੌਕਰੀ ਤੋਂ ਬਹੁਤ ਪਹਿਲਾਂ ਤੋਂ ਮੈਂ ਢੀਂਡਸਾ ਪਰਿਵਾਰ ਨੂੰ ਨੇੜਿਓਂ ਦੇਖਦਾ ਰਿਹਾ ਹਾਂ। ਫੁੱਲ ਪੈਦਾ ਕਰਨੇ ਅਤੇ ਲੋਕਾਂ ਦੇ ਰਾਹਾਂ ਵਿੱਚੋਂ ਕੰਡੇ ਚੁਗਣੇ ਕੋਈ ਫੁੱਲਾਂ ਵਰਗੀ ਮਹਿਕ ਖਿਲਾਰਦੇ ਲਾਂਗੜੀਆਂ ਵਾਲੇ ਇਸ ਪਰਿਵਾਰ ਤੋਂ ਸਿੱਖੇ। ਪਿਛਲੇ 30 ਸਾਲਾਂ ਤੋਂ ਮੈਂ ਇਨ੍ਹਾਂ ਰਿਸ਼ਤੇਦਾਰਾਂ ਵਰਗੇ ਦੋਸਤਾਂ ਦੀ ਰਵਾਇਤੀ ਖੇਤੀ ਛੱਡ ਕੇ ਕੋਮਲ ਫੁੱਲਾਂ ਦੀ ਖੇਤੀ ਦੇਖਦਾ ਰਿਹਾ ਹਾਂ। ਸ਼ੁਰੂ ਦੇ ਕਈ ਸਾਲਾਂ ਦੇ ਸੰਘਰਸ਼ ਅਤੇ ਘਾਟੇ ਬਾਅਦ ਐਸੀ ਬਰਕਤ ਹੋਈ ਕਿ ਪੂਰੇ ਵਿਸ਼ਵ ਵਿੱਚ ਅਵਤਾਰ ਅਤੇ ਉਸ ਦੀ ਧਰਮ ਪਤਨੀ ਗੁੱਡੀ, ਦੋਵੇਂ, ਫੁੱਲਾਂ ਵਾਲੇ ਢੀਂਡਸਿਆਂ ਵਜੋਂ ਜਾਣੇ ਜਾਨਣ ਲੱਗੇ।

ਜਦ ਫੋਰਮ ਨੇ ਬਿਊਸਕੇਪ ਫਾਰਮ ’ਤੇ ਜਾਣ ਦਾ ਫੈਸਲਾ ਕੀਤਾ ਤਾਂ ਸੱਚ ਮੰਨਿਓਂ, ਚਾਅ ਚੜ੍ਹ ਗਿਆ। ਫੋਰਮ ਦੇ ਸਮੂਹ ਮੈਂਬਰਾਂ ਨੇ ਖੇਤੀ ’ਤੇ ਮੰਡਰਾ ਰਹੇ ਸੰਕਟ ਬਾਰੇ ਚੰਗਾ ਵਿਚਾਰ-ਵਟਾਂਦਰਾ ਕੀਤਾ। ਖੇਤੀ ਮਾਹਿਰ ਦਵਿੰਦਰ ਸ਼ਰਮਾ ਨੇ ਕੌਮਾਂਤਰੀ ਪੱਧਰ ’ਤੇ ਅਮਰੀਕਾ ਦੇ ਟਰੰਪ ਪ੍ਰਸ਼ਾਸਨ ਵਲੋਂ ਸਾਡੇ ਦੇਸ਼ ਦੇ ਖੇਤੀ ਖੇਤਰ ਨੂੰ ਖੁੱਲ੍ਹਾ ਕਰਨ ਦੀਆਂ ਕੋਸਿਸ਼ਾਂ ਦੇ ਖ਼ਦਸ਼ਿਆਂ ਬਾਰੇ ਰੌਸ਼ਨੀ ਪਾਈ। ਉਨ੍ਹਾਂ ਸਾਰਿਆਂ ਨੂੰ ਸਾਵਧਾਨ ਕੀਤਾ ਕਿ ਟਰੰਪ ਦੀਆਂ ਤਜਵੀਜ਼ਸ਼ੁਦਾ ਨੀਤੀਆਂ ਨਾਲ ਸਾਡੀ ਖੇਤੀ ਦਾ ਭਵਿੱਖ ਖ਼ਤਰੇ ਵਿੱਚ ਪੈਣਾ ਤੈਅ ਹੈ। ਮੇਜ਼ਬਾਨ ਢੀਂਡਸਾ ਪਰਿਵਾਰ ਦਾ ਲਜ਼ੀਜ਼ ਭੋਜਨ ਖਾਣ ਤੋਂ ਬਾਅਦ ਮੈਥੋਂ ਇਹ ਕਹਿਣੋਂ ਰਿਹਾ ਨਹੀਂ ਗਿਆ ਕਿ ਗੁੱਡੀ, ਲੋਕਾਂ ਦੀਆਂ ਨੂੰਹਾਂ, ਸ਼ਰੀਕੇ ਵਾਲਿਆਂ ਲਈ ਅਕਸਰ ਕੰਡੇ ਬੀਜਦੀਆਂ ਪਰ ਤੂੰ ਪਹਿਲੀ ਸੁਘੜ ਸਿਆਣੀ ਨੂੰਹ ਏਂ ਜਿਸ ਨੇ ਫੁੱਲ ਬੀਜ ਕੇ ਨਵੀਂ ਲੀਹ ਪਾਈ ਹੈ।

ਪੰਜਾਬ ਦੇ ਝੋਨੇ ਕਣਕ ਦੇ ਚੱਕਰ ਤੋਂ ਥੱਕੇ ਕਿਸਾਨਾਂ ਲਈ ਇਹ ਰਾਹ ਦਸੇਰਾ ਵੀ ਹਨ।

# ਸਿਹਤ ਸੰਸਾਰ

## ਸਿਹਤ ਲਈ ਚੰਗਾ ਹੈ ਜੈਵਿਕ ਭੋਜਨ



ਲੇਖਕ : ਨੀਤੂ ਗੁਪਤਾ

ਸਿਹਤ ਪ੍ਰਤੀ ਜਾਗਰੂਕ ਲੋਕ ਹੁਣ ਜੈਵਿਕ ਭਾਵ ਆਰਗੈਨਿਕ ਭੋਜਨ ਵੱਲ ਝੁਕਾਅ ਰੱਖਣ ਲੱਗੇ ਹਨ। ਆਰਗੈਨਿਕ ਭੋਜਨ ਉਹ ਭੋਜਨ ਹੁੰਦਾ ਹੈ ਜੋ ਕੈਮੀਕਲ ਮੁਕਤ ਹੁੰਦਾ ਹੈ। ਇਨ੍ਹਾਂ ਨੂੰ ਪੈਦਾ ਕਰਨ ਲਈ ਕਿਸੇ ਤਰ੍ਹਾਂ ਦੀ ਰਸਾਇਣਕ ਖਾਦ ਅਤੇ ਕੀਟਨਾਸ਼ਕ ਦਵਾਈ ਨਹੀਂ ਵਰਤੀ ਜਾਂਦੀ। ਇਸ ਨੂੰ ਆਮ ਭਾਸ਼ਾ ਵਿਚ ਜੈਵਿਕ ਖੇਤੀ ਕਿਹਾ ਜਾਂਦਾ ਹੈ। ਫਲ ਜਾਂ ਸਬਜ਼ੀ ਦਾ ਆਕਾਰ ਵਧਾਉਣ ਲਈ ਜਾਂ ਸਮੇਂ ਤੋਂ ਪਹਿਲਾਂ ਪਕਾਉਣ ਲਈ ਕਿਸੇ ਵੀ ਤਰ੍ਹਾਂ ਦੇ ਕੈਮੀਕਲ ਵਰਤੋਂ ਵਿਚ ਨਹੀਂ ਲਿਆਏ ਜਾਂਦੇ। ਜਦਕਿ ਇਨ੍ਹਾਂ ਦੀ ਸ਼ਕਲ ਅਤੇ ਰੰਗ ਦੇ ਆਧਾਰ 'ਤੇ ਇਨ੍ਹਾਂ ਦੀ ਪਛਾਣ ਕਰਨਾ ਮੁਸ਼ਕਿਲ ਹੁੰਦਾ ਹੈ। ਬਸ ਇਸ ਨੂੰ ਖਾਣ 'ਤੇ ਸਵਾਦ ਥੋੜ੍ਹਾ ਵੱਖਰਾ ਹੁੰਦਾ ਹੈ। ਸਬਜ਼ੀਆਂ ਪਕਾਉਣ ਵਿਚ ਸਮਾਂ ਘੱਟ ਲਗਦਾ ਹੈ ਅਤੇ ਮਸਾਲਿਆਂ ਦੀ ਸੁਗੰਧ ਤੇਜ਼ ਹੁੰਦੀ ਹੈ।

### ਜੈਵਿਕ ਭੋਜਨ ਦੀਆਂ ਵਿਸ਼ੇਸ਼ਤਾਵਾਂ

ਜੈਵਿਕ ਭੋਜਨ ਜ਼ਹਿਰੀਲੇ ਤੱਤਾਂ ਤੋਂ ਸੁਰੱਖਿਅਤ ਹੁੰਦੇ ਹਨ, ਕਿਉਂਕਿ ਇਨ੍ਹਾਂ ਵਿਚ ਕੈਮੀਕਲ ਅਤੇ ਜ਼ਹਿਰੀਲੀਆਂ ਦਵਾਈਆਂ ਦੀ ਵਰਤੋਂ ਨਹੀਂ ਕੀਤੀ ਜਾਂਦੀ। ਇਸ ਕਾਰਨ ਸਾਡੀ ਸਿਹਤ ਠੀਕ ਰਹਿੰਦੀ ਹੈ ਅਤੇ ਬਿਮਾਰੀਆਂ ਦਾ ਖ਼ਤਰਾ ਘੱਟ ਰਹਿੰਦਾ ਹੈ।

ਅੱਜਕਲ੍ਹ ਛੋਟੀਆਂ-ਛੋਟੀਆਂ ਬਿਮਾਰੀਆਂ ਵਿਚ ਐਂਟੀਬਾਇਓਟਿਕ ਦੇਣ ਦਾ ਰਿਵਾਜ ਜ਼ਿਆਦਾ ਹੈ। ਉਨ੍ਹਾਂ ਦਵਾਈਆਂ ਦੀ ਵਰਤੋਂ ਨਾਲ ਅਸੀਂ ਬਾਜ਼ਾਰ ਵਿਚ ਰਵਾਇਤੀ ਉਪਲਬਧ ਸਬਜ਼ੀਆਂ ਅਤੇ ਫਲਾਂ ਦੀ ਵਰਤੋਂ ਕਰਦੇ ਹਾਂ ਜੋ ਸਾਡੀ ਰੋਗ ਪ੍ਰਤੀਰੋਧਕ ਸ਼ਕਤੀ ਨੂੰ ਕਮਜ਼ੋਰ ਕਰਦਾ ਹੈ। ਜੇਕਰ ਅਸੀਂ ਆਰਗੈਨਿਕ ਭੋਜਨ ਦੀ ਵਰਤੋਂ ਕਰੀਏ ਤਾਂ ਅਸੀਂ ਇਸ ਸਮੱਸਿਆ ਤੋਂ ਬਚ ਸਕਦੇ ਹਾਂ।

ਜੈਵਿਕ ਖੇਤੀ ਨਾਲ ਉਪਜਾਊ ਫਲ ਅਤੇ ਸਬਜ਼ੀਆਂ ਵਿਚ ਐਂਟੀ ਆਕਸੀਡੈਂਟਸ ਹੋਣ ਕਾਰਨ ਇਨ੍ਹਾਂ ਵਿਚ ਪੋਸ਼ਕ ਤੱਤ ਬਰਕਰਾਰ ਰਹਿੰਦੇ ਹਨ ਜੋ ਸਾਡੀ ਸਿਹਤ ਲਈ ਚੰਗੇ ਹਨ।

ਜੈਵਿਕ ਖੇਤੀ ਦੀ ਮਿੱਟੀ ਜ਼ਿਆਦਾ ਉਪਜਾਊ ਹੁੰਦੀ ਹੈ ਕਿਉਂਕਿ ਇਨ੍ਹਾਂ ਦੀ ਖੇਤੀ ਉਦੋਂ ਕੀਤੀ ਜਾਂਦੀ ਹੈ ਜਦੋਂ ਇਨ੍ਹਾਂ ਦੇ ਖੇਤਾਂ ਨੂੰ ਦੋ ਸਾਲ ਤੱਕ ਖਾਲੀ ਛੱਡਿਆ ਜਾਂਦਾ ਹੈ ਤਾਂ ਕਿ ਜ਼ਹਿਰਾਂ ਦਾ ਪ੍ਰਭਾਵ ਖ਼ਤਮ ਹੋ ਸਕੇ।

ਰਵਾਇਤੀ ਸਬਜ਼ੀਆਂ ਅਤੇ ਫਲਾਂ ਤੋਂ ਜੈਵਿਕ ਸਬਜ਼ੀ ਅਤੇ ਫਲ 10 ਤੋਂ 50 ਫ਼ੀਸਦੀ ਤੱਕ ਜ਼ਿਆਦਾ ਪੌਸ਼ਟਿਕ ਹੁੰਦੇ ਹਨ। ਇਨ੍ਹਾਂ ਵਿਚ ਮੌਜੂਦ ਪੌਸ਼ਟਿਕ ਤੱਤ ਸਾਨੂੰ ਕਈ ਖ਼ਤਰਨਾਕ ਬਿਮਾਰੀਆਂ ਤੋਂ ਬਚਾਉਂਦੇ ਹਨ।

ਜੈਵਿਕ ਭੋਜਨ ਦੀ ਲਗਾਤਾਰ ਵਰਤੋਂ ਨਾਲ ਵਜ਼ਨ ਕੰਟਰੋਲ ਵਿਚ ਰਹਿੰਦਾ ਹੈ, ਕਿਉਂਕਿ ਇਨ੍ਹਾਂ ਨੂੰ ਪ੍ਰੋਸੈੱਸ ਕਰਨ ਵਿਚ ਸੈਚੂਰੇਟਡ ਫੈਟਸ ਦੀ ਵਰਤੋਂ ਨਹੀਂ ਕੀਤੀ ਜਾਂਦੀ।

### ਕਿਹੜੇ ਜੈਵਿਕ ਭੋਜਨ ਜ਼ਿਆਦਾ ਮਿਲਦੇ ਹਨ

ਮੌਸਮੀ ਫਲ ਸਬਜ਼ੀਆਂ ਦੀ ਮੰਗ ਜ਼ਿਆਦਾ ਹੁੰਦੀ ਹੈ ਜਿਵੇਂ ਹਦਵਾਣੇ, ਖਰਬੂਜ਼ੇ, ਟੀਂਡੇ, ਰਾਮਾ ਤੋਰੀ, ਲੌਕੀ, ਅੰਬ ਆਦਿ ਤੋਂ ਇਲਾਵਾ ਸ਼ਹਿਦ, ਦਾਲਾਂ, ਮਸਾਲੇ, ਚੌਲ, ਆਟਾ, ਗ੍ਰੀਨ ਟੀ ਹਰਬਸ, ਨਾਰੀਅਲ ਤੇਲ ਅਤੇ ਜੈਤੂਨ ਦਾ ਤੇਲ ਆਦਿ।

ਧਿਆਨ ਰੱਖਣਾ ਜਿਨ੍ਹਾਂ ਚੀਜ਼ਾਂ 'ਤੇ ਕੁਦਰਤੀ ਜਾਂ ਫਾਰਮ ਫ੍ਰੈੱਸ਼ ਲਿਖਿਆ ਹੋਵੇ ਜ਼ਰੂਰੀ ਨਹੀਂ ਕਿ ਉਹ ਜੈਵਿਕ ਹੀ ਹੋਣ। ਇਹ ਪ੍ਰਿਜ਼ਰਵੇਟਿਵ-ਮੁਕਤ ਤਾਂ ਹੋ ਸਕਦੇ ਹਨ ਪਰ ਇਨ੍ਹਾਂ ਵਿਚ ਪੈਸਟੀਸਾਈਡ ਦੀ ਵਰਤੋਂ ਕੀਤੀ ਹੋ ਸਕਦੀ ਹੈ। ਡੀ.ਡੀ.ਟੀ. ਵਰਗੇ ਪੈਸਟੀਸਾਈਡ ਕਈ ਸਾਲ ਤੱਕ ਹਵਾ ਅਤੇ ਮਿੱਟੀ ਵਿਚ ਰਹਿੰਦੇ ਹਨ ਜੋ ਸਾਡੇ ਨਾੜੀ ਤੰਤਰ ਨੂੰ ਪ੍ਰਭਾਵਿਤ ਕਰਨ ਵਾਲੇ ਹੁੰਦੇ ਹਨ ਅਤੇ ਕੈਂਸਰ ਦਾ ਕਾਰਨ ਬਣਦੇ ਹਨ। ਜੈਵਿਕ ਭੋਜਨ ਪਰੰਪਰਾਗਤ ਭੋਜਨ ਤੋਂ 40 ਤੋਂ 50 ਫ਼ੀਸਦੀ ਤੱਕ ਜ਼ਿਆਦਾ ਮਹਿੰਗੇ ਹੁੰਦੇ ਹਨ।

ਜੈਵਿਕ ਪਿਆਜ਼, ਛੱਲੀ, ਨਾਰੀਅਲ, ਸ਼ਕਰਕੰਦੀ, ਮਟਰ, ਅਨਾਨਾਸ ਵਰਗੇ ਭੋਜਨ ਨੂੰ ਖਰੀਦਣ ਦੀ ਜ਼ਰੂਰਤ ਨਹੀਂ ਹੈ, ਕਿਉਂਕਿ ਇਨ੍ਹਾਂ ਦੇ ਛਿਲਕੇ ਮੋਟੇ ਹੁੰਦੇ ਹਨ ਇਨ੍ਹਾਂ 'ਤੇ ਪੈਸਟੀਸਾਈਡਸ ਦਾ ਪ੍ਰਭਾਵ ਘੱਟ ਹੁੰਦਾ ਹੈ। ਇਨ੍ਹਾਂ ਨੂੰ ਆਮ ਵੀ ਖਾ ਸਕਦੇ ਹਾਂ।

ਪਰੰਪਰਾਗਤ ਭੋਜਨ ਪਦਾਰਥ ਸਾਵਧਾਨੀ ਵਰਤਦੇ ਹੋਏ ਖਾਧੇ ਜਾ ਸਕਦੇ ਹਨ।

ਮੌਸਮੀ ਫਲ ਅਤੇ ਸਬਜ਼ੀਆਂ ਤਾਜ਼ੀਆਂ ਖ਼ਰੀਦੋ। ਕੱਟਣ ਤੋਂ ਪਹਿਲਾਂ ਚੰਗੀ ਤਰ੍ਹਾਂ ਮਲ-ਮਲ ਕੇ ਧੋਵੋ ਅਤੇ ਖਾਣ ਤੋਂ ਅੱਧਾ ਘੰਟਾ ਪਹਿਲਾਂ ਸਾਬਤ ਫਲ ਅਤੇ ਸਬਜ਼ੀ ਪਾਣੀ ਵਿਚ ਪਾ ਦਿਓ।

ਦਾਲਾਂ ਵਗਦੇ ਪਾਣੀ ਵਿਚ ਧੋਵੋ। ਜੇਕਰ ਭਿਉਂ ਕੇ ਰੱਖ ਰਹੇ ਹੋ ਤਾਂ ਪਾਣੀ ਸੁੱਟ ਦਿਓ। ਨਵੇਂ ਪਾਣੀ ਵਿਚ ਹੋਰ ਦਾਲ ਪਕਾਓ।

1 ਚਮਚ ਨਮਕ ਮਿਲੇ ਪਾਣੀ ਵਿਚ ਫਲ ਅਤੇ ਸਬਜ਼ੀਆਂ ਨੂੰ ਅੱਧੇ ਘੰਟੇ ਤੱਕ ਭਿਉਂ ਕੇ ਰੱਖੋ।

ਪੋਟਾਸ਼ੀਅਮ ਪਰਮਾਗਨੇਟ 1 ਲੀਟਰ ਪਾਣੀ ਵਿਚ 1 ਮਿ.ਲੀ. ਪਾ ਕੇ ਘੋਲ ਬਣਾਓ। ਪੱਤੇਦਾਰ ਸਬਜ਼ੀਆਂ ਨੂੰ 15 ਮਿੰਟ ਤੱਕ ਉਸ ਵਿਚ ਭਿਉਂ ਕੇ ਰੱਖੋ, ਦੁਬਾਰਾ ਧੋ ਕੇ ਬਣਾਓ।

### ਜੈਵਿਕ ਭੋਜਨ ਨੂੰ ਆਪਣੇ ਭੋਜਨ ਦਾ ਅੰਗ ਬਣਾਓ

ਜੈਵਿਕ ਭੋਜਨ ਨੂੰ ਅਸੀਂ ਇਕ ਹੀ ਵਾਰ ਵਿਚ ਆਪਣੇ ਭੋਜਨ ਦਾ ਅੰਗ ਨਹੀਂ ਬਣਾ ਸਕਦੇ ਕਿਉਂਕਿ ਸਵਾਦ ਵੱਖਰਾ ਹੁੰਦਾ ਹੈ। ਹੌਲੀ-ਹੌਲੀ ਇਸ ਨੂੰ ਵਧਾ ਕੇ ਆਪਣੇ ਜੀਵਨ ਦਾ ਅਹਿਮ ਹਿੱਸਾ ਬਣਾ ਸਕਦੇ ਹਾਂ।

ਪਾਲਿਸ਼ਡ ਚੌਲ ਦੀ ਥਾਂ 'ਤੇ ਰੈੱਡ, ਬ੍ਰਾਊਨ ਜਾਂ ਬਿਨਾਂ ਪਾਲਿਸ਼ ਚੌਲ ਹਫ਼ਤੇ ਵਿਚ ਇਕ ਵਾਰ ਤੋਂ ਸ਼ੁਰੂ ਕਰਕੇ ਹੌਲੀ-ਹੌਲੀ ਵਧਾਓ।

ਪਾਲਕ, ਮੇਥੀ, ਚੌਲਾਈ, ਪੁਦੀਨਾ, ਧਨੀਆ ਆਦਿ ਤੋਂ ਸ਼ੁਰੂਆਤ ਕਰੋ।

ਸਫ਼ੈਦ ਚੀਨੀ ਦੀ ਥਾਂ 'ਤੇ ਗੁੜ, ਸ਼ੱਕਰ, ਖਾਂਡ ਦੀ ਵਰਤੋਂ ਕਰੋ।

---

## ਰੋਗਾਂ ਨਾਲ ਲੜਨ ਦੀ ਸ਼ਕਤੀ ਦਾ ਖਜ਼ਾਨਾ ਹਨ ਨਿੰਮ, ਨਿੰਬੂ ਅਤੇ ਆਂਵਲਾ



ਲੇਖਕ : ਨਵਲ ਸਿੰਘ ਯਾਦਵ

ਕੁਦਰਤ ਨੇ ਮਨੁੱਖ ਦੇ ਭਲੇ ਲਈ ਕਈ ਤਰ੍ਹਾਂ ਦੀ ਅਨਮੋਲ ਵਨਸਪਤ ਪੈਦਾ ਕੀਤੀ ਹੈ। ਜਰੂਰਤ ਹੈ ਸਿਰਫ ਉਨ੍ਹਾਂ ਬਾਰੇ ਜਾਨਣ ਦੀ ਅਤੇ ਸਹੀ ਇਸਤੇਮਾਲ ਕਰਨ ਦੀ।

ਆਯੁਰਵੇਦ ਗ੍ਰੰਥਾਂ ਵਿਚ ਇਨ੍ਹਾਂ ਦਾ ਪੂਰਨ ਵਿਸਥਾਰ ਲਿਖਿਆ ਗਿਆ ਹੈ। ਨਿੰਮ, ਤੁਲਸੀ, ਨਿੰਬੂ ਅਤੇ ਆਂਵਲਾ ਇਹੋ ਜਿਹੇ ਰੁੱਖ ਦੇ ਫਲ ਹਨ, ਜੋ ਰੋਗਾਂ ਨਾਲ ਲੜਨ ਦੀ ਸ਼ਕਤੀ ਦਾ ਖਜ਼ਾਨਾ ਹਨ। ਆਯੁਰਵੇਦ ਗ੍ਰੰਥਾਂ ਵਿਚ ਤਾਂ ਇਨ੍ਹਾਂ ਬਾਰੇ ਸਾਰੀ ਜਾਣਕਾਰੀ ਉਪਲੱਬਧ ਹੈ ਪਰ ਇਥੇ ਪਾਠਕਾਂ ਦੀ ਜਾਣਕਾਰੀ ਲਈ ਕੁਝ ਗੁਣ ਦੱਸੇ ਜਾ ਰਹੇ ਹਨ।

ਨਿੰਮ-ਨਿੰਮ ਇਕ ਸੌਖਿਆਂ ਮਿਲਣ ਵਾਲਾ ਕੁਦਰਤੀ ਦਵਾਈ ਵਾਲਾ ਰੁੱਖ ਹੈ, ਜੋ ਐਂਟੀਸੈਪਟਿਕ ਅਤੇ ਐਂਟੀਬਾਓਟਿਕ ਹੈ। ਨਿੰਮ ਮਲੇਰੀਆ ਦੀ ਵੀ ਦਵਾਈ ਹੈ। ਨਿੰਮ ਚਮੜੀ ਰੋਗਾਂ ਵਿਚ ਵੀ ਕਾਰਗਰ ਹੁੰਦੀ ਹੈ। ਇਹ ਗਲੇ ਸੜੇ ਜ਼ਖ਼ਮਾਂ ਵਿਚ ਦਵਾਈ ਦੇ ਰੂਪ ਵਿਚ ਕੰਮ ਆਉਂਦੀ ਹੈ। ਨਿੰਮ ਤੋਂ ਗਰਭ ਨਿਰੋਧਕ ਦਵਾਈ ਵੀ ਤਿਆਰ ਹੋਣ ਲੱਗੀ ਹੈ। ਹੋਰ ਵੀ ਕਈ ਤਰ੍ਹਾਂ ਦੇ ਰੋਗਾਂ ਵਿਚ ਇਸ ਦਾ ਦਵਾਈਆਂ 'ਚ ਇਸਤੇਮਾਲ ਹੁੰਦਾ ਹੈ।

ਨਿੰਬੂ-ਨਿੰਬੂ ਵੀ ਰੋਗਾਂ ਨਾਲ ਲੜਨ ਦੀ ਵੱਡੀ ਸ਼ਕਤੀ ਰੱਖਦਾ ਹੈ। ਇਸ ਦਾ ਲਗਾਤਾਰ ਇਸਤੇਮਾਲ ਸੰਕਰਮਕ ਰੋਗਾਂ ਤੋਂ ਬਚਾਅ ਕਰਦਾ ਹੈ। ਨਿੰਬੂ ਪੇਟ ਅਤੇ ਚਮੜੀ ਦੀਆਂ ਬਿਮਾਰੀਆਂ ਵਿਚ ਇਸਤੇਮਾਲ ਹੁੰਦਾ ਹੈ। ਮੋਟਾਪਾ ਘੱਟ ਕਰਨ ਦੀ ਕਾਰਗਰ ਦਵਾਈ ਹੈ।

ਆਂਵਲਾ-ਆਂਵਲਾ ਇਕ ਬਹੁਤ ਕੰਮ ਆਉਣ ਵਾਲੀ ਦਵਾਈ ਹੈ, ਜੋ ਵਿਟਾਮਿਨ ਸੀ ਨਾਲ ਭਰਪੂਰ ਹੋਣ ਦੇ ਨਾਲ-ਨਾਲ ਰੋਗਾਂ ਨਾਲ ਲੜਨ ਦੀ ਸ਼ਕਤੀ ਦਾ ਵੀ ਖਜ਼ਾਨਾ ਹੈ। ਕਈ ਰੋਗਾਂ ਵਿਚ ਇਸ ਦਾ ਇਸਤੇਮਾਲ ਕੀਤਾ ਜਾਂਦਾ ਹੈ। ਇਸ ਦਾ ਸੁਆਦੀ ਮੁਰੱਬਾ ਸਿਹਤ ਲਈ ਰਾਮਬਾਣ ਹੈ।

---

## ਇੰਝ ਬਚਾਓ ਪੋਸ਼ਕ ਗੁਣਾਂ ਨੂੰ

ਲੇਖਕ : ਸੁਨੀਤਾ ਗਾਬਾ

ਸਬਜ਼ੀਆਂ ਨੂੰ ਬਹੁਤ ਪਹਿਲਾਂ ਕੱਟ ਕੇ ਨਾ ਰੱਖੋ। ਸਬਜ਼ੀਆਂ ਨੂੰ ਵੱਡੇ ਟੁਕੜਿਆਂ ਵਿਚ ਕੱਟੋ। ਸਬਜ਼ੀ, ਸਲਾਦ ਕੱਟਣ ਤੋਂ ਪਹਿਲਾਂ ਚੰਗੀ ਤਰ੍ਹਾਂ ਧੋ ਲਓ ਤਾਂ ਕਿ ਪੌਸ਼ਟਿਕਤਾ ਬਰਕਾਰ ਰਹੇ। ਕੱਟ ਕੇ ਸਬਜ਼ੀ, ਸਲਾਦ ਧੋਣ ਨਾਲ ਪੌਸ਼ਟਿਕਤਾ ਵਿਚ ਕਮੀ ਆ ਜਾਂਦੀ ਹੈ।

ਸਬਜ਼ੀਆਂ ਨੂੰ ਪਹਿਲਾਂ ਉਬਾਲ ਕੇ ਨਾ ਬਣਾਓ ਕਿਉਂਕਿ ਉਬਾਲਣ ਨਾਲ ਉਸ ਦੇ ਪੋਸ਼ਕ ਤੱਤ ਪਾਣੀ ਦੇ ਨਾਲ ਨਿਕਲ ਜਾਂਦੇ ਹਨ। ਜੇਕਰ ਕੋਈ ਸਬਜ਼ੀ ਉਬਾਲਣੀ ਜ਼ਰੂਰੀ ਹੋਵੇ ਤਾਂ ਪਾਣੀ ਦੀ ਮਾਤਰਾ ਸੀਮਿਤ ਰੱਖੋ। ਉਸ ਉਬਲੇ ਪਾਣੀ ਦੀ ਵਰਤੋਂ ਸੂਪ ਵਿਚ ਕਰ ਸਕਦੇ ਹੋ, ਤਰੀ ਵਾਲੀ ਸਬਜ਼ੀ ਬਣਾਉਣ ਲਈ ਅਤੇ ਆਟਾ ਗੁੰਨ੍ਹਣ ਵਿਚ ਵੀ ਕਰ ਸਕਦੇ ਹੋ।

ਦਾਲ ਬਣਾਉਣ ਤੋਂ ਪਹਿਲਾਂ ਚੰਗੀ ਤਰ੍ਹਾਂ ਮਲ ਮਲ ਕੇ ਘੱਟ ਤੋਂ ਘੱਟ ਤਿੰਨ ਵਾਰ ਧੋਵੋ ਤਾਂ ਕਿ ਹਾਨੀਕਾਰਕ ਤੱਤ ਸਾਫ਼ ਬਾਹਰ ਹੋ ਸਕਣ।



ਕੋਈ ਵੀ ਚੀਜ਼ ਭਾਵੇਂ ਫਰਿੱਜ ਵਿਚ ਹੋਵੇ ਜੇਕਰ ਉਸ ਦਾ ਸਵਾਦ, ਰੰਗ ਬਦਲ ਜਾਵੇ ਜਾਂ ਉੱਲੀ ਲੱਗ ਜਾਵੇ ਤਾਂ ਉਸ ਨੂੰ ਬਾਹਰ ਦਾ ਰਸਤਾ ਦਿਖਾਓ, ਨਜ਼ਰਅੰਦਾਜ਼ ਨਾ ਕਰੋ, ਕਿਉਂਕਿ ਇਸ ਤਰ੍ਹਾਂ ਕਰਨ ਨਾਲ ਉਨ੍ਹਾਂ ਦੀ ਵਰਤੋਂ ਹਾਨੀਕਾਰਕ ਹੋਵੇਗੀ।

ਖਾਣੇ ਨੂੰ ਜ਼ਿਆਦਾ ਦੇਰ ਤੱਕ ਨਾ ਪਕਾਓ। ਜ਼ਿਆਦਾ ਦੇਰ ਤੱਕ ਪਕਾਉਣ ਨਾਲ ਪੌਸ਼ਟਿਕਤਾ ਖ਼ਤਮ ਹੋ ਜਾਂਦੀ ਹੈ। ਖਾਣ ਵਾਲੀ ਸਾਰੀ ਤਾਜ਼ੀ ਸਮੱਗਰੀ ਦੀ ਵਰਤੋਂ ਕਰੋ।

ਪੱਕੀ ਹੋਈ ਖਾਣ ਵਾਲੀ ਸਮੱਗਰੀ ਨੂੰ ਠੰਢਾ ਕਰਕੇ ਫਰਿੱਜ ਤੋਂ ਓਨਾ ਹੀ ਕੱਢੋ ਜਿੰਨੇ ਦੀ ਜ਼ਰੂਰਤ ਹੋਵੇ। ਇਸ ਤਰ੍ਹਾਂ ਕਰਨ ਨਾਲ ਬੈਕਟੀਰੀਆ ਜ਼ਿਆਦਾ ਨਹੀਂ ਪੈਦਾ ਹੋਣਗੇ ਅਤੇ ਪੌਸ਼ਟਿਕਤਾ ਵੀ ਬਰਕਰਾਰ ਰਹੇਗੀ।

ਕੱਚੀਆਂ ਸਬਜ਼ੀਆਂ, ਫਲ, ਸਲਾਦ ਦੀਆਂ ਚੀਜ਼ਾਂ ਵੱਖਰੀਆਂ ਫਰਿੱਜ ਵਿਚ ਰੱਖੋ ਅਤੇ ਬਣੀ ਹੋਈ ਸਬਜ਼ੀ ਵੱਖਰੀ ਤਾਂ ਕਿ ਇਕ ਦੂਜੇ ਵਿਚ ਬੈਕਟੀਰੀਆ ਜਾਣ ਦਾ ਡਰ ਨਾ ਰਹੇ।

ਫਲ ਅਤੇ ਸਬਜ਼ੀਆਂ ਨੂੰ ਪਾਣੀ ਵਿਚ ਭਿਉਂ ਕੇ ਕੁਝ ਸਮੇਂ ਤਕ ਰੱਖ ਕੇ ਫਿਰ ਰਗੜ ਕੇ ਪੂੰਝ ਕੇ ਫਰਿੱਜ ਵਿਚ ਰੱਖੋ ਤਾਂ ਕਿ ਹਾਨੀਕਾਰਕ ਪ੍ਰਭਾਵ ਘੱਟ ਹੋ ਜਾਵੇ।

ਸੂਪ ਬਣਾਉਂਦੇ ਸਮੇਂ ਥੋੜ੍ਹੀ ਜਿਹੀ ਦਾਲ ਅਤੇ ਬੀਨਸ ਜ਼ਰੂਰ ਸ਼ਾਮਿਲ ਕਰੋ। ਇਨ੍ਹਾਂ ਨਾਲ ਪ੍ਰੋਟੀਨ, ਫਾਈਬਰ ਹਾਸਲ ਹੋਣਗੇ। ਸੂਪ ਦੀ ਪੌਸ਼ਟਿਕਤਾ ਵਧ ਜਾਵੇਗੀ।

ਜਿਨ੍ਹਾਂ ਸਬਜ਼ੀਆਂ ਦੇ ਛਿਲਕੇ ਪਤਲੇ ਜਿਹੇ ਹੋਣ, ਉਨ੍ਹਾਂ ਦੇ ਛਿਲਕੇ ਬਿਲਕੁਲ ਹਲਕਾ ਜਿਹਾ ਰਗੜ ਕੇ ਲਾਹੋ। ਉਂਝ ਵੀ ਮੋਟੇ ਛਿਲਕੇ ਲਾਹੁਣ ਤੋਂ ਬਚੋ।

ਖਾਣਾ ਬਣਾਉਣ ਦੀਆਂ ਹੋਰ ਤਕਨੀਕਾਂ ਦੀ ਵਰਤੋਂ ਕਰੋ ਗ੍ਰਿਲਿੰਗ, ਸਟੀਮਿੰਗ, ਰੋਸਟਿੰਗ ਆਦਿ।

ਸਭ ਰੰਗਾਂ ਦੀਆਂ ਸਬਜ਼ੀਆਂ ਅਤੇ ਫਲ ਘਰ 'ਚ ਲਿਆਓ, ਖਾਓ ਅਤੇ ਖਵਾਓ। ਇਨ੍ਹਾਂ ਵਿਚ ਵਿਟਾਮਿਨਾਂ ਦੀ ਭਰਪੂਰ ਮਾਤਰਾ ਹੁੰਦੀ ਹੈ।

ਸਬਜ਼ੀਆਂ ਨੂੰ ਤਲਣ ਦੀ ਥਾਂ 'ਤੇ ਬੇਕ ਕਰੋ ਜਾਂ ਸਟਿਰ ਫ੍ਰਾਈ।

---

## ਪੈਸਿਆਂ ਦੇ ਫ਼ਿਕਰ 'ਚ ਬੁੱਢੇ ਹੋ ਰਹੇ ਹਨ ਨੌਜਵਾਨ



ਮੌਜੂਦਾ ਦੌਰ ਵਿਚ ਪੈਸਿਆਂ ਦੀ ਫ਼ਿਕਰ ਨੇ ਨੌਜਵਾਨਾਂ ਨੂੰ ਬਹੁਤ ਪ੍ਰਭਾਵਿਤ ਕੀਤਾ ਹੈ। ਪੈਸਿਆਂ ਦੇ ਫ਼ਿਕਰ ਤੇ ਤਣਾਅ ਵਿਚ ਡੁੱਬਿਆ ਨੌਜਵਾਨ ਛੇਤੀ ਹੀ ਬੁੱਢਾ ਹੋ ਰਿਹਾ ਹੈ। ਇਸ ਚਿੰਤਾ ਦਾ ਪ੍ਰਭਾਵ ਇਹ ਹੋ ਰਿਹਾ ਹੈ ਕਿ ਉਹ 35 ਦੀ ਉਮਰ ਵਿਚ 40 ਸਾਲ ਤੋਂ ਉੱਪਰ ਉਮਰ ਦਾ ਮਹਿਸੂਸ ਕਰਦਾ ਹੈ ਅਤੇ ਨਜ਼ਰ ਆਉਂਦਾ ਹੈ। ਉਂਝ ਵੀ ਚਿੰਤਾ ਬਾਰੇ ਕਿਹਾ ਗਿਆ ਹੈ ਕਿ ਇਹ ਚਿਤਾ ਦੇ ਬਰਾਬਰ ਹੁੰਦੀ ਹੈ ਭਾਵ ਚਿੰਤਾ ਚਿਤਾ ਵੱਲ ਲੈ ਜਾਂਦੀ ਹੈ। ਆਰਥਿਕ ਰੂਪ ਵਿਚ ਆਤਮਨਿਰਭਰ ਹੋਣ ਦੀ ਚਿੰਤਾ ਕਾਰਨ ਉਹ ਜਵਾਨੀ ਵਿਚ ਹੀ ਖ਼ੁਦ ਨੂੰ ਵੱਡੀ ਉਮਰ ਦੇ ਸਮਝਣ ਲੱਗੇ ਹਨ। 35 ਸਾਲ ਦੀ ਉਮਰ ਵਿਚ ਤਿੰਨ ਚੌਥਾਈ ਨੌਜਵਾਨ ਆਰਥਿਕ ਹਾਲਤ ਨੂੰ ਲੈ ਕੇ ਚਿੰਤਾਗ੍ਰਸਤ ਹਨ। ਮਹਿੰਗਾਈ ਅਤੇ ਮੰਦੀ ਵੀ ਇਨ੍ਹਾਂ ਦੀ ਚਿੰਤਾ ਨੂੰ ਵਧਾ ਰਹੀ ਹੈ। ਚਿੰਤਾਗ੍ਰਸਤ ਨੌਜਵਾਨ ਖ਼ੁਦ ਇਸ 'ਚੋਂ ਨਿਕਲਣ ਦੇ ਵੱਖ-ਵੱਖ ਉਪਾਅ ਕਰ ਰਹੇ ਹਨ। ਉਹ ਕਸਰਤ 'ਤੇ ਧਿਆਨ ਦੇ ਰਹੇ ਹਨ ਜਾਂ ਡਾਕਟਰਾਂ ਤੋਂ ਇਲਾਜ ਕਰਵਾਉਣ ਦਾ ਯਤਨ ਕਰ ਰਹੇ ਹਨ। ਉਹ ਸਿਹਤ ਲਾਭ ਲਈ ਪਰਿਵਾਰ ਅਤੇ ਮਿੱਤਰਾਂ ਦੀ ਸ਼ਰਨ ਵਿਚ ਵੀ ਜਾ ਰਹੇ ਹਨ। ਚਿੰਤਾ 'ਚੋਂ ਨਿਕਲਣ ਵਿਚ ਜੋ ਬਾਜ਼ੀ ਮਾਰ ਲੈਂਦਾ ਹੈ, ਉਹ ਮੰਜ਼ਿਲ 'ਤੇ ਪੁੱਜ ਜਾਂਦਾ ਹੈ ਨਹੀਂ ਤਾਂ ਚਿੰਤਾ ਦੇ ਸਾਗਰ ਵਿਚ ਤਰਦਾ-ਡੁੱਬਦਾ ਰਹਿੰਦਾ ਹੈ। ਚਿੰਤਾ ਦਾ ਜਿੰਨਾ ਦਾਮਨ ਫੜੋਗੇ, ਉਹ ਓਨਾ ਹੀ ਤੁਹਾਨੂੰ ਆਪਣੇ ਬੰਧਨ ਵਿਚ ਬੰਨ੍ਹਦੀ ਜਾਂਦੀ ਹੈ।

ਲੇਖਕ : ਬਰਾੜ-ਭਗਤਾ ਭਾਈ ਕਾ
ਸੰਪਰਕ : 1-604-751-1113

# ਸਰਕਸ ਦੀਆਂ ਟਿੱਕਟਾਂ



ਪੱਗ ਦੇ ਉੱਪਰ ਦੀ ਡੱਬੀਦਾਰ ਸਾਫੇ ਨਾਲ ਮੰਡਾਸਾ ਮਾਰੀ ਮੂੰਹ ਵਲ੍ਹੇਟੀ ਬਾਬਾ ਘੀਚਰ ਸਿਉਂ ਜਿਉਂ ਹੀ ਸੱਥ ਵਾਲੇ ਥੜ੍ਹੇ 'ਤੇ ਆ ਕੇ ਬੈਠਾ ਤਾਂ ਨਾਥੇ ਅਮਲੀ ਨੇ ਬਾਬੇ ਨੂੰ ਹੈਰਾਨੀ ਨਾਲ ਪੁੱਛਿਆ, "ਅੱਜ ਕਿਮੇਂ ਬਾਬਾ ਇਉਂ ਮੂੰਹ ਸਿਰ ਜਾ ਲਵੇਟ੍ਹੀ ਫਿਰਦੈਂ ਜਿਮੇਂ ਤੂੜੀ ਲਤੜਦਾ ਆਇਆ ਹੁੰਨੈ ਕੁ ਮਖਿਆਲ ਦੀਆਂ ਮੱਖੀਆਂ ਮੁੱਖੀਆਂ ਲੜਗੀਆਂ। ਤੂੰ ਤਾਂ ਪਤੰਦਰਾਂ ਸਾਰਾ ਈ ਮੂੰਹ ਸਿਰ ਜਾ ਢਕੀ ਫਿਰਦੈਂ ਜਿਮੇਂ ਪਾਣੀ ਆਲੇ ਨਲਕੇ 'ਚੋਂ ਮਸ਼ੀਨ ਕੱਢ ਕੇ ਨਾਲੀ 'ਤੇ ਖ਼ਲ ਆਲੀ ਖਾਲੀ ਬੋਰੀ ਬੰਨ੍ਹੀ ਹੁੰਦੀ ਐ।" ਤਾਸ਼ ਖੇਡੀ ਜਾਂਦਾ ਸੀਤਾ ਮਰਾਸੀ ਟਿੱਚਰ 'ਚ ਕਹਿੰਦਾ, "ਡੂੰਮਣਾ ਲੜ ਗਿਆ ਲੱਗਦਾ ਜਿਹੜਾ ਇਉਂ ਮੂੰਹ ਨਰੜੀ ਫਿਰਦਾ ਜਿਮੇਂ ਮੀਂਹ 'ਚ ਭਿੱਜਣ ਤੋਂ ਤੰਦੂਰ ਖਾਖੀ ਬੋਰੀਆਂ ਦੇ ਪੱਲੜ ਨਾਲ ਢਕਿਆ ਹੁੰਦੈ। ਬਾਕੀ ਫਿਰ ਹੁਣ ਸੱਥ 'ਚ ਤਾਂ ਮੂੰਹ ਨੰਗਾ ਕਰਕੇ ਵਖਾਉਣਾ ਈਂ ਪਊ। ਨਾਲੇ ਜੇ ਕਿਸੇ ਨੂੰ ਦੁੱਖ ਦੱਸਾਂਗੇ ਤਾਂ 'ਲਾਜ ਵੀ ਹੋ ਜੂ। ਨਹੀਂ ਤਾਂ ਫਿਰ ਸਭ ਨੂੰ ਪਤਾ ਈ ਐ ਬਈ ਪੂਛ ਨੂੰ ਪੀਪਾ ਬੰਨ੍ਹ ਕੇ ਗਪਾਲ ਮੋਚਨੇ ਦੇ ਮੇਲੇ 'ਚ ਛੱਡੇ ਗਧੇ ਨਾਲ ਕਿਮੇਂ ਹੋਈ ਸੀ, ਓਮੇਂ ਹੋਊ ਫਿਰ।"

ਗਧੇ ਵਾਲੀ ਗੱਲ ਸੁਣ ਕੇ ਮਾਹਲੇ ਨੰਬਰਦਾਰ ਨੇ ਸੀਤੇ ਮਰਾਸੀ ਨੂੰ ਪੁੱਛਿਆ, "ਇਹ ਕਿਮੇਂ ਐਂ ਸੀਤਾ ਸਿਆਂ ਮੇਲੇ 'ਚ ਗਧੇ ਦੀ ਪੂਛ ਨੂੰ ਬੰਨ੍ਹੇ ਪੀਪੇ ਆਲੀ ਗੱਲ। ਪਤੰਦਰੋ ਨਿੱਤ ਈ ਕੋਈ ਨਾ ਕੋਈ ਨਮੀਂ ਗੱਲ ਕੱਢ ਕੇ ਲਿਆਉਣੇ ਐ। ਨਾਲੇ ਗਪਾਲ ਮੋਚਨੇ ਦੇ ਮੇਲੇ 'ਚ ਗਧੇ ਦਾ ਕੀ ਕੰਮ ਬਈ?"

ਨਾਥਾ ਅਮਲੀ ਮਾਹਲੇ ਨੰਬਰਦਾਰ ਨੂੰ ਕਹਿੰਦਾ, "ਗਪਾਲ ਮੋਚਨੇ ਦੇ ਮੇਲੇ 'ਚ ਤਾਂ ਗਧਿਆਂ ਦਾ ਈ ਸਾਰਾ ਕੰਮ ਹੁੰਦੈ ਨੰਬਰਦਾਰਾ। ਮੋਟਰ ਗੱਡੀਆਂ ਤਾਂ ਪੁਲਸ ਆਲੇ ਮੇਲੇ 'ਚ ਵੜਣ ਨ੍ਹੀ ਦਿੰਦੇ। ਪੰਜ ਦਿਨ ਭਰਦਾ ਹੁੰਦਾ ਮੇਲਾ। ਮੋਟਰ ਗੱਡੀਆਂ ਤਾਂ ਪੰਜ ਛੀ ਮੀਲ ਮੇਲੇ ਵਾਲੀ ਥਾਂ ਤੋਂ ਪਿੱਛੇ ਈ ਰੋਕ ਦਿੰਦੇ ਐ ਪੁਲਸ ਆਲੇ। ਉੱਥੋਂ ਫੇਰ ਗਧੇ ਈ ਲਜਾਂਦੇ ਐ ਸਾਰਾ ਸਮਾਨ ਮੇਲੇ 'ਚ।" ਅਮਲੀ ਦੀ ਗੱਲ ਸੁਣ ਕੇ ਬੁੱਘਰ ਦਖਾਣ ਕਹਿੰਦਾ, "ਮੈਂ ਤਾਂ ਕਿਹਾ ਕਿਤੇ ਅਮਲੀ ਨੇ ਖਾਧੀ ਪੀਤੀ 'ਚ ਬੰਦਿਆਂ ਨੂੰ ਗਧੇ ਕਹਿ 'ਤਾ। ਅੱਛਿਆ! ਇਹ ਗੱਲ ਐ।" ਏਨੇ ਚਿਰ ਨੂੰ ਸੂਬੇਦਾਰ ਰਤਨ ਸਿਉਂ ਵੀ ਸੱਥ 'ਚ ਆ ਦੜਕਿਆ। ਬਾਬੇ ਘੀਚਰ ਸਿਉਂ ਨੂੰ ਮੂੰਹ ਸਿਰ ਲਵੇਟ੍ਹੀ ਬੈਠੇ ਨੂੰ ਵੇਖ ਕੇ ਸੂਬੇਦਾਰ ਨੇ ਤਾਸ਼ ਖੇਡੀ ਜਾਂਦੇ ਰੇਸ਼ਮ ਕੇ ਗੀਸੇ ਨੂੰ ਘੁੱਟਵੀਂ ਆਵਾਜ਼ 'ਚ ਪੁੱਛਿਆ, "ਆਹ ਮੂੰਹ ਸਿਰ ਲਵ੍ਹੇਟੀ ਬੈਠਾ ਕਿਹੜਾ ਬੰਦੈ ਬਈ?"

ਸੂਬੇਦਾਰ ਦਾ ਸਵਾਲ ਸੁਣ ਕੇ ਗੀਸਾ ਉੱਚੀ ਆਵਾਜ਼ ਮਾਰ ਕੇ ਨਾਥੇ ਅਮਲੀ ਨੂੰ ਕਹਿੰਦਾ, "ਓ ਤਾਇਆ ਨਾਥਾ ਸਿਆਂ! ਆਹ ਫੌਜੀ ਸਾਹਬ ਨੂੰ ਦੱਸੀਂ ਬਈ ਸੋਡੇ ਕੋਲੇ ਮੂੰਹ ਸਿਰ ਲਵ੍ਹੇਟੀ ਆਲਾ ਕਿਹੜਾ ਬੰਦਾ ਬੈਠੈ?"

ਸੀਤਾ ਮਰਾਸੀ ਕਹਿੰਦਾ, "ਮਸਾ ਟਾ.ਲੀ ਸੀ ਇਹੇ ਗੱਲ। ਆਹ ਫੌਜੀ ਨੇ ਫੇਰ ਛੇੜ 'ਤੀ ਸਿੰਗੜੀ। ਲੈ ਦੱਸੋ ਹੁਣ ਕੌਣ ਐਂ ਮੂੰਹ ਸਿਰ ਲਵ੍ਹਟੀ ਬੈਠਾ।"

ਨਾਥਾ ਅਮਲੀ ਸੂਬੇਦਾਰ ਰਤਨ ਸਿਉਂ ਨੂੰ ਕਹਿੰਦਾ, "ਬਾਬਾ ਘੀਚਰ ਸਿਉਂ ਐਂ ਫੌਜੀਆ। ਮਖਿਆਲ ਦੀਆਂ ਮੱਖੀਆਂ ਲੜੀਆਂ ਵੀਐਂ ਇਹਦੇ।"

ਸੂਬੇਦਾਰ ਰਤਨ ਸਿਉਂ ਕਹਿੰਦਾ, "ਇਹ ਹੁਣੇ ਤਾਂ ਸਰਕਸ ਆਲੇ ਸਕੀਮੀਆਂ ਦੇ ਘਰੇ ਬੈਠਾ ਸੀ। ਐਡੀ ਛੇਤੀ ਕਿਮੇਂ ਆ ਗਿਆ ਸੱਥ 'ਚ?"

ਜੰਗਾ ਰਾਹੀ ਸੂਬੇਦਾਰ ਨੂੰ ਕਹਿੰਦਾ, "ਸਾਨੂੰ ਤਾਸ਼ ਖੇਡ ਲੈਣ ਦੇ ਫੌਜੀਆ। ਇਹ ਗੱਲ ਤੂੰ ਨੇੜੇ ਹੋ ਕੇ ਬਾਬੇ ਘੀਚਰ ਸਿਉਂ ਨੂੰ ਈਂ ਪੁੱਛ ਲਾ।"

ਸੂਬੇਦਾਰ ਰਤਨ ਸਿਉਂ ਬਾਬੇ ਦੇ ਨੇੜੇ ਹੋ ਕੇ ਬਾਬੇ ਨੂੰ ਕਹਿੰਦਾ, "ਆਹ ਕੀ ਕਰੀ ਬੈਠੈਂ ਘੀਚਰ ਸਿਆਂ। ਬ.ਲਾ ਬਾਹ.ਲਾ ਮੂੰਹ ਸਿਰ ਬੰਨ੍ਹੀ ਬੈਠੈਂ ਜਿਮੇਂ ਦੁੱਧ ਰਿੜਕ ਕੇ ਮਧਾਣੀ ਦੇ ਫੁੱਲ ਖੱਦਰ ਦੇ ਪੋਣੇ ਨਾਲ ਲਵ੍ਹੇਟੇ ਵੇ ਹੁੰਦੇ ਐ।" ਸੂਬੇਦਾਰ ਤੋਂ ਟਿੱਚਰ ਸੁਣ ਕੇ ਨਾਥਾ ਅਮਲੀ ਹੱਸ ਕੇ ਕਹਿੰਦਾ, "ਚੱਲ ਗੀ ਬਈ ਫੌਜੀ ਦੀ ਵੀ ਅੱਜ। ਅੱਜ ਤਾਂ ਪੂਰੇ ਪੈਂਤੜੇ 'ਤੇ ਹੋ ਕੇ ਆਇਆ ਸੱਥ 'ਚ। ਹੋਰ ਸਣਾ ਫਿਰ ਫੌਜੀਆ।"

ਟਿੱਚਰ ਸੁਣ ਕੇ ਸੀਤਾ ਮਰਾਸੀ ਬਾਬੇ ਘੀਚਰ ਸਿਉਂ ਨੂੰ ਕਹਿੰਦਾ, "ਤੂੰ ਵੀ ਬਾਬਾ ਕੁਸ ਬੋਲ ਪਾ ਹੁਣ। ਅੱਜ ਤਾਂ ਮਿੱਟੀ ਦਾ ਮਾਧੋ ਬਣਿਆਂ ਬੈਠੈਂ। ਇਹ ਤਾਂ ਸਾਰੇ ਤੈਨੂੰ ਭਾਬੀ ਬਣਾਈ ਬੈਠੇ ਐ, ਤੂੰ ਕੂੰਹਦਾ ਈ ਨ੍ਹੀ। ਤੂੰ ਵੀ ਛੱਡਦੇ ਭੱਥੇ 'ਚੋਂ ਇੱਕ ਅੱਧਾ ਤੀਰ। ਫੌਜੀ ਤਾਂ ਕਹਿੰਦਾ ਤੂੰ ਸਰਕਸ ਆਲੇ ਸਕੀਮੀਆਂ ਦੇ ਘਰੇ ਬੈਠਾ ਸੀ। ਨਮੇਂ ਘਰ ਬਣਦੇ ਦੀ ਵਧਾਈ ਦੇਣ ਗਿਆ ਸੀ ਕੁ ਕੋਈ ਹੋਰ ਕੰਮ ਧੰਦਾ ਸੀ?"




ਮਦਨ ਪੰਡਤ ਸਕੀਮੀਆਂ ਦੇ ਘਰ ਦੀ ਗੱਲ ਸੁਣ ਕੇ ਕਹਿੰਦਾ, "ਘਰ ਆਲੀ ਤਾਂ ਬਈ ਸਰਕਸ ਆਲੇ ਸਕੀਮੀਆਂ ਨੇ ਡੈਹਸ਼ ਕੱਢ 'ਤੀ। ਇਹੇ ਜਾ ਘਰ ਆਪਣੇ ਤਾਂ ਨੇੜੇ ਤੇੜੇ ਹੋਣਾ ਨ੍ਹੀ ਕਿਸੇ ਦਾ। ਪੈਂਸਾ ਵੀ ਅੱਘਰੀ ਦਾ ਲੱਗ ਗਿਆ ਹੋਣੈ।"

ਮੱਖਣ ਮਾਸਟਰ ਨੇ ਹੈਰਾਨੀ ਨਾਲ ਪੁੱਛਿਆ, "ਐਨਾ ਪੈਸਾ ਆਇਆ ਕਿੱਥੋਂ। ਫੀਮ ਫੂਮ ਦੀ ਬਲੈਕ ਬਲੂਕ ਕਰਦੇ ਹੋਣਗੇ। ਨਾ ਹੀ ਇਹੀ ਕਦੇ ਕੋਈ ਗੱਲ ਸੁਣੀ ਐ। ਬਾਕੀ ਫੇਰ ਭਾਈ ਰੱਬ ਈ ਜਾਣਦਾ।"

ਨਾਥੇ ਅਮਲੀ ਨੇ ਬਾਬੇ ਨੂੰ ਪੁੱਛਿਆ, "ਇਨ੍ਹਾਂ ਨੂੰ ਸਰਕਸ ਆਲੇ ਸਕੀਮੀ ਕਿਉਂ ਕਹਿੰਦੇ ਐ ਬਾਬਾ। ਕੁ ਇਹੇ ਸਰਕਸ ਸੁਰਕਸ 'ਚ ਕੰਮ ਕਰਦੇ ਰਹੇ ਐ?"

ਸੁਖਣਾ ਪੱਤੀ ਆਲੇ ਬਚਿੱਤਰ ਸਿਉਂ ਕੇ ਪਿੰਡ 'ਚ ਸਰਕਸ ਵਾਲੇ ਸਕੀਮੀਆਂ ਦੇ ਲਾਣੇ ਵਾਲੇ ਵੱਜਦੇ ਸੀ। ਬਚਿੱਤਰ ਸਿਉਂ ਕਿਆਂ ਦੀ ਗੱਲ ਸੁਣ ਕੇ ਬਾਬੇ ਘੀਚਰ ਸਿਉਂ ਨੇ ਗੱਲ ਦੱਸਣ ਦੇ ਮਾਰੇ ਨੇ ਮੂੰਹ ਖੋਲ੍ਹਿਆ ਫਿਰ। ਜਿਉਂ ਹੀ ਬਾਬੇ ਘੀਚਰ ਨੇ ਮੂੰਹ ਖੋਲ੍ਹਿਆ ਤਾਂ ਸਾਰੀ ਸੱਥ ਨੇ ਖ਼ੁਸ਼ੀ 'ਚ ਰੌਲਾ ਅਸਮਾਨ ਨੂੰ ਚੁੱਕ ਦਿੱਤਾ ਜਿਮੇਂ ਕੋਈ ਵੱਡੀ ਸ਼ਰਤ ਲੱਗੀ 'ਚ ਸ਼ਰਤ ਜਿੱਤਣ ਵਾਲੇ ਤਾਸ਼ ਖੇਡਦੇ ਰੌਲਾ ਚੁੱਕ ਦਿੰਦੇ ਹੋਣ। ਨਾਥਾ ਅਮਲੀ ਸਾਰਿਆਂ ਨੂੰ ਚੱਪ ਕਰਾਉਂਦਾ ਬਾਬੇ ਦੇ ਮੂੰਹ ਵੱਲ ਵੇਖ ਕੇ ਬਾਬੇ ਨੂੰ ਕਹਿੰਦਾ, "ਮੂੰਹ 'ਤੇ ਤਾਂ ਤੇਰੇ ਬਾਬਾ ਕੁਸ ਮਨ੍ਹੀ ਹੋਇਆ। ਤੂੰ ਐਮੇਂ ਈ ਸੱਤ ਮੀਟਰ ਦੀ ਟਸਰੀ ਲਵ੍ਹੇਟੀ ਫਿਰਦੈਂ ਮੂੰਹ 'ਤੇ। ਚੱਲ ਦੱਸ ਹੁਣ ਸਰਕਸ ਆਲੇ ਸਕੀਮੀਆਂ ਕੋਲੇ ਐਡਾ ਵੱਡਾ ਘਰ ਪਾਉਣ ਨੂੰ ਪੈਂਸਾ ਕਿੱਥੋਂ ਆਇਆ?"

ਬਾਬਾ ਘੀਚਰ ਸਿਉਂ ਕਹਿੰਦਾ, "ਨਾ ਤਾਂ ਸਾਰੀ ਉਮਰ ਬਚਿੱਤਰ ਸਿਉਂ ਨੇ ਕੰਮ ਕੀਤਾ। ਨਾ ਬਚਿੱਤਰ ਦੇ ਮੁੰਡੇ ਨੇ। ਨਾ ਈ ਨਜਾਇਜ ਪੈਂਸਾ ਖਰਚਿਆ ਕਦੇ। ਦੋ ਕੁ ਝੁੱਗੇ ਸੁੱਥੂਆਂ ਨਾਲ ਈ ਸਾਲ ਭਰ ਨੰਘਾਅ ਲੈਂਦੇ ਸੀ। ਹੁਣ ਗਾਹਾਂ ਬਚਿੱਤਰ ਸਿਉਂ ਦੇ ਦੋਵੇਂ ਪੋਤੇ ਵੇਖ ਲਾ ਪੜ੍ਹ ਲਿਖ ਗੇ। ਪੋਤਿਆਂ ਨੂੰ ਘਰੇ ਪੈਂਸਿਆਂ ਦਾ ਵੀ ਪਤਾ ਲੱਗ ਗਿਆ ਬਈ ਸਾਡੇ ਬੁੜ੍ਹਿਆਂ ਕੋਲੇ ਐਨਾ ਪੈਂਸਾ। ਉਨ੍ਹਾਂ ਨੇ ਪਿਉ ਦਾਦੇ ਤੋਂ ਪੈਂਸੇ ਕਢਵਾ ਕੇ ਘਰ ਬਣਾਉਣਾ ਸ਼ੁਰੂ ਕਰ 'ਤਾ। ਲੋਕਾਂ ਨੂੰ ਇਹਦੇ 'ਚ ਅਚੰਭਾ ਲੱਗ ਗਿਆ ਬਈ ਇੱਕ ਦਮ ਐਨਾ ਪੈਂਸਾ ਕਿੱਥੋਂ ਆਇਆ। ਜਮੀਂਨ ਵੀ ਕੋਲੇ ਪੰਜ ਸੱਤ ਕਿੱਲੇ ਈ ਐ। ਪੰਜਾਂ ਸੱਤਾਂ ਕਿੱਲਿਆਂ 'ਚੋਂ ਤਾਂ ਡੰਗ ਟਪਾਉਣ ਜੋਗੀਉ ਈ ਫਸਲ ਮਸਾਂ ਹੁੰਦੀ ਐ।"

ਨਾਥਾ ਅਮਲੀ ਕਹਿੰਦਾ, "ਗੱਲ ਤਾਂ ਓਹੀ ਪੁੱਛਦੇ ਆਂ ਬਈ ਐਹੋ ਜੀ ਕਿਹੋ ਜੀ ਮੁਰਗੀ ਐ ਇਨ੍ਹਾਂ ਦੇ ਘਰੇ ਜਿਹੜੀ ਆਂਡਿਆਂ ਦੀ ਥਾਂ ਰਪੀਏ ਦਿੰਦੀ ਐ?"

ਬਾਬਾ ਘੀਚਰ ਸਿਉਂ ਕਹਿੰਦਾ, "ਦੱਸਦਾਂ ਮੈਂ। ਇਨ੍ਹਾਂ ਨੂੰ ਬਚਿੱਤਰ ਦੇ ਦਾਦੇ ਪੜਦਾਦਿਆਂ ਤੋਂ ਈਂ ਸਰਕਸ ਆਲੇ ਸਕੀਮੀ ਕਹਿੰਦੇ ਐ। ਇਹਦੇ ਬਚਿੱਤਰ ਦੇ ਪਿਉ ਦਾਦੇ ਨੇ ਕਹਿੰਦੇ ਕੇਰਾਂ ਸਰਕਸ ਵਖਾਉਣ ਦਾ ਠੇਕਾ ਲੈ ਲਿਆ। ਉਨ੍ਹਾਂ ਵੇਲਿਆਂ 'ਚ ਸਰਕਸ ਆਲਿਆਂ ਨੂੰ ਕਹਿੰਦੇ, 'ਤੁਸੀਂ ਸਾਥੋਂ ਹਜਾਰ ਰਪੀਆ ਲੈ ਲੋ, ਸਰਕਸ ਵਖਾਉਣ ਦਾ ਠੇਕਾ ਸਾਨੂੰ ਦੇ ਦਿਉ। ਲੋਕਾਂ ਨੂੰ ਸਰਕਸ ਵਖਾਉਣ ਦੇ ਪੈਸੇ ਅਸੀਂ ਲਮਾਂਗੇ। ਉਨ੍ਹਾਂ ਨੇ ਦੋ ਹਜਾਰ ਰਪੀਆ ਮੰਗ ਲਿਆ। ਚੱਲੋ ਜੀ ਸਾਢੇ ਪੰਦਰਾਂ ਸੌ 'ਚ ਗੱਲ ਟੁੱਕੀ ਗਈ। ਬੁੜ੍ਹਿਆਂ ਨੇ ਸਰਕਸ ਆਲੇ ਤੰਬੂ ਆਪਣੇ ਪਿੰਡ ਗਾਹੂ ਕੇ ਗੁਆੜ ਆਲੀ ਸ਼ਾਮਲਾਟ 'ਚ ਆ ਗੱਡੇ। ਨੇੜੇ ਦੇ ਸਾਰੇ ਪਿੰਡਾਂ 'ਚ ਹੋਕਾ ਦੁਆ 'ਤਾ ਬਈ ਫਲਾਨੇ ਪਿੰਡ ਸਰਕਸ ਆ ਗੀ। ਲੋਕਾਂ ਨੇ ਆਪਣੇ ਪਿੰਡ ਵੱਲ ਨੂੰ ਵਹੀਰਾਂ ਘੱਤ ਲੀਆਂ ਬਈ ਸਰਕਸ 'ਚ ਸ਼ੇਰ ਚੀਤੇ ਤੇ ਹੋਰ ਨਮੀਆਂ-ਨਮੀਆਂ ਖੇਡਾਂ ਵੇਖਾਂਗੇ। ਜਦੋਂ ਲੋਕ ਸਰਕਸ ਵੇਖਣ ਆਏ ਤਾਂ ਦਸ ਰਪੀਆਂ ਦੀ ਟਿਕਟ ਸੁਣ ਕੇ ਕਿਸੇ ਨੇ ਟਿਕਟ ਈ ਨਾ ਖਰੀਦੀ। ਉਨ੍ਹਾਂ ਨੇ ਦੋ ਕੁ ਦਿਨਾਂ ਪਿੱਛੋਂ ਟਿਕਟ ਅੱਠਾਂ ਰਪੀਆਂ ਦੀ ਕਰ 'ਤੀ। ਲੋਕਾਂ ਨੇ ਫਿਰ ਵੀ ਨਾ ਖਰੀਦੀ। ਫੇਰ ਹੋਰ ਦੋ ਕੁ ਦਿਨਾਂ ਪਿੱਛੋਂ ਪੰਜਾਂ ਰਪੀਆਂ ਦੀ ਕਰ 'ਤੀ। ਟਿਕਟ ਫਿਰ ਵੀ ਨਾ ਕਿਸੇ ਨੇ ਖਰੀਦੀ। ਉਨ੍ਹਾਂ ਨੇ ਇਉਂ ਕਰਦੇ ਕਰਦਿਆਂ ਨੇ ਦੋ ਰਪੀਆਂ ਦੀ ਫੇਰ ਇੱਕ ਰਪੀਏ ਦੀ ਕਰ 'ਤੀ। ਜਦੋਂ ਰਪੀਏ ਨੂੰ ਵੀ ਨਾ ਕਿਸੇ ਨੇ ਖਰੀਦੀ ਤਾਂ ਆਖਰ ਨੂੰ ਪਿੰਡਾਂ 'ਚ ਹੋਕਾ ਦੁਆ 'ਤਾ ਬਈ ਕੱਲ੍ਹ ਨੂੰ ਸਰਕਸ ਮੁਖਤ ਵਖਾਈ ਜਾਊਗੀ। ਮੁਖਤ ਦਾ ਨਾਂ ਸੁਣਕੇ ਨਾਥਾ ਸਿਆਂ ਲੋਕ ਆਪਣੇ ਪਿੰਡ 'ਚ ਫਿਰ ਇਉਂ ਆ ਢੇਰੀ ਹੋਏ ਜਿਮੇਂ ਪੰਜ ਛੀ ਸਾਲ ਪਹਿਲਾਂ ਆਪਣੇ ਖੇਤਾਂ 'ਚ ਮੱਕੀਆਂ 'ਤੇ ਆਹਣ ਦੇ ਟਿੱਡੇ ਆ ਢੇਰੀ ਹੋਏ ਸੀ।" ਨਾਥੇ ਅਮਲੀ ਨੇ ਗੱਲ ਟੋਕ ਕੇ ਬਾਬੇ ਘੀਚਰ ਸਿਉਂ ਨੂੰ ਪੁੱਛਿਆ, "ਫੇਰ ਮੁਖਤ ਵਖਾਈ ਬਾਬਾ ਸਰਕਸ ਕੁ ਅੰਦਰ ਵਾੜ ਕੇ ਲੋਕਾਂ ਦੀ ਮਰੰਮਤ ਕੀਤੀ?"

ਬਾਬਾ ਕਹਿੰਦਾ, "ਗੱਲ ਤਾਂ ਅਮਲੀਆ ਤੂੰ ਸੁਣ। ਜਦੋਂ ਸਾਰੇ ਲੋਕ ਮੁਖਤ ਦੀ ਸਰਕਸ ਵੇਖਣ ਅੰਦਰ ਵੜ ਗੇ, ਉਨ੍ਹਾਂ ਨੇ ਚਾਰ ਚਫੇਰਿਉਂ ਸਰਕਸ ਦੇ ਸਾਰੇ ਦਰਵਾਜੇ ਬੰਦ ਕਰ ਕੇ ਜਿੰਦੇ ਲਾ 'ਤੇ ਬਈ ਕੋਈ ਬਾਹਰ ਨਾ ਨਿੱਕਲ ਸਕੇ। ਲੋਕ ਰੌਲਾ ਪਾਉਣ ਬਈ ਛੇਤੀ ਵਖਾਉ ਸਰਕਸ। ਜਦੋਂ ਸਾਰੇ ਜਣੇ ਚੁੱਪ ਕਰ ਗੇ ਤਾਂ ਉਨ੍ਹਾਂ ਨੇ ਇੱਕ ਸ਼ੇਰ ਖੋਹਲ 'ਤਾ। ਸ਼ੇਰ ਖੁੱਲ੍ਹ ਗਿਆ ਵੇਖ ਕੇ ਲੋਕਾਂ 'ਚ ਹਫੜਾ ਦਫੜੀ ਮੱਚ ਗੀ। ਸਰਕਸ ਦੇ ਦਰਵਾਜੇ ਸਾਰੇ ਬੰਦ ਸੀ। ਲੋਕਾਂ ਨੂੰ ਬਾਹਰ ਨਿਕਲਣ ਨੂੰ ਥਾਂ ਨਾ ਮਿਲੇ। ਅਖੀਰ ਸਕੀਮੀਆਂ ਦੇ ਬੁੜ੍ਹਿਆਂ ਨੇ ਬਾਹਰ ਨਿਕਲਣ ਦੀ ਸੌ ਰਪੀਆ ਟਿਕਟ ਰੱਖ 'ਤੀ। ਵੱਸ ਫੇਰ ਨਾਥਾ ਸਿਆਂ ਕੀ ਪੁੱਛਦੈਂ। ਸਕੀਮੀਆਂ ਦੇ ਬੁੜ੍ਹਿਆਂ ਨੇ ਰਪੀਆਂ ਦਾ ਗੱਡਾ ਭਰ ਲਿਆ। ਸੁਰਜਨ ਬਿੰਬਰ ਦਾ ਦਾਦਾ ਦੱਸਦਾ ਸੀ, ਅਕੇ ਸਕੀਮੀਆਂ ਦੇ ਟੱਬਰ ਨੇ ਤਿੰਨ ਚਾਰ ਦਿਨ ਲਾ 'ਤੇ ਰਪੀਏ ਗਿਣਨ ਨੂੰ, ਐਨੇ ਰਪੀਏ 'ਕੱਠੇ ਹੋ ਗੇ ਸੀ। ਲੋਕਾਂ ਨੇ ਸ਼ੇਰ ਤੋਂ ਡਰਦਿਆਂ ਨੇ ਬਾਹਰ ਨਿਕਲਣ ਦੀ ਸੌ-ਸੌ ਰਪੀਏ ਦੀ ਟਿਕਟ ਕਟਾ ਕੇ ਬਾਹਰ ਨਿਕਲ ਕੇ ਜਾਣ ਬਚਾਈ। ਕਈ ਹਰਫਲੇ ਵੇ ਤਾਂ ਕਾਹਲੀ 'ਚ ਬਟੂਏ ਈ ਫੜਾ ਗੇ। ਉਨ੍ਹਾਂ ਨੂੰ ਤਾਂ ਹੋ ਸਕਦਾ ਟਿਕਟ ਸੌ ਰਪੀਏ ਤੋਂ ਵੀ ਮਹਿੰਗੀ ਪਈ ਹੋਵੇ। ਜਿਹੜੇ ਬਟੂਏ 'ਚ ਚਾਰ ਛਿੱਲੜ ਹੋਣੇ ਐਂ, ਸਭ ਸ਼ੇਰ ਦੀ ਭੇਂਟ ਚੜ੍ਹਾ 'ਤੇ ਹੋਣਗੇ। ਉਦੋਂ ਦੇ ਰਪੀਏ 'ਕੱਠੇ ਹੋਏ ਵੇ ਐ। ਹੁਣ ਆ ਕੇ ਬੋਲੇ ਐ ਸਰਕਸ ਆਲੇ ਰਪੀਏ। ਉਹ ਵੀ ਬਚਿੱਤਰ ਸਿਉਂ ਦੇ ਪੋਤਿਆਂ ਨੇ ਰੌਲਾ ਰੂਲਾ ਪਾ ਕੇ ਰਪੀਏ ਕਢਾ ਲੇ, ਇਹ ਬੁੜ੍ਹੇ ਕਿੱਥੋਂ ਕੱਢਦੇ ਸੀ। ਏਸੇ ਗੱਲ ਕਰਕੇ ਲੋਕ ਇਨ੍ਹਾਂ ਨੂੰ ਸਰਕਸ ਆਲੇ ਸਕੀਮੀਆਂ ਦਾ ਲਾਣਾ ਕਹਿੰਦੇ ਐ। ਸਕੀਮ ਲਾ ਕੇ ਪੈਂਸੇ ਬਣਾ ਗੇ।"

ਪ੍ਰਤਾਪਾ ਭਾਊ ਕਹਿੰਦਾ, "ਅੱਜ ਪਈ ਜਾਂਦਾ ਸਕੀਮੀਆਂ ਦੇ ਘਰ ਦਾ ਲੈਂਟਰ। ਕਹਿੰਦੇ ਦੋ ਢਾਈ ਸੌ ਬੰਦਾ ਲੱਗਿਆ ਵਿਆ ਲੈਂਟਰ ਪਾਉਣ। ਘਰ-ਘਰ ਦਾ ਬੰਦਾ ਗਿਆ ਵਿਆ ਪਿੰਡ 'ਚੋਂ।" ਏਨੇ ਚਿਰ ਨੂੰ ਗੱਲਾਂ ਕਰਦਿਆਂ ਕਰਦਿਆਂ ਤੋਂ ਗੁਰਦੁਆਰੇ ਦੇ ਸਪੀਕਰ 'ਚੋਂ ਹੋਕਾ ਆ ਗਿਆ ਬਈ 'ਸਰਕਸ ਵਾਲੇ ਬਚਿੱਤਰ ਸਿਉਂ ਸਕੀਮੀਆਂ ਦੇ ਲਾਣੇ ਕੇ ਘਰ ਦਾ ਜਿਹੜਾ ਲੈਂਟਰ ਪੈਂਦਾ ਸੀ ਉਹਦਾ ਕਾਲਬ ਡਿੱਗ ਪਿਆ ਤੇ ਬਹੁਤ ਸਾਰੇ ਬੰਦੇ ਕਾਲਬ ਦੇ ਹੇਠਾਂ ਆ ਗਏ। ਛੇਤੀ ਤੋਂ ਛੇਤੀ ਉਨ੍ਹਾਂ ਦੇ ਨਮੇਂ ਬਣਦੇ ਘਰੇ ਪਹੁੰਚੋ'।

ਸਪੀਕਰ 'ਚੋਂ ਹੋਕਾ ਸੁਣਦੇ ਸਾਰ ਸੱਥ ਵਾਲੇ ਸਾਰੇ ਜਣੇ ਹੇਰਾ ਫੇਰੀ ਨਾਲ 'ਕੱਠੇ ਕੀਤੇ ਪੈਸਿਆਂ ਦੀਆਂ ਗੱਲਾਂ ਕਰਦੇ ਸਰਕਸ ਵਾਲੇ ਸਕੀਮੀਆਂ ਦੇ ਘਰ ਨੂੰ ਭੱਜ ਨਿਕਲੇ ਤੇ ਵੇਂਹਦਿਆਂ ਵੇਂਹਦਿਆਂ ਸੱਥ ਖਾਲੀ ਹੋ ਗਈ।

---

ਲੇਖਕ : ਡਾ. ਗੁਰਜੀਤ ਸਿੰਘ ਭੱਠਲ
ਸੰਪਰਕ: 98142-05475

# ਆਲ੍ਹਣੇ



ਛੁੱਟੀ ਹੋਣ ਕਾਰਨ ਘਰ ਦੇ ਪਿਛਲੇ ਵਿਹੜੇ ਵਿੱਚ ਬੈਠਾ ਅਖ਼ਬਾਰ ਪੜ੍ਹ ਰਿਹਾ ਸੀ; ਅਚਾਨਕ ਘਰਵਾਲੀ ਦੀ ਅੰਦਰੋਂ ਆਵਾਜ਼ ਆਈ- "ਸੁਣੋ ਜੀ, ਏਸੀ ਵਾਲੇ ਨੂੰ ਫੋਨ ਕਰ ਦਿਉ, ਅੱਜ ਸਾਰੇ ਏਸੀ-ਆਂ ਦੀ ਸਰਵਿਸ ਕਰਵਾ ਲਈਏ... ਗਰਮੀ ਵਧ ਰਹੀ ਐ, ਤੇ ਕਦੇ ਵੀ ਏਸੀ ਚਲਾਉਣ ਦੀ ਲੋੜ ਪੈ ਸਕਦੀ ਹੈ।" ਇਹ ਸੁਣਦਿਆਂ ਹੀ ਮੈਨੂੰ ਧਿਆਨ ਆਇਆ ਕਿ ਸਾਡੇ ਏਸੀ ਦੇ ਬਾਹਰ ਵਾਲੇ ਪੱਖੇ ਪਿੱਛੇ ਤਾਂ ਘੁੱਗੀਆਂ ਨੇ ਆਲ੍ਹਣਾ ਬਣਾਇਆ ਹੋਇਆ ਹੈ ਜੋ ਪਿਛਲੇ ਦੋ-ਢਾਈ ਮਹੀਨਿਆਂ ਤੋਂ ਉੱਥੇ ਹੈ ਅਤੇ ਮੈਂ ਘੁੱਗੀ ਵੀ ਆਲ੍ਹਣੇ ਵਿੱਚ ਬੈਠੀ ਦੇਖੀ ਸੀ। ਪਿਛਲੇ ਚਾਰ ਪੰਜ ਸਾਲਾਂ ਤੋਂ ਇਹੀ ਸਿਲਸਿਲਾ ਚੱਲ ਰਿਹੈ, ਇਹ ਹਰ ਸਾਲ ਸਾਡੇ ਘਰੇ ਇਸੇ ਟਿਕਾਣੇ 'ਤੇ ਆ ਕੇ ਆਲ੍ਹਣਾ ਬਣਾਉਂਦੇ ਹਨ, ਤੇ ਅਸੀਂ ਵੀ ਜਦੋਂ ਤੱਕ ਬੱਚੇ ਉਡਣ ਨਹੀਂ ਲੱਗ ਜਾਂਦੇ, ਉਨ੍ਹਾਂ ਦਾ ਪੂਰਾ ਖਿਆਲ ਰੱਖਦੇ ਹਾਂ।

ਇਹ ਸੋਚਦਿਆਂ ਹੀ ਮੈਂ ਕੁਝ ਪੁਰਾਣੇ ਖਿਆਲਾਂ ਵਿੱਚ ਗੁਆਚ ਗਿਆ ਅਤੇ ਆਪਣੇ ਪਿੰਡ ਵਿੱਚ ਗੁਜ਼ਾਰੇ ਬਚਪਨ ਬਾਰੇ ਸੋਚਣ ਲੱਗ ਪਿਆ। ਕਿਵੇਂ ਅਸੀਂ ਸਾਰੇ (ਪੂਰਾ ਕੋੜਮਾ) ਤਾਏ-ਤਾਈਆਂ, ਚਾਚੇ-ਚਾਚੀਆਂ ਅਤੇ ਉਨ੍ਹਾਂ ਦੇ ਬੱਚੇ ਇਕੱਠੇ ਰਹਿੰਦੇ ਸੀ। ਸਾਡੇ ਬਾਬੇ (ਦਾਦਾ ਜੀ) ਦਾ ਪਰਿਵਾਰ 'ਤੇ ਪੂਰਾ ਰੋਅਬ ਹੁੰਦਾ ਸੀ। ਸਾਰੇ ਬੱਚੇ ਬਾਬਾ ਜੀ ਦੇ ਖੂੰਡੇ ਤੋਂ ਡਰਦੇ ਸਨ। ਕੋਈ ਵੀ ਉਨ੍ਹਾਂ ਦੀ ਗੱਲ ਨੂੰ ਨਾਂਹ ਨਹੀਂ ਸੀ ਕਹਿੰਦਾ। ਉਨ੍ਹਾਂ ਨੇ ਪਰਿਵਾਰ ਨੂੰ ਜੋੜ ਕੇ ਵੀ ਰੱਖਿਆ ਹੋਇਆ ਸੀ। ਸਮਾਂ ਬੀਤਣ ਨਾਲ ਬਾਬਾ ਜੀ ਦਾ ਸਰੀਰ ਅਤੇ ਨਿਗ੍ਹਾ ਵੀ ਕਮਜ਼ੋਰ ਹੋ ਗਈ। ਬਾਪੂ ਜੀ (ਪਿਤਾ ਜੀ) ਨੇ ਸਾਡੇ ਤਿੰਨਾਂ ਭੈਣ- ਭਰਾਵਾਂ ਦੀ ਪੜ੍ਹਾਈ ਅਤੇ ਚੰਗੇ ਭਵਿੱਖ ਨੂੰ ਦੇਖਦੇ ਹੋਏ ਸਾਨੂੰ ਪਿੰਡ ਤੋਂ ਪਟਿਆਲੇ ਸ਼ਹਿਰ ਰਹਿਣ ਲਈ ਲਿਆਂਦਾ ਪਰ ਪਿੰਡ ਨਾਲੋਂ ਮੋਹ ਨਾ ਟੁੱਟਿਆ ਅਤੇ ਪਿੰਡ ਅਕਸਰ ਹਰ ਦੁੱਖ-ਸੁੱਖ ਵਿੱਚ ਆਉਣਾ-ਜਾਣਾ ਲੱਗਿਆ ਰਹਿੰਦਾ ਸੀ। ਮੈਨੂੰ ਪੜ੍ਹਾਈ ਲਈ ਘਰੋਂ ਦੂਰ ਲੌਂਗੋਵਾਲ ਹੋਸਟਲ ਜਾਣਾ ਪਿਆ, ਪੜ੍ਹਾਈ ਪੂਰੀ ਕਰਦਿਆਂ ਹੀ ਮੇਰੀ ਨੌਕਰੀ ਲੱਗ ਗਈ ਅਤੇ ਫਿਰ ਸਮੇਂ ਨਾਲ ਵਿਆਹ। ਅਸੀਂ ਦੋਨੋਂ ਮੀਆਂ-ਬੀਵੀ ਨੇ ਨੌਕਰੀ ਕਰਦੇ ਹੋਣ ਕਾਰਨ ਆਪਣੇ ਸ਼ਹਿਰ ਵਾਲੇ ਘਰ ਤੋਂ ਰੋਜ਼ਾਨਾ ਡਿਊਟੀ 'ਤੇ ਆਉਣਾ-ਜਾਣਾ ਹੁੰਦਾ ਸੀ। ਘਰ ਸ਼ਹਿਰ ਦੇ ਬਿਲਕੁਲ ਵਿੱਚੋ-ਵਿੱਚ ਮੁੱਖ ਬਾਜ਼ਾਰ ਵਿੱਚ ਸੀ ਜਿਥੋਂ ਰੋਜ਼ਾਨਾ ਆਉਣ-ਜਾਣ ਵਿਚ ਮੁਸ਼ਕਿਲ ਹੁੰਦੀ ਸੀ। ਬਾਪੂ ਜੀ ਅਤੇ ਘਰ ਦੇ ਬਾਕੀ ਜੀਆਂ ਨਾਲ ਸਲਾਹ ਕਰ ਕੇ ਮੁਸ਼ਕਿਲਾਂ ਤੋਂ ਨਿਜਾਤ ਪਾਉਣ ਲਈ ਸ਼ਹਿਰ ਦੇ ਭੀੜ-ਭੜੱਕੇ ਤੋਂ ਦੂਰ ਅਰਬਨ ਅਸਟੇਟ ਪਟਿਆਲਾ ਵਿੱਚ ਘਰ ਬਣਾ ਲਿਆ ਪਰ ਮੋਹ ਦੀਆਂ ਤੰਦਾਂ ਹੋਰ ਵਧ ਗਈਆਂ... ਪਿੰਡ ਵੀ ਜਾਣਾ ਅਤੇ ਆਪਣੇ ਪੁਰਾਣੇ ਮੁੱਖ ਬਾਜ਼ਾਰ ਵਾਲੇ ਘਰੇ ਵੀ।

ਪਤਾ ਨਹੀਂ ਪੁਰਾਣੇ ਸਮਿਆਂ ਵਿੱਚ ਕਿਵੇਂ ਕਿੰਨੀਆਂ ਹੀ ਪੀੜ੍ਹੀਆਂ ਇੱਕੋ ਘਰ ਵਿੱਚ ਆਪਣਾ ਸਮਾਂ ਗੁਜ਼ਾਰ ਦਿੰਦੀਆਂ ਸਨ ਪਰ ਹੁਣ ਆਵਾਜਾਈ ਅਤੇ ਸੰਚਾਰ ਦੇ ਬਿਹਤਰੀਨ ਸਾਧਨਾਂ ਦੇ ਬਾਵਜੂਦ ਹਰ ਇੱਕ ਨੂੰ ਆਪਣਾਂ ਨਵਾਂ ਆਸ਼ੀਆਨਾ ਚਾਹੀਦਾ। ਪਿੰਡ ਵਿੱਚ ਵੀ ਹੁਣ ਹਰ ਘਰ ਵਿੱਚ ਵੰਡੀਆਂ ਪੈ ਗਈਆਂ ਹਨ। ਅੱਜ ਦੇ ਦੌਰ ਵਿੱਚ ਹਰ ਬੰਦਾ ਆਪਣੀ ਜ਼ਿੰਦਗੀ ਵਿੱਚ ਤਿੰਨ ਜਾਂ ਚਾਰ ਘਰ ਬਦਲ ਲੈਂਦਾ ਹੈ; ਚਾਹੇ ਉਹ ਖੁਸ਼ੀ ਨਾਲ ਬਦਲੇ ਜਾਂ ਫਿਰ ਮਜਬੂਰੀ ਜਾਂ ਨੌਕਰੀ ਕਾਰਨ ਜਾਂ ਬਿਹਤਰ ਭਵਿੱਖ ਕਾਰਨ।

ਪੰਜਾਬ ਵਿੱਚੋਂ ਨੌਜਵਾਨੀ ਦਾ ਪਰਵਾਸ ਦੇਖਦਿਆਂ ਸਾਨੂੰ ਆਪਣੀ ਹਾਲਤ ਉਸ ਘੁੱਗੀ ਵਰਗੀ ਹੋ ਗਈ ਜਾਪਦੀ ਹੈ।... ਜਦੋਂ ਹੀ ਬੱਚਿਆਂ ਦੇ ਖੰਭ ਨਿੱਕਲਦੇ ਹਨ, ਉਹ ਪਰਦੇਸ ਉਡਾਰੀ ਮਾਰ ਜਾਂਦੇ ਹਨ, ਤੇ ਮੁੜ ਉਸ ਆਲ੍ਹਣੇ ਵਿੱਚ ਨਹੀਂ ਪਰਤਦੇ। ਸਾਡੇ ਆਲ੍ਹਣੇ ਵੀ ਹੁਣ ਖਾਲੀ ਹੋ ਰਹੇ ਹਨ। ਅਸੀਂ ਕੂੰਜਾਂ (ਪਰਵਾਸੀ ਪੰਛੀ) ਨੂੰ ਆਪਣੇ ਮੁਲਕ ਆਉਂਦਿਆਂ ਦੇਖਦੇ ਹਾਂ, ਉਹ ਵੀ ਮੌਸਮ ਬਦਲਦੇ ਸਾਰ ਆਪਣੇ ਮੁਲਕ ਪਰਤ ਜਾਂਦੀਆਂ ਹਨ ਪਰ ਸਾਡੇ ਬੱਚੇ ਇਕ ਵਾਰ ਵਿਦੇਸ਼ ਗਏ ਫਿਰ ਨਹੀਂ ਪਰਤਦੇ... ਇਸੇ ਲਈ ਬਹੁਤੇ ਘਰ ਸੁੰਨੇ ਹੋ ਗਏ ਹਨ। ਸਾਡੀਆਂ ਸਰਕਾਰਾਂ ਨੂੰ ਖਾਲੀ ਹੋ ਰਹੇ ਇਨ੍ਹਾਂ ਆਲ੍ਹਣਿਆਂ ਦਾ ਖਿਆਲ ਕਰਨਾ ਚਾਹੀਦਾ ਹੈ ਅਤੇ ਚੰਗੇ ਰੁਜ਼ਗਾਰ ਦੇ ਢੁੱਕਵੇਂ ਪ੍ਰਬੰਧ ਅਤੇ ਚੰਗਾ ਮਾਹੌਲ ਬਣਾ ਕੇ ਪੰਜਾਬ ਵਿੱਚੋਂ ਹੋ ਰਿਹਾ ਪਰਵਾਸ ਘਟਾਉਣਾ ਚਾਹੀਦਾ ਹੈ।

# ਦੇਸੀ ਤੜਕਾ

## ਸੇਬ ਦੀ ਚਟਣੀ



**ਸਮੱਗਰੀ**

| | |
|---|---|
| 1 ਕਿਲੋਗ੍ਰਾਮ ਖੱਟੇ ਸੇਬ ਦੇ ਟੁਕੜੇ, | 10 ਗ੍ਰਾਮ ਵੱਡੀ ਇਲਾਇਚੀ, |
| 750 ਗ੍ਰਾਮ ਖੰਡ, 100 ਗ੍ਰਾਮ ਛੁਆਰੇ, | 10 ਗ੍ਰਾਮ ਸਫੈਦ ਜੀਰਾ, |
| 50 ਗ੍ਰਾਮ ਕਿਸ਼ਮਿਸ਼, 50 ਗ੍ਰਾਮ ਅਦਰਕ, | 1 ਟੁਕੜਾ ਦਾਲਚੀਨੀ, |
| 1 ਵੱਡਾ ਚਮਚ ਪੀਸੀ ਲਾਲ ਮਿਰਚ, | 250 ਗ੍ਰਾਮ ਸਿਰਕਾ, |
| 10 ਗ੍ਰਾਮ ਕਾਲੀ ਮਿਰਚ, | ਨਮਕ ਸਵਾਦ ਅਨੁਸਾਰ। |

ਵਿਧੀ : ਰਾਤ ਨੂੰ ਛੁਆਰਿਆਂ ਨੂੰ ਪਾਣੀ ਵਿਚ ਭਿਉਂ ਦਿਓ ਅਤੇ ਸਵੇਰੇ ਗਿਟਕਾਂ ਕੱਢ ਕੇ ਉਨ੍ਹਾਂ ਦੇ ਗੁੱਦੇ ਨੂੰ ਬਰੀਕ ਕਤਰ ਲਓ ਅਤੇ ਕੁਝ ਦੇਰ ਧੁੱਪ ਵਿਚ ਰੱਖ ਦਿਓ। ਅਦਰਕ ਨੂੰ ਕੱਦੂਕਸ਼ ਕਰ ਲਓ। ਕਾਲੀ ਮਿਰਚ, ਵੱਡੀ ਇਲਾਇਚੀ, ਜੀਰਾ ਅਤੇ ਦਾਲਚੀਨੀ ਨੂੰ ਇਕੱਠਾ ਕਰਕੇ ਬਰੀਕ ਪੀਸ ਲਓ। ਸੇਬ ਦੇ ਟੁਕੜਿਆਂ ਵਿਚ ਥੋੜ੍ਹਾ ਜਿਹਾ ਪਾਣੀ ਪਾ ਕੇ ਪਕਾ ਲਓ। ਜਦੋਂ ਗਲ ਜਾਣ ਤਾਂ ਨਮਕ, ਖੰਡ, ਕਿਸ਼ਮਿਸ਼ ਅਤੇ ਅਦਰਕ ਪਾ ਦਿਓ। ਥੋੜ੍ਹਾ ਗਾੜ੍ਹਾ ਹੋਣ 'ਤੇ ਸਭ ਮਸਾਲੇ ਪਾ ਦਿਓ। ਫਿਰ ਸਿਰਕਾ ਪਾ ਕੇ 5 ਮਿੰਟ ਤੱਕ ਪਕਾਓ ਅਤੇ ਠੰਢਾ ਹੋਣ 'ਤੇ ਮਰਤਬਾਨ ਵਿਚ ਭਰ ਕੇ ਰੱਖੋ।

## ਟਮਾਟਰ ਅਤੇ ਖਜੂਰ ਦੀ ਚਟਣੀ



**ਸਮੱਗਰੀ**

| | |
|---|---|
| | 25 ਗ੍ਰਾਮ ਲਾਲ ਮਿਰਚ, |
| 1 ਕਿਲੋਗ੍ਰਾਮ ਟਮਾਟਰ, 1 ਕਿਲੋਗ੍ਰਾਮ ਖਜੂਰ, | 50 ਗ੍ਰਾਮ ਕੱਦੂਕਸ਼ ਕੀਤਾ ਹੋਇਆ ਅਦਰਕ, |
| 250 ਗ੍ਰਾਮ ਬਿਨਾਂ ਬੀਜ ਤੋਂ ਇਮਲੀ, | ਇਕ ਛੋਟਾ ਚਮਚ ਹਲਦੀ, |
| 150 ਗ੍ਰਾਮ ਸਿਰਕਾ, 500 ਗ੍ਰਾਮ ਖੰਡ, | 25 ਗ੍ਰਾਮ ਜੀਰਾ, 25 ਗ੍ਰਾਮ ਧਨੀਆ, |
| 30 ਗ੍ਰਾਮ ਨਮਕ, | 1 ਛੋਟਾ ਚਮਚ ਗਰਮ ਮਸਾਲਾ। |

ਵਿਧੀ : ਜੀਰੇ ਅਤੇ ਧਨੀਏ ਨੂੰ ਭੁੰਨ ਕੇ ਪੀਸ ਲਓ। ਟਮਾਟਰ ਅਤੇ ਇਮਲੀ ਨੂੰ ਇਕੱਠੇ ਉਬਾਲ ਕੇ ਛਾਣ ਲਓ। ਖਜੂਰ ਨੂੰ ਥੋੜ੍ਹੇ ਜਿਹੇ ਘਿਓ ਵਿਚ ਸ਼ਾਕ ਦਿਓ। ਉਸ ਵਿਚ ਟਮਾਟਰ ਅਤੇ ਇਮਲੀ ਦਾ ਮਿਸ਼ਰਣ ਪਾ ਕੇ ਕੁਝ ਸਮੇਂ ਤੱਕ ਪੱਕਣ ਦਿਓ। ਸਾਰੇ ਮਸਾਲੇ ਅਤੇ ਕੱਦੂਕਸ਼ ਕੀਤਾ ਹੋਇਆ ਅਦਰਕ ਪਾ ਦਿਓ। ਥੋੜ੍ਹਾ ਪੱਕਣ 'ਤੇ ਖੰਡ ਪਾ ਦਿਓ। ਗਾੜ੍ਹੀ ਹੋਣ 'ਤੇ ਸਿਰਕਾ ਅਤੇ ਨਮਕ ਪਾ ਕੇ ਤੇਜ਼ ਸੇਕ 'ਤੇ 5 ਮਿੰਟ ਤੱਕ ਪਕਾਓ ਅਤੇ ਫਿਰ ਉਤਾਰ ਲਓ। ਗਰਮ ਮਸਾਲਾ ਪਾ ਕੇ ਠੰਢੀ ਹੋਣ 'ਤੇ ਸ਼ੀਸ਼ੇ ਦੇ ਬਰਤਨ ਵਿਚ ਭਰ ਕੇ ਰੱਖ ਦਿਓ। ਇਹ ਕਾਫੀ ਦਿਨ ਤੱਕ ਰਹਿ ਸਕਦੀ ਹੈ।

# ਤਕਨਾਲੋਜੀ ਟਾਈਮਜ਼

## ਆਈ-ਫੋਨ 17 ਸੀਰੀਜ਼ ਦੇ ਫੀਚਰ ਲਾਂਚ ਤੋਂ ਪਹਿਲਾਂ ਹੋਏ ਲੀਕ

ਐਪਲ ਹਰ ਸਾਲ iPhone ਦੀ ਇਕ ਨਵੀਂ ਸੀਰੀਜ਼ ਲਾਂਚ ਕਰਦਾ ਹੈ। ਇਸ ਕ੍ਰਮ 'ਚ, ਕੰਪਨੀ ਇਸ ਸਾਲ ਵੀ ਬਾਜ਼ਾਰ 'ਚ ਇਕ ਨਵੀਂ ਲੜੀ ਪੇਸ਼ ਕਰੇਗੀ। ਕੰਪਨੀ ਦੀ ਆਉਣ ਵਾਲੀ ਆਈਫੋਨ ਸੀਰੀਜ਼ ਆਈਫੋਨ 17 ਹੋਵੇਗੀ। ਆਈਫੋਨ ਪ੍ਰੇਮੀ ਇਸ ਸੀਰੀਜ਼ ਦੀ ਬੇਸਬਰੀ ਨਾਲ ਉਡੀਕ ਕਰ ਰਹੇ ਹਨ। ਆਈਫੋਨ 17 ਸੀਰੀਜ਼ ਸਤੰਬਰ-ਅਕਤੂਬਰ ਦੇ ਮਹੀਨੇ 'ਚ ਪੇਸ਼ ਕੀਤੀ ਜਾ ਸਕਦੀ ਹੈ। ਨਵੀਂ ਲੜੀ ਦੇ ਆਉਣ 'ਚ ਅਜੇ ਬਹੁਤ ਸਮਾਂ ਹੈ ਪਰ ਇਸ ਬਾਰੇ ਚਰਚਾਵਾਂ ਪਹਿਲਾਂ ਹੀ ਸ਼ੁਰੂ ਹੋ ਚੁੱਕੀਆਂ ਹਨ।

ਦੱਸ ਦਈਏ ਕਿ ਐਪਲ ਨਵੀਂ ਸੀਰੀਜ਼ 'ਚ ਚਾਰ ਆਈਫੋਨ ਲਾਂਚ ਕਰ ਸਕਦਾ ਹੈ ਜਿਸ 'ਚ ਆਈਫੋਨ 17, ਆਈਫੋਨ 17 ਏਅਰ, ਆਈਫੋਨ 17 ਪ੍ਰੋ ਅਤੇ ਆਈਫੋਨ 17 ਪ੍ਰੋ ਮੈਕਸ ਸ਼ਾਮਲ ਹੋਣਗੇ। ਇਸ ਦੌਰਾਨ ਇਸ ਵਾਰ ਕੰਪਨੀ ਪਲੱਸ ਮਾਡਲ ਦੀ ਬਜਾਏ ਆਈਫੋਨ 17 ਏਅਰ ਨੂੰ ਸੂਚੀ 'ਚ ਸ਼ਾਮਲ ਕਰ ਰਹੀ ਹੈ। ਲਾਂਚ ਤੋਂ ਕਈ ਮਹੀਨੇ ਪਹਿਲਾਂ ਹੀ ਆਈਫੋਨਜ਼ ਦੀ ਨਵੀਂ ਸੀਰੀਜ਼ ਸੰਬੰਧੀ ਕਈ ਲੀਕ ਸਾਹਮਣੇ ਆ ਚੁੱਕੇ ਹਨ।

ਸੂਤਰਾਂ ਤੋਂ ਮਿਲੀ ਜਾਣਕਾਰੀ ਅਨੁਸਾਰ ਆਈਫੋਨ 17 ਦੇ ਲੀਕ 'ਚ, ਬੇਸ ਮਾਡਲ ਤੋਂ ਲੈ ਕੇ ਆਈਫੋਨ 17 ਏਅਰ ਅਤੇ ਆਈਫੋਨ 17 ਪ੍ਰੋ ਸੀਰੀਜ਼ ਦੇ ਫੀਚਰ ਸਾਹਮਣੇ ਆਏ ਹਨ। ਹਾਲਾਂਕਿ ਐਪਲ ਨੇ ਆਉਣ ਵਾਲੀ ਆਈਫੋਨ ਸੀਰੀਜ਼ ਦੇ ਕਿਸੇ ਵੀ ਫੀਚਰ ਦਾ ਐਲਾਨ ਨਹੀਂ ਕੀਤਾ ਹੈ। ਇਸ ਦੌਰਾਨ ਸਪੈਸੀਫਿਕੇਸ਼ਨ ਦੇ ਨਾਲ-ਨਾਲ ਆਈਫੋਨ 17 ਸੀਰੀਜ਼ ਦੀ ਕੀਮਤ ਦਾ ਵੀ



ਖੁਲਾਸਾ ਹੋ ਗਿਆ ਹੈ। ਆਓ ਤੁਹਾਨੂੰ ਆਉਣ ਵਾਲੇ ਆਈਫੋਨ ਦੇ ਕੁਝ ਵੱਡੇ ਅਪਡੇਟਸ ਬਾਰੇ ਦੱਸਦੇ ਹਾਂ।

ਪਿਛਲੇ ਕਾਫ਼ੀ ਸਮੇਂ ਤੋਂ ਯੂਜ਼ਰਾਂ 'ਚ ਨਵੇਂ ਡਿਜ਼ਾਈਨ ਵਾਲੇ ਆਈਫੋਨ ਦੀ ਮੰਗ ਹੈ। ਮੰਨਿਆ ਜਾ ਰਿਹਾ ਹੈ ਕਿ ਇਸ ਵਾਰ ਕੰਪਨੀ ਆਈਫੋਨ 17 ਸੀਰੀਜ਼ ਦੇ ਡਿਜ਼ਾਈਨ 'ਚ ਵੱਡਾ ਬਦਲਾਅ ਕਰ ਸਕਦੀ ਹੈ। ਆਉਣ ਵਾਲੇ ਆਈਫੋਨਜ਼ ਦੀ ਮੋਟਾਈ ਕਾਫ਼ੀ ਘੱਟ ਜਾਵੇਗੀ, ਭਾਵ ਆਉਣ ਵਾਲੇ ਆਈਫੋਨ ਪਹਿਲਾਂ ਨਾਲੋਂ ਬਹੁਤ ਪਤਲੇ ਹੋਣਗੇ। ਜੇਕਰ ਲੀਕ 'ਤੇ ਵਿਸ਼ਵਾਸ ਕੀਤਾ ਜਾਵੇ, ਤਾਂ ਆਈਫੋਨ 17 ਸੀਰੀਜ਼ ਦੇ ਫੋਨਾਂ ਦੀ ਮੋਟਾਈ 5mm ਤੋਂ 6.25mm ਦੇ ਵਿਚਕਾਰ ਹੋ ਸਕਦੀ ਹੈ। ਆਈਫੋਨ ਦੀ ਨਵੀਂ ਸੀਰੀਜ਼ ਦੇ ਬੇਸ ਵੇਰੀਐਂਟ 'ਚ 6.1-ਇੰਚ ਦੀ ਸਕ੍ਰੀਨ ਹੋ ਸਕਦੀ ਹੈ ਅਤੇ ਪ੍ਰੋ ਸੀਰੀਜ਼ 'ਚ 6.6-ਇੰਚ ਦੀ ਸਕ੍ਰੀਨ ਹੋ ਸਕਦੀ ਹੈ। ਦੱਸ ਦਈਏ ਕਿ ਐਪਲ ਸਿੰਗਲ ਕੈਮਰਾ ਸੈੱਟਅਪ ਦੇ ਨਾਲ ਆਈਫੋਨ 17 ਏਅਰ ਸੀਰੀਜ਼ ਲਾਂਚ ਕਰ ਸਕਦਾ ਹੈ। ਇਸ ਵਾਰ ਆਈਫੋਨਜ਼ ਦੀ ਨਵੀਂ ਸੀਰੀਜ਼ 'ਚ ਇਕ ਬਿਲਕੁਲ ਵੱਖਰਾ ਕੈਮਰਾ ਮੋਡੀਊਲ ਦੇਖਿਆ ਜਾ ਸਕਦਾ ਹੈ। ਦੂਜੇ ਪਾਸੇ, ਪ੍ਰੋ ਮਾਡਲ 'ਚ ਇਕ ਆਇਤਾਕਾਰ ਕੈਮਰਾ ਬਾਰ ਉਪਲਬਧ ਹੋਵੇਗਾ। ਇਸ ਵਾਰ ਕੰਪਨੀ ਸੀਰੀਜ਼ ਦੇ ਸਾਰੇ ਆਈਫੋਨਜ਼ 'ਚ 120Hz ਰਿਫਰੈਸ਼ ਰੇਟ ਲਈ ਸਪੋਰਟ ਦੇ ਸਕਦੀ ਹੈ। ਅ19 ਚਿੱਪਸੈੱਟ ਨੂੰ ਫਿਹੋਨਏ 17 ਅਤੇ iPhone 17 ਅਰਿ 'ਚ ਪ੍ਰਦਰਸ਼ਨ ਲਈ ਸਮਰਥਿਤ ਕੀਤਾ ਜਾ ਸਕਦਾ ਹੈ। ਆਈਫੋਨ 17 ਅਤੇ ਆਈਫੋਨ 17 ਏਅਰ 'ਚ ਫੋਟੋਗ੍ਰਾਫੀ ਲਈ 48MP ਸੈਂਸਰ ਦਿੱਤਾ ਜਾ ਸਕਦਾ ਹੈ। ਸੈਲਫੀ ਅਤੇ ਵੀਡੀਓ ਕਾਲਿੰਗ ਲਈ, ਦੋਵਾਂ ਮਾਡਲਾਂ 'ਚ 24MP ਕੈਮਰਾ ਉਪਲਬਧ ਹੋ ਸਕਦਾ ਹੈ। ਫਿਲਹਾਲ, ਐਪਲ ਵੱਲੋਂ ਆਈਫੋਨ 17 ਸੀਰੀਜ਼ ਦੀ ਕੀਮਤ ਬਾਰੇ ਕੋਈ ਜਾਣਕਾਰੀ ਸਾਂਝੀ ਨਹੀਂ ਕੀਤੀ ਗਈ ਹੈ, ਪਰ ਲੀਕ 'ਚ ਕੀਮਤ ਦਾ ਖੁਲਾਸਾ ਹੋਇਆ ਹੈ। ਲੀਕ ਦੇ ਅਨੁਸਾਰ, ਆਈਫੋਨ 17 ਸੀਰੀਜ਼ ਦੇ ਬੇਸ ਵੇਰੀਐਂਟ ਦੀ ਕੀਮਤ 79,900 ਰੁਪਏ ਤੋਂ ਸ਼ੁਰੂ ਹੋ ਸਕਦੀ ਹੈ ਅਤੇ ਟਾਪ ਵੇਰੀਐਂਟ ਦੀ ਕੀਮਤ 1,44,900 ਰੁਪਏ ਤੱਕ ਜਾ ਸਕਦੀ ਹੈ। ਕੰਪਨੀ ਸਤੰਬਰ ਦੇ ਮਹੀਨੇ 'ਚ ਆਉਣ ਵਾਲੀ ਲੜੀ ਦਾ ਉਦਘਾਟਨ ਕਰ ਸਕਦੀ ਹੈ।

## ਹੁਣ ਏ.ਆਈ ਦੱਸੇਗਾ ਸ਼ਹਿਰ ਦੇ ਹਰ ਕੋਨੇ ਦਾ ਤਾਪਮਾਨ!

ਵਧਦੀ ਗਰਮੀ ਤੇ ਹੀਟਵੇਵ ਨਾਲ ਨਜਿੱਠਣ ਲਈ ਹੁਣ ਆਰਟੀਫੀਸ਼ੀਅਲ ਇੰਟੈਲੀਜੈਂਸ (AI) ਦੀ ਵਰਤੋਂ ਕੀਤੀ ਜਾਵੇਗੀ। ਆਈਆਈਟੀ ਕਾਨਪੁਰ ਇੱਕ ਅਜਿਹਾ ਮਾਡਲ ਵਿਕਸਤ ਕਰ ਰਿਹਾ ਹੈ ਜੋ ਸ਼ਹਿਰ ਦੇ ਵੱਖ-ਵੱਖ ਹਿੱਸਿਆਂ ਵਿੱਚ ਤਾਪਮਾਨ ਨੂੰ ਸਹੀ ਢੰਗ ਨਾਲ ਮਾਪੇਗਾ ਤੇ ਭਵਿੱਖਬਾਣੀ ਕਰੇਗਾ। ਇਸ ਮਾਡਲ ਰਾਹੀਂ, ਸਰਕਾਰ ਨੂੰ ਸ਼ਹਿਰ ਦੇ ਕਿਹੜੇ ਖੇਤਰ ਸਭ ਤੋਂ ਵੱਧ ਗਰਮ ਹਨ, ਇਸ ਬਾਰੇ ਜਾਣਕਾਰੀ ਮਿਲੇਗੀ ਤਾਂ ਜੋ ਉੱਥੇ ਪਾਣੀ, ਬਿਜਲੀ ਅਤੇ ਛਾਂਦਾਰ ਥਾਵਾਂ ਵਰਗੀਆਂ ਜ਼ਰੂਰੀ ਸੇਵਾਵਾਂ ਲਈ ਬਿਹਤਰ ਪ੍ਰਬੰਧ ਕੀਤੇ ਜਾ ਸਕਣ।

ਆਈਆਈਟੀ ਕਾਨਪੁਰ ਦੇ ਪ੍ਰੋਫੈਸਰ ਐੱਸਐੱਨ ਤ੍ਰਿਪਾਠੀ ਨੇ ਕਿਹਾ ਕਿ ਹੁਣ ਤੱਕ ਸ਼ਹਿਰ 'ਚ ਕੁਝ ਥਾਵਾਂ 'ਤੇ ਤਾਪਮਾਨ ਮਾਪਣ ਲਈ ਯੰਤਰ ਲਗਾਏ ਜਾਂਦੇ ਸਨ ਤਾਂ ਜੋ ਪੂਰੇ ਸ਼ਹਿਰ ਦਾ ਤਾਪਮਾਨ ਇੱਕੋ ਜਿਹਾ ਦੱਸਿਆ ਜਾ ਸਕੇ। ਹਾਲਾਂਕਿ, ਸ਼ਹਿਰ ਦੇ ਵੱਖ-ਵੱਖ ਹਿੱਸਿਆਂ ਵਿੱਚ ਤਾਪਮਾਨ ਵਿੱਚ 5 ਤੋਂ 8 ਡਿਗਰੀ ਸੈਲਸੀਅਸ ਦਾ ਅੰਤਰ ਹੋ ਸਕਦਾ ਹੈ। ਉਦਾਹਰਣ ਵਜੋਂ, ਜੇਕਰ ਸ਼ਹਿਰ ਦਾ ਤਾਪਮਾਨ 44 ਡਿਗਰੀ ਕਿਹਾ ਜਾਂਦਾ ਹੈ, ਤਾਂ ਕੁਝ ਥਾਵਾਂ 'ਤੇ ਇਹ 49 ਜਾਂ 51 ਡਿਗਰੀ ਹੋ ਸਕਦਾ ਹੈ। ਇਸ ਸਮੱਸਿਆ ਨੂੰ ਹੱਲ ਕਰਨ ਲਈ, ਹੁਣ ਸੂਖਮ ਪੱਧਰ 'ਤੇ ਸੈਂਸਰ ਲਗਾਏ ਜਾ ਰਹੇ ਹਨ ਜੋ ਵਧੇਰੇ ਸਹੀ ਡੇਟਾ ਪ੍ਰਦਾਨ ਕਰਨਗੇ।

ਇਸ ਡੇਟਾ ਦੀ ਵਰਤੋਂ ਕਰਕੇ, ਗਰਮੀ ਤੋਂ ਸਭ ਤੋਂ ਵੱਧ ਪ੍ਰਭਾਵਿਤ ਖੇਤਰਾਂ ਵਿੱਚ ਜ਼ਰੂਰੀ ਸੇਵਾਵਾਂ ਪ੍ਰਦਾਨ ਕੀਤੀਆਂ ਜਾ ਸਕਦੀਆਂ ਹਨ। ਇਸ ਤੋਂ ਇਲਾਵਾ, ਏਆਈ ਮਾਡਲ ਇਹ ਵੀ ਸੁਝਾਅ ਦੇਵੇਗਾ ਕਿ ਕਿਸ ਖੇਤਰ 'ਚ ਪੌਦੇ ਲਗਾਏ ਜਾ ਸਕਦੇ ਹਨ, ਟ੍ਰੈਫਿਕ ਪ੍ਰਣਾਲੀ ਵਿੱਚ ਸੁਧਾਰ ਕੀਤਾ ਜਾ ਸਕਦਾ ਹੈ ਜਾਂ ਉਦਯੋਗਿਕ ਖੇਤਰਾਂ 'ਚ ਕਿਸ ਤਰ੍ਹਾਂ ਦੇ ਉਪਾਅ ਕੀਤੇ ਜਾ ਸਕਦੇ ਹਨ। ਇਸ ਮਾਡਲ ਨੂੰ ਇੱਕ ਸਾਲ ਦੇ ਅੰਦਰ ਲਾਗੂ ਕਰਨ ਦੀ ਯੋਜਨਾ ਹੈ ਅਤੇ ਇਸਨੂੰ ਦੇਸ਼ ਭਰ ਦੇ ਵੱਖ-ਵੱਖ ਸ਼ਹਿਰਾਂ 'ਚ ਲਾਗੂ ਕੀਤਾ ਜਾਵੇਗਾ।

ਹੀਟ ਵਾਚ 2024 ਦੇ ਅਨੁਸਾਰ, ਪਿਛਲੇ ਸਾਲ ਗਰਮੀ ਨਾਲ ਸਬੰਧਤ 733 ਮੌਤਾਂ ਹੋਈਆਂ। ਮਾਹਿਰਾਂ ਦਾ ਕਹਿਣਾ ਹੈ ਕਿ ਅਗਲੇ ਕੁਝ ਸਾਲਾਂ ਵਿੱਚ ਗਰਮੀ ਅਤੇ ਹੀਟਵੇਵ ਇੱਕ ਵੱਡੀ ਚੁਣੌਤੀ ਬਣ ਸਕਦੀਆਂ ਹਨ। ਜੇਕਰ ਇਸ ਏਆਈ ਮਾਡਲ ਦੀ ਸਹੀ ਵਰਤੋਂ ਕੀਤੀ ਜਾਵੇ ਤਾਂ ਗਰਮੀ ਨਾਲ ਹੋਣ ਵਾਲੀਆਂ ਮੌਤਾਂ ਨੂੰ ਘਟਾਇਆ ਜਾ ਸਕਦਾ ਹੈ, ਜਿਸ ਨਾਲ ਇਹ ਅੰਕੜਾ ਘਟੇਗਾ।

# ਕਾਵਿ ਕਿਆਰੀ

## ਇਸ਼ਕ ਸਮੁੰਦਰ

ਇਸ਼ਕ ਸਮੁੰਦਰ ਬਹੁਤ ਡੂੰਘੇਰਾ,
ਵਿਰਲਾ-ਟਾਵਾਂ ਤਰਦਾ।
ਮੰਝਧਾਰ ਵਿੱਚ ਗੋਤੇ ਖਾਵੇ,
ਨਾ ਜੀਂਦਾ ਨਾ ਮਰਦਾ।

ਜਿਨ੍ਹਾਂ ਇਸ ਵਿੱਚ ਪੈਰ ਟਿਕਾਇਆ,
ਰਹੇ ਘਾਟ ਨਾ ਘਰ ਦਾ।
ਬਿਖੜੇ ਮਾਰਗ ਚੱਲਣੋਂ ਹਰ ਇੱਕ,
ਕਦਮ ਧਰਨ ਤੋਂ ਡਰਦਾ।

ਦੁਨੀਆ ਦੀ ਕੋਈ ਲਾਜ-ਸ਼ਰਮ ਤੇ,
ਨਾ ਹੀ ਕਿਸੇ ਤੋਂ ਪਰਦਾ।
ਇਸ਼ਕ 'ਚ ਡੁੱਬਣਾ ਮੌਤ ਜਾਪਦਾ,
ਬਿਨ ਇਹਦੇ ਨਾ ਸਰਦਾ।

ਆਸ਼ਕ ਤਰਸੇ ਦੀਦ ਮਾਸ਼ੂਕਾ,
ਠੰਢੇ ਹਾਉਕੇ ਭਰਦਾ।
ਜਿਨ੍ਹਾਂ ਸੀਨੇ ਤਾਂਘ ਮਿਲਣ ਦੀ,
ਹਰ ਤਾਅਨੇ ਨੂੰ ਜਰਦਾ।

ਏਥੇ ਨਹੀਂ ਕੋਈ ਹਾਕਮ ਮਾਲਕ,
ਨਾ ਬਰਦੀ ਨਾ ਬਰਦਾ।
ਹਾਰੀ-ਸਾਰੀ ਦੁਨੀਆਂਦਾਰੀ,
ਇਸ਼ਕ ਹੈ ਅਸਲੀ ਨਰ ਦਾ।

**ਲੇਖਕ : ਪ੍ਰੋ. ਨਵ ਸੰਗੀਤ ਸਿੰਘ**
**ਸੰਪਰਕ: 94176-92015**

## ਗ਼ਜ਼ਲ

ਅੰਬਰ ਨੂੰ ਕੋਈ ਜਿੰਦੇ ਕੁੰਡੇ,
ਲਾ ਨਹੀਂ ਸਕਦਾ।
ਪੌਣਾਂ ਪੈਰੀਂ ਬੇੜੀਆਂ,
ਕੋਈ ਪਾ ਨਹੀਂ ਸਕਦਾ।
ਠੱਲ੍ਹ ਕਿਵੇਂ ਸਕਦਾ ਕੋਈ,
ਵਗਦੇ ਪਾਣੀਆਂ ਨੂੰ,
ਸੂਰਜ ਨੂੰ ਕੋਈ ਧਰਤੀ ਉੱਤੇ,
ਲਾਹ ਨਹੀਂ ਸਕਦਾ।
ਫ਼ਿਕਰਾਂ ਦੇ ਵਿੱਚ ਉਮਰ ਗੁਜ਼ਾਰੀ,
ਜਾਵੇ ਝੁਰ ਝੁਰ ਕੇ,
ਪੰਛੀਆਂ ਵਾਂਗੂੰ ਬੰਦਾ ਮੌਜ,
ਉਡਾ ਨਹੀਂ ਸਕਦਾ।
ਕੌਣ ਕਤਾਵੇਗਾ ਤੂੰ ਦੱਸੀਂ,
ਰੇਸ਼ਮ ਰਿਸ਼ਮਾਂ ਦਾ,
ਚੰਨ ਦੇ ਚਾਨਣ ਨੂੰ,
ਕੋਈ ਡੱਕਾਂ ਪਾ ਨਹੀਂ ਸਕਦਾ।
ਇਤਰ ਫੁਲੇਲਾਂ ਲਾ ਕੇ,
ਤਨ ਮਹਿਕਾਈ ਫਿਰਦਾ ਏ,
ਬਿਨ ਕਿਰਦਾਰੋਂ ਬੰਦਾ,
ਮਨ ਮਹਿਕਾ ਨਹੀਂ ਸਕਦਾ।
ਅੱਧ ਵਿਚਾਲੇ ਬੈਠ ਗਿਆ ਏ,
ਢੇਰੀ ਢਾਹੀ ਜੋ,
ਸਿਰੜਾਂ ਬਾਝੋਂ ਪਾਂਧੀ,
ਮੰਜ਼ਿਲ ਪਾ ਨਹੀਂ ਸਕਦਾ।

**ਲੇਖਕ : ਰਣਜੀਤ ਕੌਰ ਰਤਨ**

## ਅੱਲ੍ਹਾ ਕਰੇ ਵਾਅ ਨਾ ਵਗੇ

ਅੱਲ੍ਹਾ ਕਰੇ ਵਾਅ ਨਾ ਵਗੇ
ਜੇ ਵਾਅ ਵਗੇਗੀ ਚੁੰਨੀਂ ਮੇਰੀ ਉਡੇਗੀ
ਚੁੰਨੀਂ ਮੇਰੀ ਉਡੇਗੀ ਤੇ ਸੰਗ ਮੈਨੂੰ ਆਵੇਗੀ
ਅੱਲ੍ਹਾ ਕਰੇ ਵਾਅ ਨਾ ਵਗੇ

ਜੇ ਵਾਅ ਵਗੇਗੀ ਲਟ ਮੇਰੀ ਖੁਲ੍ਹੇਗੀ
ਲਟ ਮੇਰੀ ਖੁਲ੍ਹੇਗੀ ਤੇ ਨਵੀਂ ਸੋਝੀ ਪਾਵੇਗੀ
ਅੱਲ੍ਹਾ ਕਰੇ ਵਾਅ ਨਾ ਵਗੇ

ਜੇ ਵਾਅ ਵਗੇਗੀ ਸਾਂ ਸਾਂ ਹੋਏਗੀ
ਸਾਂ ਸਾਂ ਹੋਏਗੀ ਤੇ ਚੁੰਨੀਂ ਮੇਰੀ ਜਾਏਗੀ
ਅੱਲ੍ਹਾ ਕਰੇ ਵਾਅ ਨਾ ਵਗੇ

**ਲੇਖਕ : ਅਹਿਮਦ ਰਾਹੀ**

## ਰੀਲਾਂ

ਜਦੋਂ ਭੈਣਾਂ ਜਵਾਨ ਹੋਈਆਂ
ਉਦੋਂ ਮੋਬਾਈਲ ਨਹੀਂ ਸਨ
ਨੇੜੇ ਤੇੜੇ ਗਾਣਿਆਂ ਦੀ
ਆਵਾਜ਼ ਨਹੀਂ ਸੀ
ਰੀਲਾਂ 'ਤੇ ਲੱਕ ਹਿਲਾ ਕੇ
ਨੱਚਣ ਦਾ ਰਿਵਾਜ ਨਹੀਂ ਸੀ
ਉਹ ਦੁਕਾਨ 'ਤੇ ਆਉਂਦੀਆਂ
ਕੱਪੜਿਆਂ ਦੀਆਂ ਕਤਰਨਾਂ
ਨਾਲ ਲਿਆਉਂਦੀਆਂ
ਇਨ੍ਹਾਂ ਟੁਕੜਿਆਂ ਨਾਲ
ਰੀਲਾਂ ਮਿਲਾਉਂਦੀਆਂ
ਸਾਰਾ ਸਾਰਾ ਦਿਨ
ਕੱਪੜੇ ਸਿਊਂਦੀਆਂ
ਬਾਪੂ ਨਾਲ
ਕਬੀਲਦਾਰੀ ਦਾ
ਭਾਰ ਵੰਡਾਉਂਦੀਆਂ
ਉਹ ਰੀਲਾਂ...
ਜਿਨ੍ਹਾਂ ਨੇ ਉਨ੍ਹਾਂ ਨੂੰ
ਕਿਰਤ ਦਾ ਰਾਹ ਦਿੱਤਾ
ਮਿਹਨਤ ਦਾ ਚਾਅ ਦਿੱਤਾ
ਇੱਜ਼ਤ ਬਖ਼ਸ਼ੀ
ਚੰਗੇ ਘਰੀਂ ਵਸਾ ਦਿੱਤਾ
ਤੇ ਅੱਜ ਇਹ ਰੀਲਾਂ...
ਜਿਨ੍ਹਾਂ ਨੇ ਕੁੜੀਆਂ ਨੂੰ
ਸਭ ਕੁਝ ਭੁਲਾ ਦਿੱਤਾ
ਪਤਾ ਨਹੀਂ
ਕੀ ਤੋਂ ਕੀ ਬਣਾ ਦਿੱਤਾ

**ਲੇਖਕ : ਪ੍ਰੀਤ ਭਾਗੀਕੇ**
**ਸੰਪਰਕ: 98148-66367**

## ਇਹ ਨੇਰ੍ਹੇ

ਇਹ ਨੇਰ੍ਹੇ ਦਾ ਜਾਦੂ ਇਕ ਦਿਨ ਟੁੱਟੇਗਾ ।
ਮੇਰੇ ਜੁੱਸੇ ਵਿੱਚੋਂ ਸੂਰਜ ਫੁੱਟੇਗਾ ।
ਹੁਣ ਤੇ ਸਾਹ ਵੀ ਟਾਵਾਂ-ਟਾਵਾਂ ਆਉਂਦਾ ਏ,
ਰੂਹ ਦਾ ਪੰਛੀ ਪਿੰਜਰੇ ਵਿੱਚੋਂ ਛੁੱਟੇਗਾ ।

ਰਸਮਾਂ ਦੇ ਇਸ ਭਰਵੇਂ-ਭਰਵੇਂ ਮੇਲੇ ਚੋਂ,
ਸੋਚ ਰਿਹਾ ਵਾਂ ਕਿਹੜਾ ਝੰਡੀ ਪੁੱਟੇਗਾ ।
ਚੜ੍ਹਿਆ ਫਿਰਦਾ ਏਂ ਤੂੰ ਤਖ਼ਤਾਂ-ਤਾਜਾਂ ਤੇ,
ਇਕ ਦਿਨ ਵੇਲਾ ਤੈਨੂੰ ਹੇਠਾਂ ਸੁੱਟੇਗਾ ।

ਗ਼ਮ ਦੀ ਜੰਝ ਚੜ੍ਹੀ ਏ ਬਾਜੇ-ਗਾਜੇ ਨਾਲ,
ਕਿਹੜਾ ਪਲਕਾਂ ਉੱਤੋਂ ਹੀਰੇ ਲੁੱਟੇਗਾ ।
ਮੈਂ ਜੀਹਨੂੰ ਪਰਵਾਜ਼ਾਂ ਦਿੱਤੀਆਂ ਅੰਤ ਦੀਆਂ,
ਪਤਾ ਨਹੀਂ ਸੀ ਮੈਨੂੰ ਅੰਬਰੋਂ ਸੁੱਟੇਗਾ ।

ਮੈਂ ਗਲਘੋਟੂ ਦਿੱਤੇ ਜਿਸਰਾਂ ਸੱਧਰਾਂ ਨੂੰ,
ਮੇਰੇ ਵਾਂਗੂੰ ਕਿਹੜਾ ਸਾਹਵਾਂ ਪੁੱਟੇਗਾ ।
ਰਾਹ ਇਕਲਾਪੇ ਦਾ ਮੈਂ 'ਅਕਰਮ' ਛੋਹਿਆ ਏ,
ਰਸਤਾ ਆਪੇ ਮੈਨੂੰ ਵੇਖ ਕੇ ਹੁੱਟੇਗਾ ।

**ਲੇਖਕ : ਅਕਰਮ ਬਾਜਵਾ**

## ਕੁਝ ਬਦਲਿਆ ਏ ਰੁਖ ਨਿਗਾਹਵਾਂ ਦਾ

ਕੁਝ ਬਦਲਿਆ ਏ ਰੁਖ ਨਿਗਾਹਵਾਂ ਦਾ ।
ਜ਼ਿੰਦਗੀ ਤੇਰੀਆਂ ਅਦਾਵਾਂ ਦਾ ।

ਬਾਤ ਸੱਚ ਈ ਸਿਆਣੇ ਕਹਿ ਗਏ ਨੇ,
ਮਾਨ ਹੁੰਦਾ ਬੜਾ ਏ ਬਾਹਵਾਂ ਦਾ ।

ਆਕਸੀਜਨ ਖ਼ੁਸ਼ੀ ਦੀ ਲਾਜ਼ਮ ਏ,
ਸਿਲਸਲਾ ਇਸ ਦੇ ਨਾਲ ਸਾਹਵਾਂ ਦਾ ।

ਜਦ ਦੇ ਉਹਦੀ ਨਜ਼ਰ ਦੇ ਵਿਚ ਆਏ,
ਖ਼ੌਫ਼ ਰਹਿਆ ਨਾ ਕੋਈ ਬਲਾਵਾਂ ਦਾ ।

ਕੌਮੀ ਗ਼ੈਰਤ ਨੂੰ ਛੱਡ ਕੇ 'ਆਸੀ' ਜੀ,
ਹੌਲ ਪੈ ਗਿਆ ਅਸਾਂ ਨੂੰ ਨਾਵਾਂ ਦਾ ।

**ਲੇਖਕ : ਆਸਿਫ਼ 'ਆਸੀ'**

## ਹੰਕਾਰ ਦੀ ਹੱਦ

ਏਦੂੰ ਵੱਧ ਨਾ ਹੁਣ ਝੱਲ ਹੋਣਾ,
ਵਗਿਆ ਸਿਰ ਉੱਤੋਂ ਖਾਲ ਬੀਬਾ।
ਵੇਲਾ ਖੁੰਝਿਆ ਨਾ ਹੱਥ ਆਉਂਦਾ,
ਆਪਾ ਅਜੇ ਵੀ ਲੈ ਸੰਭਾਲ ਬੀਬਾ।

ਅੱਗ ਭੁੱਬਲ ਦੀ ਨਾ ਸੇਕ ਐਵੇਂ,
ਪਲ ਗੁਜ਼ਰਦਾ ਵਾਂਗ ਸਾਲ ਬੀਬਾ।
ਘੁੰਡ ਜਾਂਦੇ ਮੁੜ ਸਮੁੰਦਰਾਂ ਦੇ,
ਜਦ ਸੂਰਜ ਤਪਦਾ ਲਾਲ ਬੀਬਾ।

ਕਿਹੜੀ ਗੱਲੋਂ ਕਰੇਂ ਘੁਮੰਡ ਐਡਾ,
ਹਵਾ ਕੈਦ ਨਾ ਰਹੇ ਵਿੱਚ ਜਾਲ ਬੀਬਾ।
ਗੱਡੇ ਗਜ ਨਾ ਸਦਾ ਰਹਿਣਾ ਏਥੇ,
ਜਾਣਾ ਸਭ ਨੇ ਚੱਲੋ ਚਾਲ ਬੀਬਾ।

ਲੱਭਣਾ ਕੁਝ ਨਾ ਕਹਿ ਕੁਰਾ 'ਭਗਤਾ',
ਛੱਡ ਹੰਕਾਰਾਂ ਵਾਲੇ ਖਿਆਲ ਬੀਬਾ।
ਆਏ ਗਏ ਦੀ ਜੱਗ ਸਰਾਂ ਏਹੇ,
ਭੱਜੀ ਫਿਰ ਨਾ ਆਲ ਪਤਾਲ ਬੀਬਾ।

**ਲੇਖਕ : ਬਰਾੜ-ਭਗਤਾ ਭਾਈ ਕਾ**
**ਸੰਪਰਕ : 1-604-751-1113**

## ਗ਼ਜ਼ਲ

ਕਾਲੇ ਸਿਆਹ ਨਾ ਹੁੰਦੇ, ਨ੍ਹੇਰੇ ਨੂੰ ਢੋਣ ਵਾਲੇ।
ਮਨ ਦੇ ਨਾ ਮੈਲੇ ਹੁੰਦੇ, ਮੈਲੇ ਨੂੰ ਧੋਣ ਵਾਲੇ।
ਸੰਘਰਸ਼ ਜ਼ਿੰਦਗੀ ਹੈ, ਉਹ ਭੁੱਲ ਜਾਂਦੇ ਬਿਲਕੁਲ,
ਦਿਨ ਰਾਤ ਹੰਝੂਆਂ ਦੀ, ਮਾਲਾ ਪਰੋਣ ਵਾਲੇ।
ਬਿਰਹੋਂ ਦਾ ਰੋਗ ਚੰਦਾ, ਦਿਲ ਤਾਈਂ ਲਾ ਗਿਆ ਜੋ,
ਲੱਭਣਗੇ ਵੈਦ ਕਿੱਥੋਂ, ਨਾੜੀ ਨੂੰ ਟੋਹਣ ਵਾਲੇ?
ਬਚ ਕੇ ਰਹੀਂ ਇਨ੍ਹਾਂ ਤੋਂ, ਇਹ ਮਿੱਤ ਕਿਸੇ ਦੇ ਨਾਹੀਂ,
ਹੁਸਨਾਂ ਦੇ ਇਹ ਛਲਾਵੇ, ਦਿਲ ਤਾਈਂ ਮੋਹਣ ਵਾਲੇ।
ਧੀ ਪੁੱਤ ਵੇਚ ਦਿੱਤੇ, ਖੱਟੇ ਨੇ ਪੌਂਡ ਡਾਲਰ,
ਹੁਣ ਬਣ ਗਏ ਵਪਾਰੀ, ਮੱਝਾਂ ਨੂੰ ਚੋਣ ਵਾਲੇ।
ਕਿਰਤੀਓ ਹੱਥ ਨਾ ਅੱਡੋ, ਜ਼ਾਲਮ ਦੇ ਹੱਥ ਵੱਢੋ,
ਹੱਥਾਂ 'ਤੇ ਹੱਕ ਰੱਖਣ, ਹੱਕਾਂ ਨੂੰ ਖੋਹਣ ਵਾਲੇ।
ਪੀਂਦੇ ਨੇ ਜੋ ਸਿਤਮਗਰ, ਅੱਜ ਖ਼ੂਨ ਆਸ਼ਕਾਂ ਦਾ,
ਉੱਠਣਗੇ ਇੱਕ-ਨਾ-ਇੱਕ ਦਿਨ, ਬਰਬਾਦ ਹੋਣ ਵਾਲੇ।
ਦੇਖਾਂ ਕਿਵੇਂ ਬਚਾਵਣ, ਆਪਾ ਇਹਦੀ ਜ਼ਹਿਰ ਤੋਂ,
'ਰੁਪਾਲ' ਨਾਗ ਜ਼ਹਿਰੀ, ਅੰਦਰ ਲੁਕੋਣ ਵਾਲੇ।

**ਜਸਵਿੰਦਰ ਸਿੰਘ 'ਰੁਪਾਲ'**
**ਸੰਪਰਕ: 98147-15796**

## ਗ਼ਜ਼ਲ

ਝਾਤ ਜਿਹੀ ਇੱਕ ਮਾਰ ਗਏ ਉਹ ਜਾਂਦੇ ਜਾਂਦੇ।
ਪੱਥਰ ਦਿਲ ਵੀ ਤਾਰ ਗਏ ਉਹ ਜਾਂਦੇ ਜਾਂਦੇ।
ਖਿੜਿਆ ਚਿਹਰਾ, ਲਪਟਾਂ ਮਾਰੇ, ਨੈਣ ਸ਼ਰਾਬੀ,
ਬਿਨ ਬੋਲੇ ਹੀ ਸਾਰ ਗਏ ਉਹ ਜਾਂਦੇ ਜਾਂਦੇ।
ਲੰਘਿਆ ਵੇਲਾ ਯਾਦ ਕਰਾਵਣ ਆਏ ਸੀ ਉਹ,
ਅੱਲੇ ਜ਼ਖ਼ਮ ਖਿਲਾਰ ਗਏ ਉਹ ਜਾਂਦੇ ਜਾਂਦੇ।
ਹੁਸਨਾਂ ਦੀ ਤਾਂ, ਧਰਤੀ, ਅੰਬਰ ਪੂਜਾ ਕਰਦੇ,
ਨਖ਼ਰੇ ਸੰਗ ਨਿਹਾਰ ਗਏ ਉਹ ਜਾਂਦੇ ਜਾਂਦੇ।
ਹਰ ਬੰਦਾ ਹੀ ਟੇਢਾ ਟੇਢਾ ਤੱਕਦਾ ਰਹਿੰਦੈ,
ਤਪਦੇ ਸੀਨੇ ਠਾਰ ਗਏ ਉਹ ਜਾਂਦੇ ਜਾਂਦੇ।
ਜੀਵਨ ਭਾਗਾਂ ਭਰਿਆ ਇਸ ਨੂੰ ਸਮਝ ਸਕੇ ਨਾ,
ਲੱਗੀ ਯਾਰੀ ਖਾਰ ਗਏ ਉਹ ਜਾਂਦੇ ਜਾਂਦੇ।
ਭੋਲ਼ੇ ਭਾਲ਼ੇ ਬਣਕੇ ਲੁੱਟਣਾ ਕੰਮ ਉਨ੍ਹਾਂ ਦਾ,
ਕਰ ਵੀ ਬੇਰੁਜ਼ਗਾਰ ਗਏ ਉਹ ਜਾਂਦੇ ਜਾਂਦੇ।
ਫੱਟੜ ਕੀਤਾ ਹੁੰਦਾ, ਮੱਲ੍ਹਮ ਲਾਉਂਦਾ ਦਿਲ 'ਤੇ,
ਕਰਕੇ ਤਾਰੋ ਤਾਰ ਗਏ ਉਹ ਜਾਂਦੇ ਜਾਂਦੇ।
ਧੋਖੇਬਾਜ਼ੀ ਦੁਨੀਆ ਵਿੱਚ ਹੈ ਚਲਦੀ 'ਲੋਟੇ',
ਆਖ਼ਰ ਕਰ ਹੁਸ਼ਿਆਰ ਗਏ ਉਹ ਜਾਂਦੇ ਜਾਂਦੇ।

**ਲੇਖਕ : ਸੁਖਵਿੰਦਰ ਸਿੰਘ ਲੋਟੇ**
**ਸੰਪਰਕ: 94177-73277**

## ਬਦਲਣਾ ਤੈਅ

ਜਦ ਪੈਸੇ ਆ ਜਾਣ ਚਾਰ
ਵੱਡੀ ਕੋਠੀ ਤੇ ਮਹਿੰਗੀ ਕਾਰ
ਫੇਰ ਬਦਲਣਾ ਤੈਅ ਹੀ ਹੁੰਦਾ ਹੈ।

ਆਪਣੇ ਨਾਲ ਖੜ੍ਹੀ ਸਰਕਾਰ
ਫੋਨ 'ਤੇ ਹੋ ਜਾਵਣ ਕੰਮਕਾਰ
ਫੇਰ ਬਦਲਣਾ ਤੈਅ ਹੀ ਹੁੰਦਾ ਹੈ।

ਪੁੱਤ ਜਵਾਨ ਉਹ ਬਿਨਾਂ ਲਗਾਮ
ਮਾਂ ਦਾ ਪਰਦਾ ਪੈਸਾ ਤਮਾਮ
ਫੇਰ ਬਦਲਣਾ ਤੈਅ ਹੀ ਹੁੰਦਾ ਹੈ।

ਅੱਖ ਦਾ ਓਹਲਾ ਬੁਰਾ ਵਿਚੋਲਾ
ਰੁਲ ਜਾਏ ਜ਼ਿੰਦਗੀ ਪਏ ਘਚੋਲਾ
ਫੇਰ ਬਦਲਣਾ ਤੈਅ ਹੀ ਹੁੰਦਾ ਹੈ।

ਸਮੇਂ ਦੀ ਕਦਰ ਨੀਵੀਂ ਨਜ਼ਰ
ਗੁਰਬਤ ਚੇਤੇ ਮਿਹਨਤ ਦੀ ਖ਼ਬਰ
ਫੇਰ ਬਦਲਣਾ ਤੈਅ ਹੀ ਹੁੰਦਾ ਹੈ।

ਖ਼ੁਸ਼ੀ ਦੇ ਖੇੜੇ ਧਾਲੀਵਾਲਾ ਚਾਰ ਬਥੇਰੇ
ਮੰਜ਼ਿਲ ਨਿਸ਼ਾਨਾ ਨਾ ਕੋਈ ਬਹਾਨਾ
ਫੇਰ ਬਦਲਣਾ ਤੈਅ ਹੀ ਹੁੰਦਾ ਹੈ।

**ਐਡਵੋਕੇਟ ਰਵਿੰਦਰ ਸਿੰਘ ਧਾਲੀਵਾਲ**
**ਸੰਪਰਕ: 78374-90309**

## ਗ਼ਜ਼ਲ

ਜਿਸ ਦੇ ਵਿਰੋਧ 'ਚ ਹੋ ਗਿਆ
ਸਾਰਾ ਹੀ ਅੱਜ ਨਿਜ਼ਾਮ ਹੈ

ਉਸ ਉੱਤੇ ਪਿੰਜਰਿਆਂ 'ਚੋਂ
ਪੰਛੀ ਉਡਾਉਣ ਦਾ ਇਲਜ਼ਾਮ ਹੈ।

ਪਛਾਣ ਸਕਣਾ ਹੈ ਬੜਾ
ਮੁਸ਼ਕਿਲ ਜ਼ਮਾਨੇ ਵਿੱਚ ਹੁਣ

ਮਸ਼ਹੂਰ ਕਿਹੜਾ ਹੈ ਅਤੇ
ਕਿਹੜਾ ਸ਼ਖ਼ਸ ਬਦਨਾਮ ਹੈ।

ਇਹ ਲੋਕ ਭੋਲੇ ਦੱਸ ਦੇ
ਇਨ੍ਹਾਂ ਤੋਂ ਬਚ ਜਾਂਦੇ ਕਿਵੇਂ

ਰਾਜਨੀਤੀ ਨੇ ਤਾਂ ਵਰਤ
ਲਿਆ ਅੱਲਾ ਤੇ ਰਾਮ ਹੈ।

ਸਨਮਾਨ ਉਹ ਹੁੰਦਾ ਪ੍ਰਤਿਭਾ
ਜੋ ਸਦਾ ਪੈਦਾ ਕਰੇ

ਇਹ ਚਾਪਲੂਸ ਬਣਾਉਣ ਲਈ
ਵਰਤ ਲੈਂਦੇ ਇਨਾਮ ਹੈ।

ਉਹ ਦੇਰ ਕਿੰਨੀ ਹੋਰ ਕਰਦਾ
ਲੁਕ ਕੇ ਉਸ ਨੂੰ ਪਿਆਰ

ਹੁਣ ਆਖ਼ਰ ਹੱਦਾਂ ਤੋੜ
ਕੇ ਹੋ ਗਿਆ ਸ਼ਰ੍ਹੇਆਮ ਹੈ।

ਹੁੰਦੇ ਜ਼ਖ਼ਮ ਜਿਹੜੇ ਰਿਸਣ
ਵਾਲੇ ਨਾ ਉਹ ਭਰਦੇ ਕਦੇ

ਜੋ ਪੁੱਛਦਾ ਮੈਂ ਕਹਿ ਦੇਵਾਂ
ਹੁਣ ਤਾਂ ਬੜਾ ਆਰਾਮ ਹੈ।

ਇਹ ਲੋਕ ਤਾਂ 'ਜਗਜੀਤ' ਨੂੰ
ਆਜ਼ਾਦ ਐਵੇਂ ਆਖਦੇ

ਤੂੰ ਜਾਣਦੀ ਤੇਰੀ ਅਦਾ ਦਾ
ਉਹ ਸ਼ੁਰੂ ਤੋਂ ਗੁਲਾਮ ਹੈ।

**ਲੇਖਕ : ਜਗਜੀਤ ਗੁਰਮ**
**ਸੰਪਰਕ: 99152-64836**

## ਸਾਈਕਲ

ਸਾਈਕਲ ਚਲਾਉਣੋਂ ਹਟ ਗਏ ਹਾਂ।
ਐਸ਼ ਆਰਾਮ ਵਿੱਚ ਫਸ ਗਏ ਹਾਂ।

ਸਾਈਕਲ 'ਤੇ ਕੋਈ ਵਿਰਲਾ ਚੜ੍ਹਦਾ।
ਕਾਰ ਸਕੂਟਰ ਬਿਨਾਂ ਨਾ ਸਰਦਾ।

ਤੇਲ ਫੂਕਣ 'ਤੇ ਡਟ ਗਏ ਹਾਂ।
ਸਾਈਕਲ ਚਲਾਉਣੋਂ ਹਟ ਗਏ ਹਾਂ।

ਬੁਲਟ ਦੀ ਚੱਲੀ ਨਵੀਂ ਬਿਮਾਰੀ।
ਕਰਨ ਸ਼ੌਕ ਨਾਲ ਇਹਦੀ ਸਵਾਰੀ।

ਪ੍ਰਦੂਸ਼ਣ ਦੇ ਲੱਗੇ ਕੱਢਣ ਵੱਟ ਪਏ ਹਾਂ।
ਸਾਈਕਲ ਚਲਾਉਣੋਂ ਹਟ ਗਏ ਹਾਂ।

ਪੈਦਲ ਚੱਲਣਾ ਨਾ ਹੁਣ ਭਾਵੇ।
ਭੀੜ ਸੜਕ 'ਤੇ ਲੱਗੀ ਜਾਵੇ।

ਤਾਂਹੀਓਂ ਖਾਂਦੇ ਸੱਟ ਪਏ ਹਾਂ।
ਸਾਈਕਲ ਚਲਾਉਣੋਂ ਹਟ ਗਏ ਹਾਂ।

ਸਾਈਕਲ ਸਾਡੀ ਸਿਹਤ ਸੰਵਾਰੇ।
ਨਾਲੇ ਦੇਵੇ ਕੁਦਰਤੀ ਨਜ਼ਾਰੇ।

'ਰਜਵੰਤ' ਕਰਦੇ ਪਰਵਾਹ ਘੱਟ ਪਏ ਹਾਂ।
ਸਾਈਕਲ ਚਲਾਉਣੋਂ ਹਟ ਗਏ ਹਾਂ।
ਐਸ਼ ਆਰਾਮ ਵਿੱਚ ਫਸ ਗਏ ਹਾਂ।

**ਲੇਖਕ : ਰਜਵੰਤ ਕੌਰ ਚਨਾਰਥਲ**
**ਸੰਪਰਕ: 81465-51328**

## ਅਜਬ ਨਜ਼ਾਰਾ

ਪਿੰਡ ਤੋਂ ਦੂਰ
ਮੇਰੇ ਖੇਤਾਂ ਦੇ ਵਿੱਚ
ਇੱਕ ਅਜਬ ਹੀ ਨਜ਼ਾਰਾ ਏ
ਰਾਤੀਂ ਬਹਿ ਆਸਮਾਨ ਨੂੰ ਤੱਕ ਲਓ

ਦਿਸਦਾ 'ਕੱਲਾ-'ਕੱਲਾ ਤਾਰਾ ਏ
ਪਿੰਡ ਤੋਂ ਦੂਰ
ਮੇਰੇ ਖੇਤਾਂ ਦੇ ਵਿੱਚ
ਇੱਕ ਅਜਬ ਹੀ ਨਜ਼ਾਰਾ ਏ
ਚੜ੍ਹਦਾ ਦਿਸਦਾ ਛਿਪਦਾ ਦਿਸਦਾ
ਸੂਰਜ ਰੰਗ ਬਦਲਦਾ ਦਿਸਦਾ

ਖਾਲਾਂ ਦੇ ਵਿੱਚ ਚੱਲਦਾ ਪਾਣੀ
ਥੰਮ-ਥੰਮ ਧਰਤੀ ਵਿੱਚ
ਰਿਸਦਾ ਦਿਸਦਾ
ਠੰਢਮ-ਠੰਢੀ ਚਲਦੀ ਪੌਣ
ਲਾਹ ਦਿੰਦੀ ਚੜ੍ਹਿਆ ਪਾਰਾ ਏ

ਪਿੰਡ ਤੋਂ ਦੂਰ
ਮੇਰੇ ਖੇਤਾਂ ਦੇ ਵਿੱਚ
ਇੱਕ ਅਜਬ ਹੀ ਨਜ਼ਾਰਾ ਏ
ਸ਼ਾਮ ਦੇ ਵੇਲੇ
ਮੋਰ ਪੈਲਾਂ ਪਾਉਂਦੇ
ਕਿਆਂਉ ਕਿਆਊਂ ਕਰਦੇ

ਸ਼ੋਰ ਮਚਾਉਂਦੇ
ਰੁੱਖ ਝੂਲਦੇ ਲਹਿਰਾਉਂਦੀਆਂ ਫ਼ਸਲਾਂ
ਮਿੱਠੜੇ-ਮਿੱਠੜੇ ਗੀਤ ਸੁਣਾਉਂਦੇ
ਰੰਗ ਬਿਰੰਗੇ ਫੁੱਲ ਤੇ ਪੰਛੀ
'ਜੱਸੀ' ਕੁਦਰਤ ਦਾ
ਅਹਿਮ ਪਸਾਰਾ ਏ

ਪਿੰਡ ਤੋਂ ਦੂਰ
ਮੇਰੇ ਖੇਤਾਂ ਦੇ ਵਿੱਚ
ਇੱਕ ਅਜਬ ਹੀ ਨਜ਼ਾਰਾ ਏ।

**ਲੇਖਕ : ਜੇ.ਐੱਸ. ਮਹਿਰਾ**
**ਸੰਪਰਕ: 95924-30420**

# ਨਾਰੀ ਸੰਸਾਰ



# ਹੱਸਣ ਦੀ ਆਦਤ ਪਾ ਸੱਜਣਾ...

ਲੇਖਕ : ਗੁਰਜੀਤ ਟਹਿਣਾ
ਮੋਬਾਈਲ: 94782-77772

ਹੱਸਣਾ ਅਤੇ ਰੋਣਾ ਉਹ ਅਨੁਭਵ ਹੈ, ਜੋ ਸਿਰਫ਼ ਮਨੁੱਖ ਦੇ ਹਿੱਸੇ ਹੀ ਆਇਆ ਹੈ। ਹੱਸਣਾ ਇੱਕ ਮਨੋਵਿਗਿਆਨਕ ਅਨੁਭਵ ਹੈ। ਹੱਸਣਾ ਜ਼ਿੰਦਗੀ ਜਿਊਣਾ ਹੈ, ਜਦਕਿ ਬਿਨਾਂ ਹਾਸੇ ਤੋਂ ਜ਼ਿੰਦਗੀ ਲੰਘਾਉਣਾ ਤਾਂ ਜ਼ਿੰਦਗੀ ਨੂੰ ਧੱਕਾ ਦੇ ਕੇ ਪੂਰਾ ਕਰਨ ਦੇ ਬਰਾਬਰ ਹੈ।

ਜਿਵੇਂ-ਜਿਵੇਂ ਮਨੁੱਖ ਅੰਦਰ ਨਵੀਂ ਰੌਸ਼ਨੀ ਪੈਦਾ ਹੋਈ ਹੈ ਅਤੇ ਅਸੀਂ ਵੱਧ ਸੱਭਿਅਕ ਹੋਏ ਹਾਂ, ਤਿਉਂ-ਤਿਉਂ ਸਾਡੇ ਹਾਸੇ ਛੋਟੇ ਬਣਦੇ ਗਏ। ਅੱਜ-ਕੱਲ੍ਹ ਉੱਚੀ ਹੱਸਣਾ ਜਾਂ ਠਹਾਕਾ ਮਾਰ ਕੇ ਹੱਸਣਾ ਦਿਮਾਗ ਦੇ ਖੋਖਲੇਪਣ ਦੀ ਆਵਾਜ਼ ਸਮਝਿਆ ਜਾਂਦਾ ਹੈ ਅਤੇ ਕਈ ਤਰ੍ਹਾਂ ਦੀ ਸ਼ਬਦਾਵਲੀ 'ਕਿਵੇਂ ਹਿੜ-ਹਿੜ ਲਾਈ ਐ' ਆਦਿ ਵਰਤ ਕੇ ਹੱਸਣ ਉਪਰ ਪਾਬੰਦੀ ਲਾਉਣ ਦੀ ਕੋਸ਼ਿਸ਼ ਕੀਤੀ ਗਈ ਹੈ।

ਹੱਸਣ ਦੀਆਂ ਕਈ ਕਿਸਮਾਂ ਅਤੇ ਕਈ ਕਾਰਨ ਹੁੰਦੇ ਹਨ। ਕੋਈ ਸੋਹਣੇ ਅਤੇ ਲਿਸ਼ਕਦੇ (ਚਮਕਦੇ) ਦੰਦ ਦੂਜਿਆਂ ਨੂੰ ਦਿਖਾਉਣ ਲਈ ਹੱਸਦਾ ਹੈ। ਕਿਸੇ ਦੇ ਹਾਸੇ ਦੀ ਛਣਕਾਰ ਬੜੀ ਸੁਰੀਲੀ ਹੁੰਦੀ ਹੈ। ਕੋਈ ਦੁਨੀਆਂ ਤੋਂ ਆਪਣਾ ਦੁੱਖ ਲੁਕਾਉਣ ਲਈ ਹੱਸਦਾ ਹੈ। ਕੋਈ ਦੂਜਿਆਂ ਨਾਲ ਹੱਸਣਾ ਆਪਣਾ ਹੱਕ ਸਮਝਦਾ ਹੈ।

ਕੋਈ ਸਿਰਫ਼ ਫੋਕੇ ਦਿਖਾਵੇ ਲਈ ਹੀ ਹੱਸਦੇ ਹਨ। ਕੋਈ ਦੂਜਿਆਂ ਨੂੰ ਦੁਖੀ ਕਰਨ ਲਈ ਹੀ ਹੱਸਦਾ ਹੈ। ਕਈ ਅਜਿਹੇ ਵੀ ਹੁੰਦੇ ਹਨ ਜੋ ਸਿਰਫ਼ ਇਸ ਲਈ ਹੱਸਦੇ ਹਨ ਕਿਉਂਕਿ ਮਹਿਫਲ ਵਿੱਚ ਸਾਰੇ ਹੱਸ ਰਹੇ ਹਨ। ਕਈਆਂ ਲਈ ਇਹ ਆਦਤ ਤੇ ਕਈਆਂ ਲਈ ਮਜਬੂਰੀ ਹੁੰਦਾ ਹੈ।

ਹੱਸਣਾ ਕਈ ਗੱਲਾਂ 'ਤੇ ਨਿਰਭਰ ਕਰਦਾ ਹੈ। ਜਿਵੇਂ ਉਮਰ, ਸਮਾਂ, ਸਥਾਨ ਅਤੇ ਸਾਡੇ ਨਾਲ ਕਿਹੜਾ ਵਿਅਕਤੀ ਹੈ ਆਦਿ। ਅਸੀਂ ਆਪਣੇ ਅਫ਼ਸਰਾਂ, ਹਾਣੀਆਂ ਜਾਂ ਦੋਸਤਾਂ-ਮਿੱਤਰਾਂ ਦੀ ਮਹਿਫ਼ਲ ਵਿੱਚ ਖੁੱਲ੍ਹ ਕੇ ਹੱਸ ਸਕਦੇ ਹਾਂ। ਜਿਵੇਂ-ਜਿਵੇਂ ਜ਼ਿੰਦਗੀ ਦੇ ਰੁਝੇਵੇਂ ਵਧਦੇ ਜਾਂਦੇ ਹਨ, ਉਵੇਂ ਹੀ ਸਾਡੇ ਹੱਸਣ ਦੇ ਮੌਕੇ ਰੁਝੇਵਿਆਂ ਦੇ ਹੇਠਾਂ ਦੱਬਣੇ ਸ਼ੁਰੂ ਹੋ ਜਾਂਦੇ ਹਨ। ਬਹੁਤੇ ਲੋਕ ਸਿਰਫ਼ ਰੁਝੇਵਿਆਂ ਵਿੱਚ ਹੀ ਉਲਝ ਕੇ ਰਹਿ ਜਾਂਦੇ ਹਨ ਅਤੇ ਹਾਸੇ ਦੀ ਤਲਾਸ਼ ਹੀ ਨਹੀਂ ਕਰਦੇ, ਜਦਕਿ ਖ਼ੁਸ਼ੀ ਦੇਣ ਵਾਲੇ ਬਹੁਤੇ ਮੌਕੇ ਸਾਡੀ ਉਡੀਕ ਕਰ ਰਹੇ ਹੁੰਦੇ ਹਨ।

ਇੱਕ ਵਿਅਕਤੀ ਦੇ ਗੋਡੇ ਬਹੁਤ ਦਰਦ ਕਰਦੇ ਸਨ ਅਤੇ ਤੁਰਨ ਵਿੱਚ ਤਕਲੀਫ਼ ਸੀ। ਮੈਂ ਕਿਹਾ ਕਿ ਇਸ ਤਰ੍ਹਾਂ ਤੁਰਨਾ ਬਹੁਤ ਔਖਾ ਹੈ ਪਰ ਉਸ ਨੇ ਦੁੱਖ ਦੀ ਪਰਵਾਹ ਨਾ ਕਰਦਿਆਂ ਖ਼ੁਸ਼ ਹੋ ਕੇ ਕਿਹਾ, ''ਮੋਰ ਵਾਂਗੂੰ ਪੈਲਾਂ ਪਾ ਰਿਹਾ ਹਾਂ।'' ਅੱਜ ਪਦਾਰਥਵਾਦ ਦੀ ਦੌੜ ਵਿੱਚ ਸਾਡੇ ਕੋਲ ਹਾਸੇ ਲੱਭਣ ਜਾਂ ਹੱਸਣ ਦਾ ਸਮਾਂ ਹੀ ਨਹੀਂ ਰਿਹਾ। ਅਸੀਂ ਜ਼ਿੰਦਗੀ ਦੀ ਹਰ ਸੁੱਖ-ਸੁਵਿਧਾ ਬੜੀ ਜਲਦੀ ਅਤੇ ਬਿਨਾਂ ਮਿਹਨਤ ਕੀਤਿਆਂ ਪ੍ਰਾਪਤ ਕਰਨੀ ਚਾਹੁੰਦੇ ਹਾਂ ਤਾਂ ਜੋ ਅਸੀਂ ਖ਼ੁਸ਼ੀ ਭਰਿਆ ਜੀਵਨ ਬਤੀਤ ਕਰ ਸਕੀਏ।

ਇਸ ਤਰ੍ਹਾਂ ਅਸੀਂ ਬਹੁਤ ਸਾਰੀਆਂ ਇੱਛਾਵਾਂ ਪਾਲਦੇ ਹਾਂ ਪਰ ਜਦ ਪੂਰੀਆਂ ਨਹੀਂ ਹੁੰਦੀਆਂ ਤਾਂ ਸਾਡੇ ਅੰਦਰ ਬਚੀ-ਖੁਚੀ ਖ਼ੁਸ਼ੀ ਵੀ ਉੱਡ ਜਾਂਦੀ ਹੈ। ਅਸੀਂ ਅਸੰਤੁਸ਼ਟੀ ਤੇ ਭਟਕਣ ਵਿੱਚ ਫਸ ਜਾਂਦੇ ਹਾਂ।

ਇਸ ਤਰ੍ਹਾਂ ਤਣਾਓ ਪੈਦਾ ਹੁੰਦਾ ਹੈ, ਜੋ ਮਾਨਸਿਕ ਪ੍ਰੇਸ਼ਾਨੀਆਂ ਅਤੇ ਦੁੱਖਾਂ ਦਾ ਕਾਰਨ ਬਣਦਾ ਹੈ ਪਰ ਕਈ ਵਾਰ ਸਹੂਲਤਾਂ ਪ੍ਰਾਪਤ ਹੋਣ ਦੇ ਬਾਵਜੂਦ ਅਸੀਂ ਖ਼ੁਸ਼ ਨਹੀਂ ਹੁੰਦੇ ਕਿਉਂਕਿ ਅਸੀਂ ਖ਼ੁਸ਼ ਹੋਣਾ ਹੀ ਨਹੀਂ ਚਾਹੁੰਦੇ।

ਇੱਕ ਵਾਰ ਮੈਂ ਕਿਸੇ ਅਮੀਰ ਆਦਮੀ ਨੂੰ ਪੁੱਛਿਆ, ''ਤੁਹਾਡੇ ਕੋਲ ਤਾਂ ਸਭ ਕੁਝ ਹੈ ਪਰ ਤੁਸੀਂ ਫਿਰ ਵੀ ਦੁਖੀ ਕਿਉਂ ਰਹਿੰਦੇ ਹੋ?'' ਉਸ ਨੇ ਕਿਹਾ, ''ਮੈਨੂੰ ਸਿਰਫ਼ ਇਸ ਗੱਲ ਦਾ ਦੁੱਖ ਹੈ ਕਿ ਮੇਰਾ ਗੁਆਂਢੀ ਜਿਸ ਕੋਲ ਕੁਝ ਨਹੀਂ ਬੜਾ ਖ਼ੁਸ਼ ਵਸਦਾ ਹੈ।'

' ਕਈ ਵਾਰ ਅਸੀਂ ਅਣਜਾਣੇ ਜਾਂ ਅਣਚਾਹੇ ਵੀ ਆਪਣੇ ਆਪ ਨੂੰ ਦੁੱਖ ਦਿੰਦੇ ਰਹਿੰਦੇ ਹਾਂ, ਜਿਸ ਨਾਲ ਸਾਡੇ ਮਨ 'ਤੇ ਤਣਾਓ ਪੈਂਦਾ ਹੈ ਤੇ ਚਿਹਰਾ ਬੁਝਿਆ-ਬੁਝਿਆ ਰਹਿੰਦਾ ਹੈ। ਅਜਿਹਾ ਲੱਗਦਾ ਹੈ ਜਿਵੇਂ ਹਾਸੇ ਸਾਡੇ ਨਾਲ ਚਿਰ ਤੋਂ ਰੁੱਸ ਗਏ ਹੋਣ।

''ਕਿਸੇ ਨੇ ਪੁੱਛਾ ਰੋਤੇ ਕਿਉਂ ਹੋ?'

' ਜਵਾਬ ਥਾ, ''ਰੋਤੇ ਨਹੀਂ ਸ਼ਕਲ ਹੀ ਐਸੀ ਹੈ।''

ਸਰੀਰ ਦੀ ਤੰਦਰੁਸਤੀ ਲਈ ਜਿੰਨਾ ਭੋਜਨ ਜ਼ਰੂਰੀ ਹੈ, ਚਿਹਰੇ ਦੀ ਤੰਦਰੁਸਤੀ ਲਈ ਹੱਸਣਾ ਓਨਾ ਹੀ ਜ਼ਰੂਰੀ ਹੈ। ਅਰੋਗਤਾ ਲਈ ਨਿਰਛਲ ਤੇ ਸਾਤਾ-ਰਹਿਤ ਹਾਸਾ ਇੱਕ ਸੰਜੀਵਨੀ ਬੂਟੀ ਤੋਂ ਘੱਟ ਨਹੀਂ ਹੈ। ਹੱਸਣ ਨਾਲ ਸਾਡੇ ਚਿਹਰੇ ਤੇ ਮਾਸਪੇਸ਼ੀਆਂ ਦੀ ਵਧੀਆ ਕਸਰਤ ਹੋ ਜਾਂਦੀ ਹੈ। ਖ਼ੂਨ ਦਾ ਦੌਰਾ ਤੇਜ਼ ਹੁੰਦਾ ਹੈ ਅਤੇ ਰੋਜ਼ਾਨਾ ਨੇਮ ਨਾਲ ਕੁਝ ਸਮਾਂ ਹੱਸਣ ਨਾਲ ਚਿਹਰੇ 'ਤੇ ਨਿਖਾਰ ਆਉਂਦਾ ਹੈ। ਨਾਲ ਹੀ ਚਿਹਰੇ ਦੀ ਨੁਹਾਰ ਵੀ ਦਿਲ-ਖਿੱਚਵੀਂ ਲੱਗਦੀ ਹੈ। ਭਾਵੇਂ ਸਾਡਾ ਸਮਾਜ ਹੱਸਣ ਦੇ ਦੋਹਰੇ ਅਰਥ ਲੈਂਦਾ ਹੈ। ਜਿਵੇਂ ਲੋਕ ਗੀਤ ਵਿੱਚ ਪੇਸ਼ ਹੈ:-

ਚਿੱਟੇ ਦੰਦ ਹੱਸਣੋਂ ਨਾ ਰਹਿੰਦੇ,
ਲੋਕੀਂ ਭੈੜੇ ਸ਼ੱਕ ਕਰਦੇ।

ਸਿਹਤ ਦੀ ਤੰਦਰੁਸਤੀ ਲਈ ਹੱਸਣਾ ਜ਼ਰੂਰੀ ਹੈ। ਹੱਸਣਾ ਰੂਹ ਦੀ ਖ਼ੁਰਾਕ ਮੰਨਿਆ ਗਿਆ ਹੈ। ਸਦਾ ਗੁਲਾਬ ਵਾਂਗ ਖਿੜਿਆ ਚਿਹਰਾ ਸਭ ਪਾਸੇ ਮਹਿਕ ਖਿਡਾਉਂਦਾ ਰਹਿੰਦਾ ਹੈ। ਜੇ ਅਸੀਂ ਗੱਲ ਕਰਦੇ ਸਮੇਂ ਮੱਥੇ 'ਤੇ ਤਿਉੜੀਆਂ ਪਾ ਲੈਂਦੇ ਹਾਂ ਅਤੇ ਰੁੱਸਿਆ ਜਿਹਾ ਮੂੰਹ ਬਣਾ ਲੈਂਦੇ ਹਾਂ ਤਾਂ ਸਾਹਮਣੇ ਵਾਲਾ ਸਾਡੇ ਨਾਲ ਗੱਲ ਕਰਨੀ ਪਸੰਦ ਨਹੀਂ ਕਰੇਗਾ। ਕਿਤੇ ਅਚਾਨਕ ਮੇਲ ਹੋਣ 'ਤੇ ਉਹ ਪਾਸਾ ਵੱਟ ਕੇ ਲੰਘ ਜਾਣਾ ਚੰਗਾ ਸਮਝੇਗਾ।

ਅਜਿਹੇ ਲੋਕ ਖ਼ੁਸ਼ੀ ਨਾਲ ਰੁੱਸੇ ਹੋਏ ਹੁੰਦੇ ਹਨ। ਜੋ ਕਦੇ-ਕਦੇ ਮੁਰਝਾਏ ਹੋਏ ਚਿਹਰਿਆਂ 'ਚੋਂ ਬੀਮਾਰ ਜਿਹਾ ਹਾਸਾ ਹੱਸਦੇ ਹਨ। ਦੇਖਣ ਨੂੰ ਬੜੇ ਹੀ ਗੁਸੈਲੇ ਅਤੇ ਅੱਖੜ ਸੁਭਾਅ ਦੇ ਮਾਲਕ ਲੱਗਦੇ ਹਨ।

ਇਨ੍ਹਾਂ ਦਾ ਜੀਵਨ ਖ਼ੁਸ਼ਕੀ ਭਰਿਆ ਹੁੰਦਾ ਹੈ। ਇੱਕ ਮਨੋਵਿਗਿਆਨਿਕ ਤੱਥ ਹੈ ਕਿ ਹੱਸਣ ਨਾਲ ਸਾਡਾ ਗੁੱਸਾ ਠੰਢਾ ਹੋ ਜਾਂਦਾ ਹੈ ਅਤੇ ਮਨ, ਤਨ 'ਤੇ ਪਿਆ ਤਣਾਓ ਦੂਰ ਹੋ ਜਾਂਦਾ ਹੈ। ਰੂਹ ਵਿੱਚੋਂ ਮੁਸਕਰਾਹਟ ਦੀਆਂ ਫੁਹਾਰਾਂ ਫੁੱਟਦੀਆਂ ਹਨ।

ਰੋਜ਼ਾਨਾ ਜ਼ਿੰਦਗੀ ਵਿੱਚ ਬਹੁਤ ਸਾਰੇ ਕੰਮ ਅਜਿਹੇ ਹੁੰਦੇ ਹਨ, ਜੋ ਸਾਨੂੰ ਕਰਨੇ ਹੀ ਪੈਂਦੇ ਹਨ।

ਜੇ ਅਸੀਂ ਉਨ੍ਹਾਂ ਕੰਮਾਂ ਨੂੰ ਹੱਸਦੇ ਹੋਏ ਖਿੜੇ ਮੱਥੇ ਕਰੀਏ ਤਾਂ ਉਹ ਖ਼ਤਮ ਹੋਣ ਉਪਰੰਤ ਸਾਨੂੰ ਸਾਵੀਂ ਖ਼ੁਸ਼ੀ ਦਿੰਦੇ ਹਨ ਅਤੇ ਸਾਨੂੰ ਸੰਤੁਸ਼ਟੀ ਮਿਲਦੀ ਹੈ ਪਰ ਜੇ ਅਸੀਂ ਅਣਚਾਹੇ ਜਾਂ ਰੁੱਸੇ ਮਨ ਨਾਲ ਅਜਿਹੇ ਕੰਮ ਕਰਦੇ ਹਾਂ ਤਾਂ ਮਨ ਉੱਪਰ ਤਣਾਓ ਬਣਿਆ ਹੋਣ ਕਰਕੇ ਉਸ ਕੰਮ ਦੇ ਵਿਗੜਨ ਜਾਂ ਸਹੀ ਨਾ ਹੋਣ ਦੀ ਸੰਭਾਵਨਾ ਅਕਸਰ ਵਧ ਜਾਂਦੀ ਹੈ

ਜੋ ਮਾਨਸਿਕ ਅਸੰਤੁਸ਼ਟੀ ਤੇ ਦੁੱਖਾਂ ਦਾ ਕਾਰਨ ਬਣਦੀ ਹੈ। ਅਜਿਹਾ ਕੰਮ ਕਰਨਾ, ਕੰਮ ਨਾ ਕਰਨ ਦੇ ਬਰਾਬਰ ਹੁੰਦਾ ਹੈ।

ਮੁਰਦੇ ਬਣ ਕੇ ਲੰਮੀ ਜ਼ਿੰਦਗੀ ਗੁਜ਼ਾਰਨ ਨਾਲੋਂ ਹੱਸ-ਖੇਡ ਕੇ ਗੁਜ਼ਾਰੇ ਪਲ ਜ਼ਿਆਦਾ ਸਾਰਥਿਕ ਹੁੰਦੇ ਹਨ।

ਇਸ ਲਈ ਸਾਨੂੰ ਵੱਧ ਤੋਂ ਵੱਧ ਸਮਾਂ ਹੱਸ-ਖੇਡ ਕੇ ਗੁਜ਼ਾਰਨਾ ਚਾਹੀਦਾ ਹੈ। ਇਸ ਤਰ੍ਹਾਂ ਸਾਨੂੰ ਮਿਲਣ ਵਾਲੇ ਲੋਕਾਂ ਦੇ ਮਨਾਂ 'ਤੇ ਸਾਡੀ ਸ਼ਖ਼ਸੀਅਤ ਦਾ ਖਾਕਾ ਚੰਗਾ ਬਣਦਾ ਹੈ। ਘਰ ਆਏ ਮਹਿਮਾਨ ਦਾ ਸਵਾਗਤ ਖ਼ੁਸ਼ੀ ਭਰੇ ਤੇ ਨਿੱਘੇ ਮਾਹੌਲ ਵਿੱਚ ਕਰਨਾ ਚਾਹੀਦਾ ਹੈ।

ਵਿਛੜਨ ਸਮੇਂ ਵੀ ਨਿਮਰ ਤੇ ਮੁਸਕਰਾਹਟ ਭਰਿਆ ਪ੍ਰਤੀਕਰਮ ਹੋਣਾ ਚਾਹੀਦਾ ਹੈ। ਜਿਸ ਘਰ ਵਿੱਚ ਖ਼ੁਸ਼ੀ, ਹਾਸੇ ਭਰਿਆ ਮਾਹੌਲ ਹੈ, ਉਹ ਪਰਿਵਾਰ ਸਵਰਗ ਦੇ ਤੁਲ ਹੁੰਦਾ ਹੈ। ਇਹ ਸਾਰੇ ਮੈਂਬਰਾਂ ਲਈ ਮੋਹ ਦੀਆਂ ਤੰਦਾਂ ਹੋਰ ਵੀ ਮਜ਼ਬੂਤ ਤੇ ਪਿਆਰ ਭਰੀਆਂ ਬਣਾ ਦਿੰਦਾ ਹੈ।

ਅਜਿਹੇ ਪਰਿਵਾਰ ਅਕਸਰ ਤਰੱਕੀ ਦੇ ਵਧੇਰੇ ਮੌਕੇ ਪੈਦਾ ਕਰਨ ਦੇ ਸਮਰੱਥ ਹੁੰਦੇ ਹਨ। ਕਈ ਰਿਸ਼ਤਿਆਂ ਦੀ ਪਛਾਣ ਤਾਂ ਸਿਰਫ਼ ਹਾਸਾ-ਮਖੌਲ ਹੀ ਹੁੰਦਾ ਹੈ ਕਿਉਂਕਿ ਦਿਓਰ-ਭਰਜਾਈ, ਜੀਜਾ-ਸਾਲੀ ਅਤੇ ਦੋਸਤਾਂ-ਮਿੱਤਰਾਂ ਨਾਲ ਬੈਠੇ ਹਾਸੇ ਦੀ ਗੰਭੀਰਤਾ ਨਾਲ ਰਿਸ਼ਤੇ ਦੀ ਡੂੰਘਾਈ ਮਾਪੀ ਜਾ ਸਕਦੀ ਹੈ।

ਹਾਸਾ ਸਰਬਵਿਆਪੀ ਸ਼ਬਦ ਹੈ। ਇਸੇ ਲਈ ਅਨੇਕਾਂ ਲੋਕ ਗੀਤਾਂ ਤੇ ਬੋਲੀਆਂ ਦਾ ਵਿਸ਼ਾ ਵੀ ਬਣਿਆ ਹੈ।

ਇਹ ਦੁਨੀਆਂ ਮੰਡੀ ਪੈਸੇ ਦੀ,
ਹਰ ਚੀਜ਼ ਵਿਕੇਂਦੀ ਭਾਅ ਸੱਜਣਾ
ਇੱਥੇ ਰੋਂਦੇ ਚਿਹਰੇ ਨਹੀਂ ਵਿਕਦੇ,
ਹੱਸਣ ਦੀ ਆਦਤ ਪਾ ਸੱਜਣਾ।

ਖ਼ੁਸ਼ੀ ਜਾਂ ਹਾਸਿਆਂ ਵਿੱਚ ਬਹੁਤ ਸਾਰੇ ਲੋਕ ਸਾਡੇ ਸਾਥੀ ਹੋਣਗੇ ਅਤੇ ਦੁੱਖ ਸਮੇਂ ਅਸੀਂ ਇਕੱਲੇ ਹੋਵਾਂਗੇ।

ਜਦ ਸਾਨੂੰ ਪਤਾ ਹੈ ਕਿ ਅਸੀਂ ਰੋ ਕੇ ਜਿਊਣ ਨਾਲੋਂ ਹੱਸ-ਖੇਡ ਕੇ ਵਧੀਆ ਜੀਵਨ ਬਤੀਤ ਕਰ ਸਕਦੇ ਹਾਂ ਤਾਂ ਸਾਨੂੰ ਵੱਧ ਤੋਂ ਵੱਧ ਸਮਾਂ ਹੱਸਦੇ ਹੋਏ ਗੁਜ਼ਾਰਨ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ। ਫਾਲਤੂ ਦੇ ਤਣਾਵਾਂ ਤੋਂ ਦੂਰ ਰਹਿਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ ਤਾਂ ਜੋ ਸਾਡਾ ਜੀਵਨ ਗੁਲਾਬ ਦੇ ਫੁੱਲ ਵਾਂਗ ਖਿੜਿਆ ਰਹੇ। ਇਸ ਦੀ ਮਹਿਕ ਸਾਰੀ ਫ਼ਿਜ਼ਾ ਵਿੱਚ ਫੈਲੇ, ਆਪਸੀ ਪਿਆਰ ਵਧੇ-ਫੁੱਲੇ।

# ਨਿਖਾਰੋ ਆਪਣੀਆਂ ਅੱਖਾਂ ਦੀ ਸੁੰਦਰਤਾ

ਲੇਖਕ : ਸੰਜਯ ਕੁਮਾਰ ਸੁਮਨ



* ਸਵੇਰੇ ਉਠਦੇ ਹੀ ਸਭ ਤੋਂ ਪਹਿਲਾਂ ਠੰਢੇ ਪਾਣੀ ਨਾਲ ਅੱਖਾਂ ਧੋਵੋ ਅਤੇ ਅੱਖਾਂ ਦੀ ਕਸਰਤ ਕਰੋ। ਕਸਰਤ ਲਈ ਹਥੇਲੀਆਂ ਨੂੰ ਆਪਸ ਵਿਚ ਰਗੜੋ ਅਤੇ ਜਦੋਂ ਗਰਮਾਹਟ ਆ ਜਾਵੇ ਤਾਂ ਉਨ੍ਹਾਂ ਨਾਲ ਅੱਖਾਂ ਢਕ ਲਓ। ਇਸ ਤੋਂ ਬਾਅਦ ਹਥੇਲੀਆਂ ਸਿੱਧੀਆਂ ਕਰੋ ਅਤੇ ਅੱਖਾਂ ਦੇ ਬਿਲਕੁਲ ਨੇੜੇ ਰੱਖ ਕੇ ਹੱਥਾਂ ਨੂੰ ਦੇਖਣ ਦੀ ਕੋਸ਼ਿਸ਼ ਕਰੋ। ਇਸ ਤੋਂ ਬਾਅਦ ਹਥੇਲੀਆਂ ਹਟਾ ਕੇ ਦੂਰ ਦੀ ਚੀਜ਼ ਦੇਖਣ ਦੀ ਕੋਸ਼ਿਸ਼ ਕਰੋ। ਅਜਿਹਾ ਪੰਜ ਵਾਰ ਕਰੋ। ਅੱਖਾਂ ਨੂੰ ਗੋਲ-ਗੋਲ ਘੁਮਾਓ।
* ਜੇ ਤੁਹਾਡੀਆਂ ਅੱਖਾਂ ਛੋਟੀਆਂ ਹਨ ਤਾਂ ਤੁਸੀਂ ਅੱਖਾਂ ਦਾ ਮੇਕਅਪ ਇਸ ਤਰ੍ਹਾਂ ਕਰੋ ਕਿ ਤੁਹਾਡੀਆਂ ਅੱਖਾਂ ਵੱਡੀਆਂ ਲੱਗਣ ਜਿਵੇਂ ਆਈ ਲਾਈਨਰ ਕਾਲੇ ਰੰਗ ਦੀ ਵਰਤੋਂ ਕਰੋ ਅਤੇ ਮੋਟੀ ਰੇਖਾ ਬਣਾਉਂਦੇ ਹੋਏ ਬਾਹਰ ਵੱਲ ਚੌੜਾਈ ਵਿਚ ਫੈਲਾਅ ਕੇ ਲਗਾਓ।
* ਜੇ ਘੱਟ ਉਮਰ ਵਿਚ ਅੱਖਾਂ ਦੇ ਚਾਰੇ ਪਾਸੇ ਕਾਲੇ ਨਿਸ਼ਾਨ ਬਣ ਜਾਂਦੇ ਹਨ ਤਾਂ ਭੋਜਨ ਵਿਚ ਹਰੀਆਂ ਸਬਜ਼ੀਆਂ ਦਾ ਅਤੇ ਦੁੱਧ ਦਾ ਭਰਪੂਰ ਸੇਵਨ ਕਰੋ।
* ਅੱਖਾਂ ਦੇ ਚਾਰੇ ਪਾਸੇ ਖੀਰੇ ਦਾ ਰਸ ਲਗਾ ਕੇ ਸਾਫ਼ ਕਰੋ। ਇਸ ਨਾਲ ਵੀ ਫਾਇਦਾ ਹੋਵੇਗਾ।
* ਆਲੂ ਦੇ ਪਤਲੇ ਗੋਲ ਟੁਕੜੇ ਕੱਟ ਕੇ ਅੱਖਾਂ ਦੇ ਹੇਠਾਂ ਮਲੋ ਤਾਂ ਅੱਖਾਂ ਦਾ ਕਾਲਾਪਨ ਦੂਰ ਹੋਵੇਗਾ।
* ਕੋਸੇ ਦੁੱਧ ਵਿਚ ਰੂੰ ਨੂੰ ਭਿਉਂ ਕੇ ਜਦੋਂ ਅੱਖਾਂ 'ਤੇ ਕੁਝ ਦੇਰ ਰੱਖੋ ਤਾਂ ਅੱਖਾਂ ਦੇ ਕਾਲੇ ਧੱਬੇ ਦੂਰ ਹੋਣਗੇ।
* ਹਰਾ ਧਨੀਆ ਪੀਸ ਕੇ ਉਸ ਦਾ ਰਸ ਪੀਣ ਨਾਲ ਅਤੇ ਪੈਰਾਂ ਦੇ ਤਲਿਆਂ 'ਤੇ ਸਰ੍ਹੋਂ ਦਾ ਤੇਲ ਮਲਣ ਨਾਲ ਅੱਖਾਂ ਦੀ ਨਿਗ੍ਹਾ ਵਧਦੀ ਹੈ।
* ਅੱਖਾਂ ਦੀ ਖ਼ੂਬਸੂਰਤੀ ਭਰਵੱਟਿਆਂ ਦੇ ਆਕਾਰ 'ਤੇ ਕਾਫੀ ਹੱਦ ਤੱਕ ਨਿਰਭਰ ਕਰਦੀ ਹੈ। ਜੇ ਅੱਖਾਂ ਛੋਟੀਆਂ ਹਨ ਤਾਂ ਭਰਵੱਟਿਆਂ ਨੂੰ ਬਹੁਤ ਪਤਲਾ ਆਕਾਰ ਕਦੇ ਨਾ ਦਿਓ, ਸਗੋਂ ਉਨ੍ਹਾਂ ਨੂੰ ਸੰਘਣੇ ਛੱਡ ਦਿਓ। ਸੰਘਣੇ ਭਰਵੱਟਿਆਂ ਨਾਲ ਅੱਖਾਂ ਵੱਡੀਆਂ ਲੱਗਣਗੀਆਂ।
* ਭਰਵੱਟਿਆਂ ਨੂੰ ਸੰਘਣਾ ਕਰਨ ਲਈ ਰੋਜ਼ਾਨਾ ਸਰ੍ਹੋਂ ਜਾਂ ਨਾਰੀਅਲ ਦੇ ਤੇਲ ਨਾਲ ਭਰਵੱਟਿਆਂ ਦੀ ਹਲਕੀ ਮਾਲਿਸ਼ ਕਰੋ। ਇਹ ਉਪਾਅ ਉਨ੍ਹਾਂ ਲਈ ਹੈ, ਜਿਨ੍ਹਾਂ ਦੀਆਂ ਅੱਖਾਂ ਛੋਟੀਆਂ ਹਨ।
* ਪੋਸ਼ਕ ਤੱਤਾਂ ਨਾਲ ਭਰਪੂਰ ਸੰਤੁਲਿਤ ਭੋਜਨ ਖਾਓ। ਵਿਟਾਮਿਨ 'ਏ' ਵਾਲੇ ਖਾਧ ਪਦਾਰਥ ਅੱਖਾਂ ਦੀ ਸਿਹਤ ਲਈ ਵਿਸ਼ੇਸ਼ ਤੌਰ 'ਤੇ ਲਾਭਦਾਇਕ ਹੁੰਦੇ ਹਨ।
* ਰਾਤ ਨੂੰ ਘੱਟ ਤੋਂ ਘੱਟ ਛੇ ਘੰਟੇ ਦੀ ਨੀਂਦ ਲਓ। ਇਹ ਅੱਖਾਂ ਦੀ ਉੱਤਮ ਸਿਹਤ ਲਈ ਬਹੁਤ ਜ਼ਰੂਰੀ ਹੈ, ਨਹੀਂ ਤਾਂ ਅੱਖਾਂ ਦੀ ਚਮਕ ਦੇ ਨਾਲ ਉਨ੍ਹਾਂ ਦੀ ਰੌਸ਼ਨੀ 'ਤੇ ਵੀ ਇਸ ਦਾ ਅਸਰ ਪਵੇਗਾ। ਅੱਖਾਂ ਥੱਕੀਆਂ-ਥੱਕੀਆਂ ਅਤੇ ਬੇਜਾਨ ਦਿਸਣਗੀਆਂ, ਫਿਰ ਭਾਵੇਂ ਉਨ੍ਹਾਂ 'ਤੇ ਜਿੰਨਾ ਮਰਜ਼ੀ ਮੇਕਅਪ ਕੀਤਾ ਜਾਵੇ।
* ਰਾਤ ਨੂੰ ਸੌਣ ਤੋਂ ਪਹਿਲਾਂ ਅੱਖਾਂ ਦਾ ਸਾਰਾ ਮੇਕਅਪ ਉਤਾਰ ਦੇਣਾ ਚਾਹੀਦਾ ਹੈ, ਕਿਉਂਕਿ ਅੱਖਾਂ ਦੀ ਚਮੜੀ ਬਹੁਤ ਸੰਵੇਦਨਸ਼ੀਲ ਹੁੰਦੀ ਹੈ।

# ਗੱਲਾਂ ਛੋਟੀਆਂ ਪਰ ਕੰਮ ਦੀਆਂ

ਲੇਖਕ : ਨੀਤੂ ਗੁਪਤਾ

* ਭਾਰ ਘਟਾਉਣ ਲਈ ਤੇਜ਼ ਚੱਲਣਾ ਸਭ ਤੋਂ ਚੰਗੀ ਕਸਰਤ ਹੈ। ਇਸ ਨਾਲ ਮਾਸਪੇਸ਼ੀਆਂ 'ਤੇ ਜੰਮੀ ਵਾਧੂ ਚਰਬੀ ਤੇਜ਼ੀ ਨਾਲ ਘੱਟ ਹੁੰਦੀ ਹੈ।
* ਦਿਨ ਵਿਚ ਘੱਟ ਤੋਂ ਘੱਟ 30 ਮਿੰਟ ਬਿਨਾਂ ਰੁਕੇ ਤੇਜ਼ ਸੈਰ ਕਰੋ, ਜਿਸ ਨਾਲ ਤੁਸੀਂ ਆਪਣਾ ਭਾਰ ਘੱਟ ਕਰ ਸਕਦੇ ਹੋ।
* ਸੈਰ 'ਤੇ ਜਾਣ ਤੋਂ ਅੱਧਾ ਘੰਟਾ ਪਹਿਲਾਂ ਅਤੇ ਇਕ ਘੰਟਾ ਬਾਅਦ ਵਿਚ ਸਿਰਫ਼ ਜੂਸ ਜਾਂ ਪਾਣੀ ਲਓ। ਕੋਈ ਸਖ਼ਤ ਭੋਜਨ ਨਾ ਲਓ। ਇਸ ਨਾਲ ਪੇਟ ਦਰਦ ਦੀ ਸ਼ਿਕਾਇਤ ਹੋ ਸਕਦੀ ਹੈ।
* ਸ਼ਾਮ ਦੇ ਸਮੇਂ ਜੁੱਤੀ ਖ਼ਰੀਦੋ, ਕਿਉਂਕਿ ਦਿਨ ਭਰ ਥੱਕੇ ਪੈਰਾਂ ਦਾ ਆਕਾਰ ਕੁਝ ਵੱਡਾ ਹੋ ਜਾਂਦਾ ਹੈ।
* ਜੁੱਤੀ ਚੰਗੀ ਕਿਸਮ ਦੀ ਅਤੇ ਆਰਾਮਦੇਹ ਹੀ ਖ਼ਰੀਦੋ।
* ਜੁੱਤੀ-ਚੱਪਲ ਖ਼ਰੀਦਣ ਤੋਂ ਪਹਿਲਾਂ ਦੋਵਾਂ ਪੈਰਾਂ ਵਿਚ ਪਹਿਨ ਕੇ ਦੁਕਾਨ ਵਿਚ ਚੱਲ ਕੇ ਚੰਗੀ ਤਰ੍ਹਾਂ ਦੇਖ ਲਓ। ਜੁੱਤੀ-ਚੱਪਲ ਆਰਾਮਦੇਹ ਲੱਗੇ, ਤਾਂ ਹੀ ਖ਼ਰੀਦੋ। ਜਲਦਬਾਜ਼ੀ ਵਿਚ ਜੁੱਤੀ-ਚੱਪਲ ਨਾ ਖ਼ਰੀਦੋ।
* ਗੋਡਿਆਂ ਜਾਂ ਜੋੜਾਂ ਦੇ ਦਰਦ ਵਿਚ ਭੋਜਨ ਵਿਚ ਕੈਲਸ਼ੀਅਮ ਦੀ ਮਾਤਰਾ ਵਧਾ ਦੇਣੀ ਚਾਹੀਦੀ ਹੈ।
* ਗੋਡਿਆਂ ਵਿਚ ਦਰਦ ਹੋਣ 'ਤੇ ਕਦੇ ਵੀ ਇਕ ਗੋਡੇ 'ਤੇ ਦੂਜਾ ਗੋਡਾ ਰੱਖ ਕੇ ਨਾ ਬੈਠੋ। ਕਮੋਡ ਟਾਇਲਟ ਦੀ ਵਰਤੋਂ ਕਰੋ।



* ਕੰਡਾ ਚੁੱਭਣ 'ਤੇ ਕਦੇ ਵੀ ਜੰਗ ਲੱਗੀ ਸੂਈ ਜਾਂ ਪਿੰਨ ਦੀ ਵਰਤੋਂ ਨਾ ਕਰੋ।
* ਕੰਡਾ ਚੁੱਭਣ 'ਤੇ ਸੂਈ ਜਾਂ ਪਿੰਨ ਨੂੰ ਗਰਮ ਕਰਕੇ ਚੁੱਭੀ ਹੋਈ ਜਗ੍ਹਾ ਦੇ ਨੇੜੇ ਕੁਰੇਦ ਕੇ ਕੱਢਣ ਦੀ ਕੋਸ਼ਿਸ਼ ਕਰੋ।
* ਸੂਈ ਜਾਂ ਪਿੰਨ ਨਾਲ ਕੰਡਾ ਨਾ ਨਿਕਲ ਰਿਹਾ ਹੋਵੇ ਤਾਂ ਉਸ ਜਗ੍ਹਾ ਤੇ ਗੁੜ ਅਤੇ ਅਜਵਾਇਣ ਗਰਮ ਕਰਕੇ ਪੁਲਟਸ ਬੰਨ੍ਹੋ। ਕੰਡਾ ਨਿਕਲ ਜਾਵੇਗਾ।
* ਕੰਡਾ ਲੱਗੀ ਜਗ੍ਹਾ 'ਤੇ ਹਿੰਗ ਦਾ ਘੋਲ ਭਰ ਦੇਣ ਨਾਲ ਕੰਡਾ ਕੁਝ ਸਮੇਂ ਬਾਅਦ ਆਪਣੇ-ਆਪ ਬਾਹਰ ਆ ਜਾਂਦਾ ਹੈ।**



# CLASSIFIEDS & MATRIMONIALS



## CHANGE OF NAME

I, Sardool Singh son of Gajjan Singh resident of Village Bhadam, P.O. Raunta, Jalandhar, 144-702, Punjab, India Presently resident of #412 - 19228 64th Avenue, Surrey, B.C., V3S 7C9, Canada, do hereby change my name from Sardool Singh to Sardool Singh Thind, with immediate effect.

## CHANGE OF NAME

I Jaspreet D/o Surinder Paul resident of VPO Panchhta, Teh Phagwara, Distt: Kapurthala, Punjab, India. Presently resident of 6161 127 A Street , V3X 3P5 Surrey, B.C., Canada, do hereby change my name from Jaspreet to Jaspreet Parmar, with immediate effect.

## GROOM WANTED

A Jatt Sikh family is looking for a match for their daughter. She is born and raised in Canada. She is 29 years old and is 5'3" tall. She is a Chartered Professional Accountant (CPA). Looking for a canadian born potential match in Surrey, BC. Boy should be well educated and family oriented, CPA preferred. Please do not call from proposals outside of the area. Please contact us at (778) 246-2491. RS 27-12

## Looking for Nanny/Home Support Worker

We are looking for a compassionate, Punjabi-speaking caregiver male/ female for our 85-year-old mother. The ideal candidate must be able to stay at home with her, assist with driving to appointments, and help with light cleaning. If interested, please contact us for more details : **604-726-4638, 604-926-1526.**

**Email : Kahlonkamal @yahoo.com**

## BRIDE WANTED

ਸਰੀ ਵਿੱਚ ਰਹਿ ਰਹੇ ਉੱਪਲ ਸਿੱਖ ਉਮਰ 51 ਸਾਲ ਕੱਦ ਪੰਜ ਫੁੱਟ 11 ਇੰਚ ਕੈਨੇਡੀਅਨ ਸਿਟੀਜਨ ਤਲਾਕਸ਼ੁਦਾ ਲਈ ਲੜਕੀ ਦੀ ਲੋੜ ਹੈ ਲੜਕੀ ਦੀ ਉਮਰ ਘੱਟੋ ਘੱਟ 35 ਸਾਲ ਹੋਵੇ ਸੰਪਰਕ ਕਰੋ : 1 (403) 399-5130 AP 04-04

.........................................

ਜੱਟ ਸਿੱਖ ਗਿੱਲ ਪਰਿਵਾਰ ਨੂੰ ਆਪਣੇ ਨਸ਼ਿਆਂ ਤੋਂ ਰਹਿਤ 25 ਸਾਲਾ ਕੈਨੇਡੀਅਨ ਜੰਮਪਲ ਪੁੱਤਰ ਲਈ ਪੜ੍ਹੀ-ਲਿਖੀ ਸੋਹਣੀ, ਸਿਆਣੀ ਅਤੇ ਸਾਂਝੇ ਪਰਿਵਾਰ ਵਿਚ ਰਹਿਣ ਵਾਲੀ ਲੜਕੀ ਦੀ ਲੋੜ ਹੈ। ਲੜਕਾ ਸਿਵਲ ਇੰਜੀਨਿਅਰ ਦੀ ਡਿਗਰੀ ਕਰਕੇ ਇਕ ਵਧੀਆ ਨਾਮੀ ਇੰਜੀਨਿਅਰ ਫਰਮ ਵਿਚ ਕੰਮ ਕਰ ਰਿਹਾ ਹੈ। ਲੜਕੇ ਦਾ ਕੱਦ 5'10" ਹੈ। ਲੜਕਾ ਕੇਸਧਾਰੀ ਹੈ ਅਤੇ ਪੱਗ ਬੰਨ੍ਹਦਾ ਹੈ। USA ਦੀ ਲੜਕੀ ਨੂੰ ਪਹਿਲ। ਸੰਪਰਕ ਕਰਨ ਲਈ ਫੋਨ ਕਰੋ 604-902-9068 ਜਾਂ ਈ ਮੇਲ ਕਰੋ gillco1977@gmail.com, ਮੈਰਿਜ ਬਿਊਰੋ ਵਾਲੇ ਕਿਰਪਾ ਕਰਕੇ ਸੰਪਰਕ ਨਾ ਕਰਨ AP 13-02

.........................................

Looking for PR or Citizen Girl, 34 years, Education- B.Com, LLB.Height - 5'8" Divorced Profession- Own Business and Lawyer. From - Malerkotla. PunjabIn Canada on Visitor visa. Living with real brother, Real Brother is citizen of Canada. Phone - 604 961 7672 RS 30-08

.........................................

ਐਬਟਸਫੋਰਡ ਬੀ ਸੀ ਵਿਚ ਵਰਕ ਪਰਮਿਟ ਤੇ ਰਹਿ ਰਹੇ 27 ਸਾਲ ਦੇ ਖ਼ੂਬਸੂਰਤ ਜਟ ਸਿੱਖ ਗਿੱਲ ਲੜਕੇ ਵਾਸਤੇ Canadian Immigrant ਜਾਂ PR ਕੰਨਿਆ ਦੀ ਲੋੜ ਹੈ। ਲੜਕਾ ਅਤੇ ਲੜਕੇ ਦਾ ਸਾਰਾ ਪਰਿਵਾਰ ਵੈਜੀਟੇਰੀਅਨ ਹੈ। ਲੜਕੇ ਪਾਸ Bechelor of Computer Art ਦੀ ਯੋਗਤਾ ਹੈ। ਮਾਤਾ ਪਿਤਾ ਕੈਨੇਡਾ ਵਿਚ, ਭੈਣ ਇੰਡੀਆ ਵਿਆਹੀ ਹੋਈ ਹੈ। ਵਧੇਰੇ ਜਾਣਕਾਰੀ ਲਈ ਸੰਪਰਕ ਕਰੋ। 778-201-2767 ਜਾਂ ਵਟਸਐਪ (ਇੰਡੀਆ)+91 88725 44271 RS 27-09

.........................................

ਕੈਨੇਡਾ ਸੈਟਲ ਜੱਟ ਸਿੱਖ ਬਰਾੜ ਪਰਿਵਾਰ ਦੇ ਲੜਕੇ, ਉਮਰ 26 ਸਾਲ ਅਤੇ 24 ਸਾਲ, ਕੱਦ 5 ਫੁੱਟ 9 ਇੰਚ ਅਤੇ 5 ਫੁੱਟ 8 ਇੰਚ, ਲੜਕਿਆਂ ਲਈ ਪੀ. ਆਰ. ਜਾਂ ਸਟੂਡੈਂਟ ਲੜਕੀਆਂ ਦੀ ਭਾਲ ਹੈ। ਹੋਰ ਜਾਣਕਾਰੀ ਲਈ ਸੰਪਰਕ ਕਰ ਸਕਦੇ ਹੋ : 604-300-5066 AP 13-02

.........................................

ਕੈਨੇਡਾ ਸੈਟਲ ਜੱਟ ਸਿੱਖ ਸਿੱਧੂ ਪਰਿਵਾਰ ਦਾ ਲੜਕਾ, ਉਮਰ 30 ਸਾਲ, ਕੱਦ 5 ਫੁੱਟ 10 ਇੰਚ, ਸੀ.ਪੀ.ਏ. ਫੈਡਰਲ ਸਰਕਾਰ ਨੌਕਰੀ ਕਰ ਰਹੇ ਲੜਕੇ ਲਈ ਪੜ੍ਹੀ-ਲਿਖੀ ਲੜਕੀ ਦੀ ਭਾਲ ਹੈ। ਹੋਰ ਜਾਣਕਾਰੀ ਲਈ ਸੰਪਰਕ ਕਰ ਸਕਦੇ ਹੋ : 778-829-0991 AP 02-04

.........................................

ਜੱਟ ਸਿੱਖ ਲੜਕਾ,ਉਮਰ 29 ਸਾਲ,ਕੱਦ 6 ਫੁੱਟ, ਲੜਕਾ ਨਿਊਜ਼ੀਲੈਂਡ ਵਿੱਚ ਪੀ.ਆਰ. ਹੈ,ਲਈ ਕੈਨੇਡਾ ਵਿੱਚ ਪੀ.ਆਰ. ਕੁੜੀ ਦੀ ਭਾਲ ਹੈ। ਲੜਕੇ ਦਾ ਪਰਵਾਰ ਕੈਨੇਡਾ ਵਿੱਚ ਹੈ। ਹੋਰ ਜਾਣਕਾਰੀ ਲਈ ਸੰਪਰਕ ਕਰੋ : (778) 321-5911, 7782886015 AP 06-12

# ਪੰਜਾਬੀ ਬੋਲੀ ਦਾ ਸਫ਼ਰ

**ਲੇਖਕ : ਪਿਸ਼ੌਰਾ ਸਿੰਘ ਢਿਲੋਂ**

ਅੰਗ੍ਰੇਜ਼ੀ ਦੀ ਇਕ ਕਹਾਵਤ ਹੈ 'ਕਈ ਵੇਰ ਭਲਾ ਕਰਨ ਲਈ ਬੁਰਾ ਬਨਣਾ ਪੈਂਦਾ ਹੈ'।

ਬਾਬੇ ਨਾਨਕ ਨੇ ਜਦੋਂ ਪੈਰੋਕਾਰਾਂ ਨੂੰ ਮੌਜ ਵਿਚ ਆ ਕੇ ਇਹ ਆਖਿਆ ਹੋਵੇਗਾ 'ਉੱਜੜ ਜਾਓ' ਤਾਂ ਸ਼ਾਇਦ ਇਹੀ ਭਾਵਨਾ ਕੰਮ ਕਰ ਰਹੀ ਹੋਵੇਗੀ।

ਅਜ ਪੰਜਾਬੀਆਂ ਦੇ ਅੰਗ ਸੰਗ ਪੰਜਾਬੀ ਬੋਲੀ ਸੱਤ ਸਮੁੰਦਰ ਪਾਰ ਦੁਨੀਆ ਦੇ ਹਰ ਕੋਨੇ ਵਿਚ ਪਹੁੰਚੀ ਹੋਈ ਹੈ। ਹੁਣ ਸਵਾਲ ਇਹ ਉਠਦਾ ਹੈ, ਕੀ ਇਹ ਹਵਾ ਦੇ ਨਾਲ ਅਗੇ ਹੀ ਅਗੇ ਉਡਦੀ ਚਲੀ ਜਾਵੇਗੀ ਜਾਂ ਕਿਧਰੇ ਸਾਖ਼ ਵੀ ਜਮਾ ਸਕੇਗੀ? ਜ਼ਾਹਿਰ ਹੈ ਇਸਦਾ ਹੱਲ ਹੁਣ ਬਾਬੇ ਨਾਨਕ ਦੇ ਪੈਰੋਕਾਰਾਂ ਨੂੰ ਆਪ ਹੀ ਲਭਣਾ ਪਵੇਗਾ ਤੇ ਉਹ ਲੱਭ ਵੀ ਰਹੇ ਹਨ।

ਸਿੰਗਾਪੁਰ ਵਿਚ ਪੰਜਾਬੀ ਨੂੰ ਜੋ ਸਥਾਨ ਚਿਰਾਂ ਤੋਂ ਪ੍ਰਾਪਤ ਹੈ ਉਹ ਅਜੇ ਪੰਜਾਬ ਵਿਚ ਵੀ ਨਹੀਂ। ਸਿੰਗਾਪੁਰ ਵਿਚ ਪੰਜਾਬੀ ਮੂਲ ਦਾ ਕੋਈ ਵੀ ਵਿਦਿਆਰਥੀ ਪੰਜਾਬੀ ਪੜ੍ਹੇ ਬਿਨਾ ਹਾਈ ਸਕੂਲ ਸਰਟੀਫ਼ਿਕੇਟ ਹਾਸਲ ਨਹੀਂ ਕਰ ਸਕਦਾ । ਕਿਸੇ ਵੀ ਪੰਜਾਬੀ ਮੂਲ ਦੇ ਵਿਦਿਆਰਥੀ ਨੂੰ ਪੰਜਾਬੀ ਪੜ੍ਹੇ ਬਿਨਾਂ ਸਰਕਾਰੀ ਨੌਕਰੀ ਨਹੀਂ ਮਿਲ ਸਕਦੀ।ਕੈਨੇਡਾ ਵਿਚ ਪੰਜਾਬੀ ਚੌਥੀ ਵੱਡੀ ਬੋਲੀ ਬਣ ਚੁਕੀ ਹੈ ਤੇ ਸਕੂਲਾਂ ਵਿਚ ਪੜ੍ਹਾਈ ਜਾਂਦੀ ਹੈ।ਇੰਗਲੈਂਡ ਵਿਚੋਂ ਵੀ ਪੰਜਾਬੀ ਬੋਲੀ ਦੀ ਬੜ੍ਹੌਤਰੀ ਲਈ ਚੰਗੀਆਂ ਖਬਰਾਂ ਹਨ।

9/11 ਦੀ ਦੁਖਦਾਈ ਘਟਨਾ ਤੋਂ ਪਿਛੋਂ, ਸਮੇਂ ਦੀ ਲੋੜ ਨੂੰ ਵੇਖਦਿਆਂ ਫਰੲਸਿਦੲਨਟ ਵਲੋਂ ਜਨਵਰੀ 2006, ਵਿਚ ੰਓਟਿਨਓਲ ਸ਼ੲਚੁਰਿਟੇ ਲ਼ੳਨਗੁੳਗੲ ੀਨਿਟਿੳਟਿਵੲ (ਸ਼.ਲ਼ੀ) ਜਾਰੀ ਕੀਤਾ ਗਿਆ ਸੀ। ਜਿਸ ਦਵਾਰਾ ਵਿਸ਼ੇਸ਼ ਪ੍ਰੋਗਰਾਮਾਂ ਰਾਹੀਂ ਛੋਟੇ ਬੱਚਿਆਂ ਦੇ ਸਕੂਲਾਂ ਤੋਂ ਲੈ ਕੇ ਯੂਨੀਵਰਸਟੀਆਂ ਤਕ ਦੂਜੀਆਂ ਜ਼ਰੂਰੀ ਜ਼ਬਾਨਾਂ ਪੜ੍ਹਨ / ਪੜ੍ਹੌਣ ਦੀ ਯੋਜਨਾ ਹੈ। ਕੈਲੇਫ਼ੋਰਨੀਆਂ ਵਿਚ ਸਾਡੇ ਲਈ ਸਭ ਤੋਂ ਮਹਤਵ ਪੂਰਨ ਗਲ ਇਹ ਹੈ ਕਿ ਪੰਜਾਬੀ ਏਥੇ ਸਟੇਟ ਲੈਵਲ ਤਕ ਕੁਝ ਸਮੇਂ ਤੋਂ ਪਰਵਾਨਿਤ ਹੈ। ਜਿਸ ਦਾ ਭਾਵ ਹੈ ਕਿ ਹਾਈ ਸਕੂਲ ਵਿਚ ਪਰਾਪਤ ਕ੍ਰੈਡਿਟ ਯੂਨੀਵਰਸਟੀ ਦਾਖਲੇ ਲਈ ਸਹਾਈ ਹਨ। ਅਤੇ ਸਰਕਾਰੀ ਨੌਕਰੀ ਮਿਲਣ ਤੇ ਦੋ- ਭਾਸ਼ਾ ਹੋਣ ਨਾਤੇ ਤਨਖਾਹ ਵਿਚ ਵੀ ਵਾਧਾ ਹੋ ਸਕਦਾ ਹੈ। ਇਸ ਦੇ ਬਾਵਜੂਦ ਅਸੀਂ ਬਹੁਤਾ ਕਰਕੇ ਇਸ ਸੁਵਧਾ ਤੋਂ ਜਾਂ ਤਾਂ ਬੇਖਬਰ ਹਾਂ ਤੇ ਜਾਂ ਬੇਪ੍ਰਵਾਹ। ਗਿਣਤੀ ਦੇ ਹਿੰਮਤੀ ਭਾਈਚਾਰਿਆਂ ਨੂੰ ਛਡਕੇ ਜਿਵੇਂ ਪਹਿਲਾਂ ਤੋਂ ਬਰਕਲੇ ਯੂਨੀਵਰਸਟੀ, ਯੂਬਾ ਸਿਟੀ ਹਾਈ ਸਕੂਲ, ਸਨ ਹੋਜ਼ੇ ਯੂਨੀਵਰਸਟੀ, ਫਿਰ ਕਰਮਨ ਸਿਟੀ ਤੇ ਹੁਣੇ ਹੁਣੇ ਲਾਈਵ ਓਕ ਦੇ ਹਾਈ ਸਕੂਲਾਂ ਵਿਚ ਪੰਜਾਬੀ ਪੜ੍ਹਾਈ ਜਾ ਰਹੀ ਹੈ, ਬਾਕੀ ਦੇ ਪੰਜਾਬੀ ਵਸੋਂ ਵਾਲੇ ਹੋਰ ਅਨੇਕਾਂ ਸਕੂਲਾਂ ਵਿਚ ਇਹ ਕਾਰਜ ਆਪਣੀ ਹਿੰਮਤ ਹਥੋਂ ਅਜੇ ਅਧੂਰਾ ਪਿਆ ਹੈ।

ਸੈਂਟਰਲ ਵੈਲੀ ਵਿਚ ਇਹ ਬੀੜਾ ਸਿੱਖ ਕੌਂਸਲ ਆਫ਼ ਸੈਂਟਰਲ ਕੈਲੇਫ਼ੋਰਨੀਆਂ ਨੇ ਪਿਛਲੇ ਕੁਝ ਸਮੇਂ ਤੋਂ ਚੁਕ ਰੱਖਿਆ ਹੈ। ਫ਼ਰੈਜ਼ਨੋਂ ਇਲਾਕੇ ਦੇ ਹਾਈ ਸਕੂਲਾਂ ਲਈ ਪਟੀਸ਼ਨਾਂ ਅਤੇ ਫ਼ਰੈਜ਼ਨੋਂ ਸਟੇਟ ਯੂਨੀਵਰਸਟੀ ਦੇ ਸੰਬੰਧਤ ਅਧਿਕਾਰੀਆਂ ਨਾਲ ਇਸ ਬਾਰੇ ਵਾਰਤਾਲਾਪ ਦੀ ਗਲ ਚਲ ਰਹੀ ਹੈ।ਪਰ ਇਸ ਤੋਂ ਪੂਰਾ ਲਾਭ ਉਠੌਣ ਲਈ ਸਾਰੇ ਪੰਜਾਬੀ ਮੂਲ ਦੇ ਸ਼ਹਿਰੀਆਂ, ਬੁਧੀਜੀਵਿਆਂ, ਪੰਜਾਬੀ ਲੇਖਕਾਂ, ਪੱਤ੍ਰਕਾਰਾਂ, ਸਾਹਿਤ ਸਭਾਵਾਂ, ਸਭਿਆਚਾਰ ਸੁਸਾਇਟੀਆਂ, ਗੁਰਦਵਾਰਾ ਪ੍ਰਬੰਧਕ ਕਮੇਟੀਆਂ ਨੂੰ ਸਮੁਚੇ ਤੌਰ ਤੇ ਜਾਗਰੂਕ ਹੋਕੇ ਆਪਣੇ ਆਪਣੇ ਇਲਾਕਿਆਂ ਵਿਚ ਜਾਗ੍ਰਤ ਪੈਦਾ ਕਰਨ ਦੀ ਲੋੜ ਹੈ। ਇਹ ਦਸਣ ਦੀ ਲੋੜ ਹੈ ਕਿ ਨਾਰਮਲ



ਟੀਚਿੰਗ ਕਰੀਡੈਂਸ਼ਲਜ਼ ਦੇ ਨਾਲ ਪੰਜਾਬੀ ਪੜ੍ਹੌਣ ਲਈ ਕਰੀਡੈਂਸ਼ਲਜ਼ ਲੈਣੇ ਮੁਸ਼ਕਲ ਗਲ ਨਹੀਂ ਹੈ ਤੇ ਜਿਥੇ 15 ਜਾਂ ਵਧ ਬੱਚੇ ਪੰਜਾਬੀ ਪੜ੍ਹਨਾ ਚਾਹੁਣ ਉਸ ਸਕੂਲ ਵਿਚ ਪੰਜਾਬੀ ਦੀ ਮੁਢਲੀ ਕਲਾਸ, ਸੰਬੰਧਤ ਸਕੂਲ ਬੋਰਡ ਦੇ ਸਹਿਯੋਗ ਨਾਲ ਸ਼ੁਰੂ ਕਰਵਾਈ ਜਾ ਸਕਦੀ ਹੈ। ਇਸ ਤਰਾਂ ਚੰਗੇ ਸ਼ਹਿਰੀ ਬਨਣ ਦੇ ਨਾਲ ਨਾਲ ਅਸੀਂ ਆਪਣੇ ਬੱਚਿਆਂ ਤੇ ਔਣ ਵਾਲੀਆਂ ਪੀੜ੍ਹੀਆਂ ਨੂੰ ਆਪਣੇ ਸ਼ਾਨਾਂਮੱਤੇ ਇਤਿਹਾਸ ਅਤੇ ਗੌਰਵਮਈ ਵਿਰਸੇ ਨਾਲ ਵੀ ਜੋੜੀ ਰੱਖ ਸਕਾਂਗੇ।

ਪ੍ਰਦੇਸ ਹੋਵੇ ਜਾਂ ਦੇਸ, ਆਪਣੀ ਬੋਲੀ ਦੇ ਖਤਮ ਹੋ ਜਾਣ ਨਾਲ ਉਸਦੇ ਸੀਭਆਚਾਰ ਦਾ ਖਤਮ ਹੋ ਜਾਣਾ ਇਕ ਇਤਿਹਾਸਕ ਸੱਚਾਈ ਹੈ।

ਇਕ ਸੱਚਾਈ ਹੋਰ ਵੀ ਹੈ ਕਿ ਪੰਜਾਬੀ ਜ਼ੁਬਾਨ ਬੇਸ਼ਕ ਕਿਸੇ ਇਕ ਕੌਮ ਦੀ ਮਲਕੀਅਤ ਨਹੀਂ ਪਰ ਇਹ ਸਿੱਖ ਧਰਮ ਦਾ ਅਨਿੱਖੜਵਾਂ ਅੰਗ ਬਣ ਚੁਕੀ ਹੈ। ਪੰਜਾਬੀ ਜ਼ੁਬਾਨ ਦਾ ਖਤਮ ਹੋ ਜਾਣਾ ਸਿੱਖ ਧਰਮ ਨੂੰ ਵੀ ਖਤਰੇ ਵਿਚ ਪਾ ਸਕਦਾ ਹੈ। ਇਕ ਸੱਚ ਇਹ ਵੀ ਹੈ ਕਿ ਲੰਮੇ ਸਮੇਂ ਲਈ ਕੋਈ ਜ਼ੁਬਾਨ ਕੇਵਲ ਬੋਲਿਆਂ ਹੀ ਜੀਵਤ ਨਹੀਂ ਰਹਿ ਸਕਦੀ ਜਦ ਤਕ ਉਸ ਵਿਚ ਯੋਜਨਾਬੱਧ ਢੰਗ ਨਾਲ ਪੜ੍ਹਨਾ ਲਿਖਣਾ ਸ਼ਾਮਿਲ ਨਾ ਕੀਤਾ ਜਾਵੇ।

# ਪਾਠਕਾਂ ਦੇ ਖ਼ਤ

ਫੇਸਬੁੱਕ ਕਾਲਮ ਤੋਂ

## ਸੱਤਾਧਾਰੀ ਤਾਕਤਵਰ ਪਰ ਜਵਾਬਦੇਹੀ ਗਾਇਬ

ਲੇਖਕ : ਗੁਰਮੀਤ ਸਿੰਘ ਪਲਾਹੀ ਫੋਨ: 98158-02070

ਸੱਤਾ ਪ੍ਰਾਪਤ ਕਰਕੇ ਨੇਤਾਵਾਂ ਨੂੰ ਹੱਦੋਂ ਵੱਧ ਤਾਕਤਾਂ ਮਿਲ ਜਾਂਦੀਆਂ ਹਨ ਅਤੇ ਸੱਤਾ ਦੇ ਨਸ਼ੇ 'ਚ ਉਹ ਜਵਾਬਦੇਹੀ ਵੀ ਭੁੱਲ ਜਾਂਦੇ ਹਨ। ਕੋਈ ਵੀ ਉਹ ਸਿਧਾਂਤ, ਉਨ੍ਹਾਂ ਲਈ ਨਿਰਾਰਥਕ ਹੋ ਜਾਂਦਾ ਹੈ, ਜਿਸ ਅਧਿਕਾਰ ਸਿਧਾਂਤ ਦੀ ਵਰਤੋਂ ਨਾਲ ਉਹ ਸੱਤਾ ਹਥਿਆਉਂਦੇ ਹਨ। ਲੋਕਤੰਤਰ, ਗਣਤੰਤਰ ਅਤੇ ਸੰਵਿਧਾਨ ਦੀ ਆਤਮਾ ਨੂੰ ਉਹ ਸਮਝਣ ਦਾ ਯਤਨ ਹੀ ਨਹੀਂ ਕਰਦੇ। ਇਹ ਅੱਜ ਦੇ ਭਾਰਤ ਦਾ ਵੱਡਾ ਸੱਚ ਹੈ। ਸੰਵਿਧਾਨ ਦੇ ਤਿੰਨ ਮੁੱਖ ਥੰਮ੍ਹ ਹਨ- ਵਿਧਾਨ ਪਾਲਿਕਾ, ਕਾਰਜਪਾਲਿਕਾ ਤੇ ਨਿਆਂਪਾਲਿਕਾ। ਇਨ੍ਹਾਂ ਤਿੰਨਾਂ ਥੰਮ੍ਹਾਂ ਦੇ ਸੁਚਾਰੂ ਰੂਪ ਨਾਲ ਕੰਮ ਕਰਨ ਨਾਲ ਹੀ ਦੇਸ਼ ਦਾ ਰਾਜ ਪ੍ਰਬੰਧ ਸਹੀ ਢੰਗ ਨਾਲ ਚੱਲ ਸਕਦਾ ਹੈ। ਇਸ ਅਧਾਰ ਉੱਤੇ ਇਮਾਨਦਾਰੀ ਨਾਲ ਚੱਲਣ ਵਾਲਾ ਸ਼ਾਸਨ ਹੀ ਲੋਕ ਹਿਤੈਸ਼ੀ ਹੋ ਸਕਦਾ ਹੈ। ਸ਼ਾਸਕ ਅਤੇ ਸ਼ਾਸਿਤ ਦਾ ਆਪਸੀ ਵਿਸ਼ਵਾਸ ਅਸਲ ਅਰਥਾਂ 'ਚ ਲੋਕਤੰਤਰਿਕ ਕਦਰਾਂ-ਕੀਮਤਾਂ ਦਾ ਮੁੱਢ ਬੰਨ੍ਹਦਾ ਹੈ। ਨੇਤਾਵਾਂ ਦਾ ਜਨਤਾ ਨਾਲ ਸੰਪਰਕ, ਸੰਬੰਧ ਅਤੇ ਸੰਵਾਦ ਜੋ ਅਜ਼ਾਦੀ ਤੋਂ ਪਹਿਲਾਂ ਦੇ ਵੇਲਿਆਂ 'ਚ ਵੇਖਣ ਨੂੰ ਮਿਲਿਆ ਕਰਦਾ ਸੀ, ਉਹ ਅਜ਼ਾਦੀ ਤੋਂ ਬਾਅਦ ਗਾਇਬ ਹੋ ਗਿਆ। ਕਾਰਨ ਸਿੱਧਾ ਤੇ ਸਪਸ਼ਟ ਹੈ ਕਿ ਸੱਤਾਧਾਰੀਆਂ ਹੱਥ ਹੱਦੋਂਵੱਧ ਤਾਕਤਾਂ ਆ ਗਈਆਂ ਤੇ ਉਨ੍ਹਾਂ ਦੀ ਜਵਾਬਦੇਹੀ ਘੱਟ ਹੁੰਦੀ-ਹੁੰਦੀ ਅੱਜ ਗ਼ਾਇਬ ਹੀ ਹੋ ਗਈ ਹੈ। ਅਜ਼ਾਦੀ ਤੋਂ ਬਾਅਦ ਚੋਣ-ਦੌਰ ਚੱਲਿਆ। ਸਾਫ਼ -ਸੁਥਰੀਆਂ ਚੋਣਾਂ ਕਰਾਉਣ ਦੇ ਦਾਅਵੇ ਹੋਏ। ਸੱਤਾਧਾਰੀਆਂ ਹੱਥੋਂ ਜਦੋਂ ਤਾਕਤ ਖੁਸਦੀ ਰਹੀ, ਵਿਰੋਧੀ ਧਿਰ ਦੀਆਂ ਸਰਕਾਰਾਂ ਤੋੜੀਆਂ ਜਾਂਦੀਆਂ ਰਹੀਆਂ। ਚੋਣਾਂ 'ਚ ਬਾਹੂਬਲ, ਪੈਸੇ ਦਾ ਬੋਲਬਾਲਾ ਵਧਿਆ। ਸੰਵਿਧਾਨ ਦੀ ਮੂਲ ਭਾਵਨਾ ਹਰ ਇੱਕ ਨੂੰ ਬੋਲਣ ਦੀ ਅਜ਼ਾਦੀ ਦੇ ਖ਼ਾਤਮੇ ਦਾ ਦੌਰ ਚੱਲਿਆ। ਦੇਸ਼ 'ਚ ਐਮਰਜੈਂਸੀ ਲਾਉਣ ਜਿਹੇ ਕਾਲੇ ਦਿਨ ਦੇਸ਼ ਨੂੰ ਵੇਖਣੇ ਪਏ। ਕਾਨੂੰਨ-ਘਾੜੀਆਂ ਸੰਸਥਾਵਾਂ ਵਿਧਾਨ-ਸਭਾਵਾਂ ਤੇ ਲੋਕ-ਸਭਾ ਵਿਚ ਧਨ-ਕੁਬੇਰਾਂ ਅਤੇ ਅਪਰਾਧਿਕ ਲੋਕਾਂ ਦੀ ਭਰਮਾਰ ਹੋਈ। ਕਾਰਪੋਰੇਟਾਂ ਨੇ ਹੌਲੀ-ਹੌਲੀ ਸੱਤਾਧਾਰੀਆਂ 'ਤੇ ਗਲਬਾ ਪਾ ਲਿਆ ਅਤੇ ਦੇਸ਼ ਦੇ 'ਕੁਦਰਤੀ ਸਾਧਨ ਲੁੱਟਣ ਦਾ ਦੌਰ' ਇਸੇ ਦਾ ਸਿੱਟਾ ਹੈ। ਦੇਸ਼ 'ਚ ਮੱਧ ਵਰਗੀ ਲੋਕਾਂ ਦੀ ਹਾਹਾਕਾਰ, ਕਿਸਾਨਾਂ, ਮਜ਼ਦੂਰਾਂ ਦਾ ਸ਼ੋਸ਼ਣ ਇਸੇ ਦਾ ਨਤੀਜਾ ਹੈ। ਇਸੇ ਲਈ ਕਿਸਾਨ ਮਜ਼ਦੂਰ ਅੱਜ ਸੜਕਾਂ 'ਤੇ ਹਨ। ਸੱਤਾ ਧਿਰ ਅੱਜ ਵਿਰੋਧੀ ਧਿਰ ਦੀ ਨਹੀਂ ਸੁਣਦੀ। ਆਪਣੇ ਤੋਂ ਉਲਟ ਵਿਚਾਰਾਂ ਵਾਲਿਆਂ ਨੂੰ ਜੇਲ੍ਹ ਦੀਆਂ ਸਲਾਖਾਂ 'ਚ ਸੁੱਟਿਆ ਜਾ ਰਿਹਾ ਹੈ। ਕਦੇ ਸਮਾਂ ਸੀ ਕਿ ਦੇਸ਼ ਵਿਚ ਸੱਤਾ ਧਿਰ ਅਤੇ ਵਿਰੋਧੀ ਧਿਰ ਜਾਣਦੇ ਅਤੇ ਮੰਨਦੇ ਸਨ ਕਿ ਉਨ੍ਹਾਂ ਦਾ ਮੁੱਖ ਕੰਮ ਅਤੇ ਜਵਾਬਦੇਹੀ ਰਾਸ਼ਟਰ ਹਿਤ ਹੈ। ਜਿਸ ਲਈ ਮਿਲ ਕੇ ਕੰਮ ਕਰਨਾ ਹੈ। ਸੰਸਦ 'ਚ ਤਸੱਲੀ, ਦਲੀਲਬਾਜ਼ੀ ਦਾ ਬੋਲਬਾਲਾ ਸੀ। ਵਿਚਾਰ ਪ੍ਰਧਾਨ ਸੀ। ਅੱਜ ਵਿਚਾਰ ਗੁੰਮ ਹੈ। ਰੌਲਾ-ਰੱਪਾ ਹੈ। ਇਥੋਂ ਤੱਕ ਕਿ ਗਾਲੀ ਗਲੋਚ ਅਤੇ ਡਾਂਗ-ਸੋਟਾ ਹੈ। ਸੰਵਿਧਾਨ ਉੱਤੇ ਸੱਤਾਧਾਰੀ ਧਿਰ ਦੇ ਹਮਲੇ ਪਰੇਸ਼ਾਨ ਕਰਨ ਵਾਲੇ ਹਨ। ਉਹ ਵਿਚਾਰ ਗਾਇਬ ਹੋ ਰਹੇ ਹਨ, ਜੋ ਦੇਸ਼ ਦੇ ਸੰਘੀ ਢਾਂਚੇ ਦੀ ਸੁਰੱਖਿਆ ਲਈ ਕਦੇ ਅਹਿਮ ਸਨ। ਭਾਰਤੀ ਸੱਭਿਆਚਾਰ ਦੀ ਇਹ ਪ੍ਰਾਪਤੀ ਰਹੀ ਹੈ ਕਿ ਇਥੋਂ ਦੇ ਲੋਕਾਂ ਨੇ ਲੋਕਤੰਤਰ ਦੀ ਮੂਲ ਭਾਵਨਾ ਮਿਲ-ਬਹਿ ਕੇ ਹੱਲ ਕੱਢਣਾ, ਹਜ਼ਾਰਾਂ ਸਾਲ ਪਹਿਲਾਂ ਸਿੱਖ ਲਿਆ ਸੀ। ਉਸੇ ਨੂੰ ਯਾਦ ਕਰਕੇ ਅਸੀਂ ਕਹਿੰਦੇ ਹਾਂ ਕਿ ਲੋਕਤੰਤਰ ਦਾ ਜਨਮਦਾਤਾ ਭਾਰਤ ਹੈ। ਪਰੰਤੂ ਅੱਜ ਆਪਸੀ ਸੰਵਾਦ ਲਗਭਗ ਬੰਦ ਹੈ। ਮਿਲ-ਬੈਠ ਕੇ ਮਸਲੇ ਹੱਲ ਕਰਨ ਦੀ ਪਰੰਪਰਾ ਖ਼ਤਮ ਹੋ ਗਈ ਹੈ ਅਤੇ ਚਿੰਤਾ ਦੀ ਗੱਲ ਤਾਂ ਇਹ ਹੈ ਕਿ ਮਿਲ ਬੈਠਣ ਲਈ ਕੋਈ ਸਾਰਥਕ ਯਤਨ ਹੀ ਨਹੀਂ ਹੋ ਰਹੇ। ਇਸੇ ਕਰਕੇ ਸੰਵੇਦਨਹੀਣਤਾ ਵਧ ਰਹੀ ਹੈ। ਫਿਰਕਿਆਂ 'ਚ ਪਾੜਾ ਪੈ ਰਿਹਾ ਹੈ। ਨਿੱਤ ਫਿਰਕੂ ਦੰਗੇ ਹੋ ਰਹੇ ਹਨ। ਨੇਤਾਵਾਂ ਦੀ ਮਨਮਾਨੀ ਅਤੇ ਸਰਕਾਰੀ ਪੈਸੇ ਦੀ ਦੁਰਵਰਤੋਂ ਦਾ ਵਧਣਾ ਪ੍ਰਤੱਖ ਦਿਸਣ ਲੱਗਾ ਹੈ। ਪਿਛਲੇ ਇੱਕ ਦਹਾਕੇ ਤੋਂ ਵੱਧ ਸਮੇਂ ਤੋਂ ਧਾਰਮਿਕ ਸੰਕੀਰਣਤਾ ਦਾ ਵਧਣਾ ਇਸਦਾ ਪ੍ਰਤੱਖ ਸਬੂਤ ਹੈ। ਦੇਸ਼ 'ਚ ਸੈਂਕੜੇ ਸਕੀਮਾਂ ਇਹੋ-ਜਿਹੀਆਂ ਚਲਾਈਆਂ ਜਾ ਰਹੀਆਂ ਹਨ, ਜੋ ਲੋਕਾਂ ਦੇ ਟੈਕਸ ਦੀ ਵੱਡੀ ਦੁਰਵਰਤੋ ਹੈ। ਦੇਸ਼ ਦੇ ਚੁਣੇ ਸੰਸਦ ਮੈਂਬਰਾਂ ਨੂੰ ਮਿਲਦੇ 5 ਕਰੋੜ ਰੁਪਏ ਸਲਾਨਾ ਅਤੇ ਉਨ੍ਹਾਂ ਨੂੰ ਖਰਚਣ ਸੰਬੰਧੀ ਸਾਂਸਦਾਂ ਦੇ ਇੱਕ ਗਰੁੱਪ 'ਚ ਕਮਿਸ਼ਨ ਤੈਅ ਕਰਨ ਦੀਆਂ ਖ਼ਬਰਾਂ ਨੇ, 'ਦੇਸੀ ਸ਼ਾਸਕਾਂ' ਦੇ 'ਕਾਲੇ ਚਿਹਰੇ' ਨੰਗੇ ਕੀਤੇ ਹਨ। 2014 'ਚ ਬਣੀ ਮੋਦੀ ਸਰਕਾਰ ਵੱਲੋਂ 100 ਸ਼ਹਿਰਾਂ ਨੂੰ ਸਮਾਰਟ ਸ਼ਹਿਰ ਬਣਾਉਣ ਦੀ ਸਕੀਮ ਦੇਸ਼ ਚ ਗੱਜ-ਵੱਜ ਕੇ ਸ਼ੁਰੂ ਕੀਤੀ ਗਈ। ਇਸ ਸਕੀਮ ਨੂੰ ਹੁਣ ਖ਼ਤਮ ਕਰ ਦਿੱਤਾ ਗਿਆ। ਨਾ ਕੋਈ ਸ਼ਹਿਰ ਸਮਾਰਟ ਬਣ ਸਕਿਆ, ਨਾ ਕੋਈ ਸਿਟੀ ਮਿਸ਼ਨ 'ਚ ਕੰਮ ਪੂਰਾ ਹੋ ਸਕਿਆ। ਹਾਂ, ਸਿਰਫ਼ 16 ਸ਼ਹਿਰਾਂ 'ਚ ਕੰਮ ਪੂਰਾ ਹੋਇਆ। ਪਰ 14000 ਕਰੋੜ ਰੁਪਏ ਦੇ ਕੰਮ ਅਧੂਰੇ ਪਏ ਰਹੇ। ਸ਼ਹਿਰ ਪਹਿਲਾਂ ਨਾਲੋਂ ਵੀ ਗੰਦੇ ਹੋਏ। ਪ੍ਰਦੂਸ਼ਣ ਵਧਿਆ। ਗੰਦਗੀ ਵਧੀ ਹੈ। ਨੇਤਾਵਾਂ ਦੀ ਨਿੱਜੀ ਸੁਰੱਖਿਆ ਦੇ ਨਾਂ 'ਤੇ ਕਰੋੜਾਂ ਖਰਚੇ ਜਾ ਰਹੇ ਹਨ। ਬੁਲਟ ਪਰੂਫ਼ ਜੈਕਟਾਂ, ਕਾਰਾਂ, ਹਵਾਈ ਖ਼ਜ਼ਾਨੇ, ਨੇਤਾ ਦੀ ਕਿਸ ਤੋਂ ਸੁਰੱਖਿਆ ਲਈ ਹਨ? ਨੇਤਾ ਤਾਂ ਲੋਕਾਂ ਦਾ ਨੁਮਾਇੰਦਾ ਹੈ। ਜੇਕਰ ਉਸ ਨੂੰ ਲੋਕਾਂ ਤੋਂ ਹੀ ਖ਼ਤਰਾ ਭਾਸਦਾ ਹੈ ਤਾਂ ਆਖਰ ਉਹ ਨੇਤਾ ਕਿਸ ਦਾ ਹੈ? ਮੌਜੂਦਾ ਭਾਰਤੀ ਪ੍ਰਧਾਨ ਮੰਤਰੀ ਦੀ ਸ਼ਾਨੋ-ਸ਼ੌਕਤ, ਡਰੈਸ ਖਰਚੇ, ਸ਼ਾਹੀ ਠਾਠ-ਬਾਠ, ਉਸਦੇ ਸ਼ਖਸ਼ੀ ਉਭਾਰ ਲਈ ਖਰਚੇ ਜਾ ਰਹੇ ਕਰੋੜਾਂ ਰੁਪਏ, ਆਖਰ ਲੋਕਾਂ ਦੇ ਗਾੜ੍ਹੇ ਖ਼ੂਨ ਪਸੀਨੇ ਦੀ ਕਮਾਈ 'ਚੋਂ ਉਡਾਏ ਜਾ ਰਹੇ ਹਨ। ਜਵਾਬਦੇਹੀ ਕਿੱਥੇ ਹੈ? ਰਾਜਧਾਨੀ ਦਿੱਲੀ 'ਚ ਪੁਰਾਣੇ ਮੁੱਖ ਮੰਤਰੀ ਦੀ ਰਿਹਾਇਸ਼ ਦੇ ਵੱਡੇ ਚਰਚੇ ਰਹੇ। ਰਾਜਭਾਗ ਦੀਆਂ ਪ੍ਰਾਪਤੀਆਂ ਨੂੰ ਪ੍ਰੈਸ, ਸੋਸ਼ਲ ਮੀਡੀਆ ਰਾਹੀਂ ਪ੍ਰਚਾਰਨ ਲਈ ਅਰਬਾਂ ਰੁਪਏ, ਡਾਲਰ ਖਰਚੇ ਜਾਂਦੇ ਹਨ। ਸਰਕਾਰੀ ਖ਼ਜ਼ਾਨੇ ਨੂੰ ਵੱਡਾ ਚੂਨਾ ਲਗਾਇਆ ਜਾਂਦਾ ਹੈ। ਇਹ ਆਖਰ ਸੱਤਾ ਦੇ ਗਲਿਆਰਿਆਂ 'ਚ ਬੈਠੇ ਢੁੱਠਾਂ ਵਾਲੇ ਨੇਤਾਵਾਂ ਦੀ ਨਾਦਰਸ਼ਾਹੀ ਸੋਚ ਕਾਰਨ ਹੀ ਨਹੀਂ ਵਾਪਰ ਰਿਹਾ? ਲੋਕ ਬੇਰੁਜ਼ਗਾਰੀ ਤੋਂ ਦੁਖੀ ਹਨ। ਮਹਿੰਗਾਈ ਤੋਂ ਪਰੇਸ਼ਾਨ ਹਨ। ਤੰਗੀਆਂ-ਤੁਰਸ਼ੀਆਂ ਦਾ ਜੀਵਨ ਬਿਤਾ ਰਹੇ ਹਨ। ਭ੍ਰਿਸ਼ਟਾਚਾਰ ਨਾਲ ਦੇਸ਼ ਪਰੁੰਨਿਆਂ ਪਿਆ ਹੈ। ਆਖਰ ਇਹ ਜਵਾਬਦੇਹੀ ਕਿਸ ਦੀ ਹੈ? ਜੇਕਰ ਨੇਤਾ, ਸਿਆਸੀ ਪਾਰਟੀਆਂ ਲੋਕਾਂ ਨੂੰ ਸੁੱਖ ਆਰਾਮ ਨਹੀਂ ਦੇ ਸਕਦੀਆਂ, ਸਹੂਲਤਾਂ ਨਹੀਂ ਦੇ ਸਕਦੀਆਂ, ਰੁਜ਼ਗਾਰ ਨਹੀਂ ਦੇ ਸਕਦੀਆਂ, ਚੰਗੀ ਪੜ੍ਹਾਈ ਅਤੇ ਚੰਗਾ ਵਾਤਾਵਰਣ ਪ੍ਰਦਾਨ ਕਰਨ 'ਚ ਅਸਮਰੱਥ ਹਨ ਤਾਂ ਕੀ ਉਹ ਨੇਤਾ ਹੋਣ ਤੇ ਅਖਵਾਉਣ ਦਾ ਹੱਕ ਨਹੀਂ ਗਵਾ ਲੈਂਦੇ? ਦੇਸ਼ 'ਚ ਚੋਣ ਪ੍ਰਬੰਧ ਵਿਗੜਿਆ। ਦੇਸ਼ ਦੀਆਂ ਖ਼ੁਦ ਮੁਖ਼ਤਿਆਰ ਏਜੰਸੀਆਂ ਇੱਕ ਪਾਸੜ ਫੈਸਲੇ ਲੈਣ ਲੱਗੀਆਂ। ਨਿਆਂ ਪ੍ਰਬੰਧ ਉੱਤੇ ਸਵਾਲ ਖੜੇ ਹੋਣ ਲੱਗੇ। ਕਾਰਜਪਾਲਿਕਾ ਆਪਣੇ ਫਰਜ਼ ਨਿਭਾਉਣ 'ਤੋਂ ਕੁਤਾਹੀ ਕਰਨ ਲੱਗੀ। ਦੇਸ਼ ਦੀ ਵਾਗਡੋਰ ਚੁਣੇ ਹੋਏ ਨੇਤਾਵਾਂ ਹੱਥ ਨਹੀਂ, ਮਾਫੀਏ ਹੱਥ ਫੜਾ ਦਿੱਤੀ ਗਈ ਤਾਂ ਦੇਸ਼ ਦੇ ਨੇਤਾ ਮਦਹੋਸ਼ ਪੰਜ ਵਰ੍ਹੇ ਐਸ਼ ਕਰਕੇ ਸਿਰਫ਼ ਚੋਣ ਜਿੱਤਣ ਲਈ ਹਰ ਹੀਲਾ ਵਰਤਣ ਲੱਗੇ। ਲੋਕਾਂ ਨੂੰ ਮੁੱਠੀ ਭਰ ਅਨਾਜ ਬਖਸ਼ ਕੇ, ਲੋਕਾਂ ਨੂੰ ਧਰਮ ਦੇ ਨਾਂ ਤੇ ਲੜਾ ਕੇ, ਵੋਟਾਂ ਕਾਬੂ ਕਰਨੀਆਂ, ਕਿਹੜੀ ਰਾਜਨੀਤੀ ਹੈ? ਇਸ ਦੇਸ਼ ਨੂੰ ਫ਼ਿਰੰਗੀਆਂ ਤੋਂ, ਵਿਦੇਸ਼ੀਆਂ ਤੋਂ ਮੁਕਤੀ ਦਿਵਾਉਣ ਲਈ ਅਜ਼ਾਦੀ ਦੇ ਪਰਵਾਨਿਆਂ ਨੂੰ ਇੱਕ ਪੂਰੀ ਸਦੀ ਸੰਘਰਸ਼ ਕਰਨਾ ਪਿਆ। ਇਸ ਨੂੰ ਨਫ਼ਰਤੀ ਰਾਜਨੀਤੀ ਨਾਲ ਕੁਝ ਦਹਾਕਿਆਂ ਵਿਚ ਹੀ ਤਹਿਸ-ਨਹਿਸ ਕਰਨ ਦੀਆਂ ਤਰਕੀਬਾਂ ਘੜੀਆਂ ਜਾ ਚੁੱਕੀਆਂ ਹਨ। ਧਰਮ, ਭਾਸ਼ਾ ਤੇ ਜਾਤ ਦੇ ਨਾਵਾਂ 'ਤੇ ਵੰਡੀਆਂ, ਦੇਸ਼ ਨੂੰ ਆਖਰ ਕਿੱਧਰ ਲੈ ਕੇ ਜਾਣਗੀਆਂ? ਕਿਸ ਦੀ ਹੈ ਜਵਾਬਦੇਹੀ? ਸਮਾਜ ਬਿਖਰ ਰਿਹਾ ਹੈ। ਇਸ ਦਾ ਤਾਣਾ-ਬਾਣਾ ਵਿਗਾੜਿਆ ਜਾ ਰਿਹਾ ਹੈ। ਦੇਸ਼ 'ਚ ਆਖਰੀ ਕਤਾਰ 'ਚ ਖੜਾ ਵਿਅਕਤੀ ਕਈ ਵਰ੍ਹਿਆਂ ਤੋਂ ਇਹ ਸਭ ਕੁਝ ਦੇਖ ਰਿਹਾ ਹੈ। ਪਰ ਉਸ ਨੂੰ ਇਸ ਸਥਿਤੀ ਨੂੰ ਸਮਝਣ ਲਈ ਸਮਾਂ ਲੱਗ ਰਿਹਾ ਹੈ। ਉਸ ਦੀ ਬੇਚੈਨੀ ਵੱਧ ਰਹੀ ਹੈ। ਉਸ ਨੇ ਸੱਤਾ ਬਦਲਣੀ ਤਾਂ ਸਿੱਖ ਲਈ ਹੈ ਪਰ ਅੱਜ ਸਧਾਰਨ ਨਾਗਰਿਕ ਠੱਗਿਆ-ਠੱਗਿਆ ਮਹਿਸੂਸ ਕਰ ਰਿਹਾ ਹੈ। ਮੰਤਰੀ, ਜੱਜ, ਨੌਕਰਸ਼ਾਹ ਤੇ ਅਨੇਕਾਂ ਛੋਟੇ ਅਧਿਕਾਰੀਆਂ ਦੇ ਘਰ ਤਾਂ ਧਨ ਨਾਲ ਭਰੇ ਦਿਸਦੇ ਹਨ। ਅਨੇਕਾਂ ਖਬਰਾਂ ਕਰੋੜਾਂ ਦੀ ਰਿਸ਼ਵਤ ਲੈਣ ਦੀਆਂ ਲੋਕਤੰਤਰ ਦੇ ਚੌਥੇ ਥੰਮ੍ਹ ਉਸ ਪ੍ਰੈਸ ਵਿਚ ਛਪਦੀਆਂ ਹਨ, ਜਿਸ ਦਾ ਵੱਡਾ ਹਿੱਸਾ 'ਗੋਦੀ ਮੀਡੀਆ' ਦਾ ਰੂਪ ਧਾਰਨ ਕਰ ਚੁੱਕਿਆ ਹੈ। ਆਖਰ ਦੇਸ਼ ਕਿੱਧਰ ਨੂੰ ਤੁਰਿਆ ਜਾ ਰਿਹਾ ਹੈ? ਸੁਧਾਰ ਦੇ ਅਨੇਕਾਂ ਯਤਨ ਅਰੰਭੇ ਜਾਂਦੇ ਹਨ, ਪਰ ਬਹੁਤੀ ਵੇਰ ਇਹ ਯਤਨ ਦਿਖਾਵਾ ਮਾਤਰ ਹੀ ਰਹਿ ਜਾਂਦੇ ਹਨ। ਲੋਕਾਂ ਨੂੰ ਨੇਤਾਵਾਂ ਨੇ ਸਮੇਂ-ਸਮੇਂ ' 'ਸਵਰਾਜ' ਦਾ ਸੁਪਨਾ ਦਿਖਾਇਆ। 'ਗ਼ਰੀਬੀ ਹਟਾਓ' ਦੇ ਨਾਅਰੇ ਲੱਗੇ। 'ਜੈ ਜਵਾਨ, ਜੈ ਕਿਸਾਨ' ਗੂੰਜਿਆ। 'ਸਭ ਦਾ ਵਿਕਾਸ, ਸਭ ਦਾ ਸਾਥ' ਹਵਾ 'ਚ ਲਹਿਰਾਇਆ ਗਿਆ। ਪਰ ਲੋਕਾਂ ਦੀਆਂ ਬਰੂਹਾਂ 'ਤੇ ਸਿਰਫ਼ ਫੋਕੇ ਵਾਇਦੇ ਹੀ ਪੁੱਜ ਸਕੇ। ਕੀ ਭਾਰਤੀ ਲੋਕਤੰਤਰ ਦੇ ਨੇੜੇ ਜਾ ਰਹੇ ਹਨ ਜਾਂ ਇਸ ਤੋਂ ਦੂਰ ਭੇਜੇ ਜਾ ਰਹੇ ਹਨ? ਨਾਅਰੇ, ਵਾਅਦੇ ਤੇ ਸਿਰਫ਼ ਵਾਅਦੇ ਆਖਰ ਦੋ ਡੰਗ ਦੀ ਲੋਕਾਂ ਦੀ ਰੋਟੀ ਦਾ ਸਾਧਨ ਤਾਂ ਨਹੀਂ ਨਾ ਬਣ ਸਕਦੇ। ਲੋਕ ਲੱਭਦੇ ਹਨ- 'ਰਾਮ ਰਾਜ'। ਲੋਕ ਭਾਲ 'ਚ ਹਨ -ਆਪਣੇ ਹੱਕਾਂ ਦੇ। ਪਰ ਇਹ ਸਾਰੇ ਤਾਂ ਨੇਤਾਵਾਂ ਨੇ ਆਪਣੇ ਹੱਥਵੱਸ ਕਰ ਲਏ ਹਨ। ਉਨ੍ਹਾਂ ਪੱਲੇ ਤਾਂ ਲਾਚਾਰੀ ਹੈ। ਅਵਿਸ਼ਵਾਸ ਹੈ। ਬੇਵਸੀ ਹੈ। ਦੇਸ਼ ਦਾ ਨੇਤਾ ਅਮੀਰ ਹੈ, ਜਨਤਾ ਗ਼ਰੀਬ ਹੈ। ਮੁੱਠੀ ਭਰ ਦੇਸ਼ ਦੇ ਨੇਤਾਵਾਂ ਨੇ 'ਜਨਤਾ' ਹਥਿਆ ਲਈ ਹੈ। ਅੱਜ ਦੇਸ਼ ਦੇ ਬਹੁਤੇ ਸਿਆਸੀ ਦਲ ਗੁਣਦੋਸ਼, ਅਸੂਲ ਛੱਡ ਕੇ ਕੁਰਸੀ 'ਤੇ ਕਬਜ਼ੇ ਨੂੰ ਪਹਿਲ ਦੇਣ ਲੱਗੇ ਹਨ। ਉਨ੍ਹਾਂ ਲਈ ਲੋਕਤੰਤਰ ਦਾ ਅਰਥ 'ਅਗਲੀ ਚੋਣ ਜਿੱਤਣਾ' ਹੈ। ਇਹ ਚੋਣ ਭਾਵੇਂ ਸਥਾਨਕ ਸਰਕਾਰ ਦੀ ਹੋਵੇ, ਸੂਬੇ ਦੀ ਹੋਵੇ, ਦੇਸ਼ ਦੀ ਵੱਡੀ ਕਾਨੂੰਨੀ ਘੜ੍ਹਨੀ ਸਭਾ ਸੰਸਦ ਦੀ ਹੋਵੇ ਜਾਂ ਫਿਰ ਟਰੱਕ ਯੂਨੀਅਨ ਦੇ ਨੇਤਾ ਦੀ। ਹਰ ਥਾਂ ਜੋੜਤੋੜ, ਧਨ ਦੀ ਵਰਖਾ, ਨੇਤਾ ਲੋਕਾਂ ਦੀ ਅਦਲਾਬਦਲੀ, ਆਇਆ ਰਾਮ ਗਿਆ ਰਾਮ ਦੀ ਸਿਆਸਤ ਭਾਰੂ ਹੈ। ਪੀੜ੍ਹੀਆਂ ਬਦਲ ਗਈਆਂ। ਸੱਤਾ ਵਿਚ ਜਾ ਕੇ ਲੋਕਾਂ ਨੇ ਦੇਖਿਆ ਕਿ ਸਿਆਸਤਦਾਨਾਂ ਦੀ ਤਾਕਤ ਅਸੀਮਤ ਹੋ ਗਈ ਹੈ। ਉਹ ਇਸ ਚਕਾਚੌਂਧ ਵਿਚ ਨਾ ਕੇਵਲ ਆਦਰਸ਼ ਭੁੱਲ ਗਏ ਹਨ, ਸਗੋਂ ਸਿਧਾਂਤ ਵੀ ਉਨ੍ਹਾਂ ਲਈ ਅਵਿਵਹਾਰਕ ਹੋ ਗਏ ਹਨ। ਉਨ੍ਹਾਂ ਦੀ ਮਾਨਸਿਕ ਅਵਸਥਾ ਤਾਂ ਇੱਥੇ ਤੱਕ ਪੁੱਜ ਗਈ ਹੈ ਕਿ ਉਹ ਲੋਕਾਂ ਨੂੰ ਭੁੱਲ ਗਏ ਹਨ। ਸੈਕੂਲਰ ਸ਼ਬਦ ਦਾ ਗੁੰਮ ਹੋ ਜਾਣਾ, ਰਾਸ਼ਟਰਵਾਦ ਦਾ ਬੋਲਬਾਲਾ ਅੱਜ ਦੇ ਸੱਤਾਧਾਰੀ ਨੇਤਾਵਾਂ ਦਾ ਆਦਰਸ਼ ਹੈ। ਭਾਰਤ ਦਾ ਮੋਦੀ, ਰੂਸ ਦਾ ਪੁਤਿਨ ਅਤੇ ਕਈ ਦੇਸ਼ਾਂ ਦੇ ਹੋਰ ਵੱਡੇ ਨੇਤਾ ਧਰਮ ਨਿਰਪੱਖਤਾ, ਲੋਕਤੰਤਰ ਨੂੰ ਹੀ ਨਹੀਂ ਭੁੱਲ ਰਹੇ, ਸਹੀ ਗਲਤ ਦੀ ਪਰਿਭਾਸ਼ਾ ਨੂੰ ਵੀ ਨੁੱਕਰੇ ਲਾ ਬੈਠੇ ਹਨ। ਇਹ ਸਭ ਤਾਕਤ ਦਾ ਨਸ਼ਾ ਹੈ। ਇਹ ਸੱਤਾ ਦੀ ਮਗ਼ਰੂਰੀ ਹੈ। ਲੋਕਾਂ ਨੂੰ ਕੀੜੇ-ਮਕੌੜੇ ਸਮਝਣਾ ਅਤੇ ਇੱਕ ਵੋਟਰ ਸਮਝ ਕੇ ਉਨ੍ਹਾਂ ਨਾਲ ਵਿਵਹਾਰ ਕਰਨਾ, ਅੱਜ ਦੇ ਸਮੇਂ ਦਾ ਵੱਡਾ ਦੁਖਾਂਤ ਹੈ। ਦੇਸ਼ ਦੇ ਨੇਤਾਵਾਂ ਦਾ ਇਹ ਵਿਵਹਾਰ ਕਿਸੇ ਤਰ੍ਹਾਂ ਵੀ ਤਰਕ ਸੰਗਤ ਨਹੀਂ ਹੈ। ਇਹ ਲੋਕਾਂ ਪ੍ਰਤੀ ਸੰਵੇਦਨਹੀਣਤਾ ਹੈ। ਲੋਕ ਬਹੁਤਾ ਚਿਰ ਇਸ ਸਥਿਤੀ ਨੂੰ ਪ੍ਰਵਾਨ ਨਹੀਂ ਕਰਨਗੇ। ਫ਼ਿਰਕੂ ਟੀਕੇ, ਮੁਫ਼ਤ ਦਾ ਰਾਸ਼ਨ, ਲੋਕਾਂ ਦੀਆਂ ਰਗਾਂ 'ਚ ਜ਼ਹਿਰ ਤੇ ਸੁਸਤੀ ਤਾਂ ਭਰ ਰਿਹਾ ਹੈ। ਪਰ ਸੁਚੇਤ ਸੋਚ ਉਸਨੂੰ ਥਾਂ ਸਿਰ ਕਰਨ ਲਈ ਅੱਗੇ ਵਧ ਰਹੀ ਹੈ, ਜਿਹੜੀ ਸੱਤਾ ਦੇ ਭੁੱਖੇ, ਲੂੰਬੜ-ਚਾਲਾਂ ਚੱਲਣ ਵਾਲੇ ਨੇਤਾਵਾਂ ਦਾ ਅਸਲ ਚਿਹਰਾ ਦੁਨੀਆਂ ਸਾਹਮਣੇ ਲਿਆਏਗੀ। ਸੱਤਾ ਦਾ ਸੁੱਖ ਮਾਣ ਰਹੇ ਤਾਕਤਵਰ ਨੇਤਾਵਾਂ ਨੂੰ ਆਖਰ ਲੋਕ ਕਚਹਿਰੀ 'ਚ ਆਪਣੇ ਗ਼ਲਤ ਕੰਮਾਂ ਲਈ ਜਵਾਬਦੇਹ ਹੋਣਾ ਪਵੇਗਾ।

## Important Contacts

### EMERGENCY

Fire | Police | Ambulance
**911**

Occupational First Aid
(Vancouver Campus)
**604-822-4444**

UBC Hospital Urgent Care
(8:00 a.m. – 10:00 p.m.)
**604-822-7662**

Poison Control Centre
**604-682-5050**

Campus Security
**604-822-2222**

### NON-EMERGENCY

Access & Diversity
**604-822-5844**

Ambulance (E-Comm)
**604-872-5151**

AMS Sexual Assault Support Centre
**604-827-5180**

Building Operations Call Centre
**604-822-2173**

Employee & Family Assistance Plan
**1-800-387-4765**

Counselling Services (Students)
**604-822-3811**

Equity & Inclusion Office
**604-822-6353**

Fire Department (Fire Prevention)
**311**

Office of the Ombudsperson for Students
**604-822-6149**

RCMP – University Detachment
**604-224-1322**

Safety & Risk Services
**604-822-2029**

Student Health Services
**604-822-7011**

### SIKH GURDWARAS

**Khalsa Diwan Society, New Westminster, BC**
604-759-2691

**Khalsa Diwan Society, Vancouver**
(604) 568-9500, (604) 324-2010

**Sri Guru Singh Sabha Gurdwara**
604-590-3232

**Gurdwara Sahib Brookside**
604-502-0602

**Gurdwara Kalgidhar Darbar**
604-504-5530

**BC Khalsa Darbar Society**
604-325-2290

**Guru Nanak Sikh Gurdwara**
604-598-1300

**Akali Singh Sikh Society**
604-254-3572

# ਗੁਰਦੁਆਰਾ ਸਾਹਿਬ ਗੁਰਸਿੱਖ ਸੋਸਾਇਟੀ

32086 ਰਾਏ ਐਵੀਇਊ, ਲੋਹ ਹੀਡ ਹਾਈਵੇ, (ਮਿਸ਼ਨ)




# ਖਾਲਸਾ ਸਾਜਨਾ ਦਿਵਸ ਅਤੇ ਵਿਸਾਖੀ

## ਦੀਆਂ ਸਮੂਹ ਸੰਗਤਾਂ ਨੂੰ ਲੱਖ ਲੱਖ ਵਧਾਈਆਂ

| | |
|---|---|
| ਅਪ੍ਰੈਲ 4-5-6 | : ਸ੍ਰੀ ਆਖੰਡਪਾਠ ਸਾਹਿਬ ਜੀ ਦੀ ਸੇਵਾ ਸਨੀ ਸਿੰਘ ਗਿੱਲ ਪਰਿਵਾਰ ਵਲੋਂ |
| ਅਪ੍ਰੈਲ 13 ਐਤਵਾਰ | : ਸ਼ਾਮ ਸ੍ਰੀ ਸੁਖਮਨੀ ਸਾਹਿਬ ਦੇ ਪਾਠ ਅਤੇ ਲੰਗਰ ਦੀ ਸੇਵਾ ਗੁਰਜੰਟ ਸਿੰਘ ਗਿੱਲ ਪ ਰਿਵਾਰ ਵਲੋਂ |
| ਅਪ੍ਰੈਲ 11-12-13 | : ਸ੍ਰੀ ਅਖੰਡ ਪਾਠ ਸਾਹਿਬ ਜੀ ਦੀ ਸੇਵਾ ਪ੍ਰੀਤਮ ਸਿੰਘ ਖੰਗੂੜਾ ਪਰਿਵਾਰ ਵਲੋਂ |

## ਖਾਲਸਾ ਸਾਜਨਾ ਦਿਵਸ ਅਤੇ ਵਿਸਾਖੀ ਦੇ ਸ਼ੁੱਭ ਅਵਸਰ 'ਤੇ ਸਮੂਹ ਸੰਗਤ ਵਲੋਂ

**ਅਰੰਭ ਸ੍ਰੀ ਅਖੰਡ ਪਾਠ ਸਾਹਿਬ ਜੀ**

12 ਅਪੈਲ 2025

ਦਿਨ ਸ਼ਨੀਵਾਰ ਸ਼ਾਮ 04:00 ਵਜੇ

**ਭੋਗ ਸ੍ਰੀ ਅਖੰਡ ਪਾਠ ਸਾਹਿਬ ਜੀ**

14 ਅਪ੍ਰੈਲ 2025

ਦਿਨ ਸੋਮਵਾਰ ਸ਼ਾਮ 04:00 ਵਜੇ

**ਉਪਰੰਤ ਰਾਤ 9 ਵਜੇ ਤੱਕ ਕੀਰਤਨ ਦੀਵਾਨ ਸਜਾਏ ਜਾਣਗੇ।**

ਅਪ੍ਰੈਲ 13 : ਐਤਵਾਰ ਨਿਸ਼ਾਨ ਸਾਹਿਬ ਜੀ ਦੇ ਚੋਲਾ ਸਾਹਿਬ ਦੀ ਸੇਵਾ ਦੁਪਹਿਰ 12 ਵਜੇ ਹੋਵੇਗੀ।

ਅਪ੍ਰੈਲ 14 : ਸਾਰਾ ਦਿਨ ਲੰਗਰ ਦੀ ਸੇਵਾ ਬੈਂਸ ਅਤੇ ਧਾਲੀਵਾਲ ਪਰਿਵਾਰਾਂ ਵਲੋਂ ਹੋਵੇਗੀ

ਵਧੇਰੇ ਜਾਣਕਾਰੀ ਲੈਣ ਲਈ ਜਾਂ ਫਿਰ ਪ੍ਰੋਗਰਾਮ ਬੁੱਕ ਕਰਵਾਉਣ ਲਈ ਦਿੱਤੇ ਗਏ ਫੋਨ ਨੰਬਰਾਂ 'ਤੇ ਵੀ ਸੰਪਰਕ ਕੀਤਾ ਜਾ ਸਕਦਾ ਹੈ।

**ਦਫ਼ਤਰ 604-820-1344 ਜਾਂ ਹੈੱਡ ਗ੍ਰੰਥੀ ਗਿਆਨੀ ਕੁਲਵੰਤ ਸਿੰਘ ਜੀ 604-751-3000**

## ਕੈਨੇਡਾ-ਮੈਕਸੀਕੋ ਦੇ ਟੈਰਿਫ਼ ਬਾਰੇ ਸਥਿਤੀ ...

ਹਨ। ਪਿਛਲੇ ਸਮੇਂ ਵਿੱਚ ਟਰੰਪ ਨੇ ਕੈਨੇਡਾ 'ਤੇ ਫੈਂਟਾਨਾਈਲ ਤਸਕਰੀ ਅਤੇ ਮੈਕਸੀਕੋ 'ਤੇ ਗੈਰ-ਕਾਨੂੰਨੀ ਪ੍ਰਵਾਸ ਅਤੇ ਨਸ਼ੀਲੇ ਪਦਾਰਥਾਂ ਦੀ ਸਪਲਾਈ ਦੇ ਦੋਸ਼ ਲਗਾਉਂਦਿਆਂ ਟੈਰਿਫਾਂ ਦੀ ਧਮਕੀ ਦਿੱਤੀ ਸੀ। ਹਾਲਾਂਕਿ, ਅਮਰੀਕੀ ਸੈਨੇਟ ਨੇ ਹਾਲ ਹੀ ਵਿੱਚ ਕੈਨੇਡਾ 'ਤੇ ਲੱਗੇ ਟੈਰਿਫਾਂ ਨੂੰ 51-48 ਦੇ ਵੋਟ ਫਰਕ ਨਾਲ ਰੱਦ ਕਰ ਦਿੱਤਾ ਸੀ, ਜਿਸ ਨਾਲ ਉਮੀਦ ਜਾਗੀ ਸੀ ਕਿ ਸਬੰਧ ਸੁਧਰ ਸਕਦੇ ਹਨ। ਪਰ ਇਸ ਨਵੇਂ ਐਲਾਨ ਨੇ ਮੁੜ ਤੋਂ ਸ਼ੱਕ ਪੈਦਾ ਕਰ ਦਿੱਤਾ ਹੈ।

ਕੈਨੇਡੀਅਨ ਅਤੇ ਮੈਕਸੀਕਨ ਅਧਿਕਾਰੀਆਂ ਨੇ ਅਜੇ ਤੱਕ ਇਸ ਮਾਮਲੇ 'ਤੇ ਕੋਈ ਅਧਿਕਾਰਤ ਬਿਆਨ ਨਹੀਂ ਦਿੱਤਾ, ਪਰ ਦੋਵੇਂ ਦੇਸ਼ ਅਮਰੀਕਾ ਨਾਲ ਗੱਲਬਾਤ ਦੀ ਤਿਆਰੀ ਕਰ ਰਹੇ ਹਨ। ਵਪਾਰ ਮਾਹਿਰਾਂ ਦਾ ਕਹਿਣਾ ਹੈ ਕਿ ਇਹ ਅਸਪੱਸ਼ਟਤਾ ਉੱਤਰੀ ਅਮਰੀਕੀ ਵਪਾਰ ਨੂੰ ਪ੍ਰਭਾਵਿਤ ਕਰ ਸਕਦੀ ਹੈ, ਕਿਉਂਕਿ ਤਿੰਨੋਂ ਦੇਸ਼ਾਂ ਦੀਆਂ ਅਰਥਵਿਵਸਥਾਵਾਂ ਇੱਕ-ਦੂਜੇ ਨਾਲ ਡੂੰਘਾਈ ਨਾਲ ਜੁੜੀਆਂ ਹੋਈਆਂ ਹਨ।

ਟਰੰਪ ਪ੍ਰਸ਼ਾਸਨ ਤੋਂ ਆਉਣ ਵਾਲੇ ਦਿਨਾਂ ਵਿੱਚ ਵਧੇਰੇ ਸਪੱਸ਼ਟਤਾ ਦੀ ਉਮੀਦ ਕੀਤੀ ਜਾ ਰਹੀ ਹੈ, ਪਰ ਫਿਲਹਾਲ ਸਥਿਤੀ ਭੰਬਲਭੂਸੇ ਵਾਲੀ ਬਣੀ ਹੋਈ ਹੈ, ਜਿਸ ਨਾਲ ਵਪਾਰੀਆਂ ਅਤੇ ਨੀਤੀ ਨਿਰਮਾਤਾਵਾਂ ਵਿੱਚ ਬੇਚੈਨੀ ਵਧ ਰਹੀ ਹੈ।

ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਵੱਲੋਂ ਕੈਨੇਡਾ 'ਤੇ ਭਾਵੇਂ ਨਵੇਂ ਟੈਰਿਫ਼ ਫਿਲਹਾਲ ਰੋਕ ਦਿੱਤੇ ਗਏ ਹਨ ਪਰ ਪਹਿਲਾਂ ਤੋਂ ਲਾਗੂ ਕੀਤੀਆਂ ਟੈਰਿਫ਼ਾਂ ਕੈਨੇਡਾ ਦੇ ਆਟੋ ਉਦਯੋਗ 'ਤੇ ਵੱਡਾ ਅਸਰ ਪਾ ਰਹੀਆਂ ਹਨ। ਇਹ ਟੈਰਿਫ਼ਾਂ ਪਿਛਲੇ ਹਫ਼ਤੇ ਲਾਗੂ ਹੋਏ ਸਨ ਜਿਨ੍ਹਾਂ ਦੇ ਤਹਿਤ ਅਮਰੀਕਾ ਵਿਚ ਦਾਖਲ ਹੋਣ ਵਾਲੀਆਂ ਵਿਦੇਸ਼ੀ ਗੱਡੀਆਂ, ਟਰੱਕਾਂ ਅਤੇ ਆਟੋ ਪਾਰਟਸ 'ਤੇ 25% ਸ਼ੁਲਕ ਲੱਗੇਗਾ।

ਆਟੋ ਉਦਯੋਗ 'ਤੇ ਪੈਣ ਵਾਲੇ ਪ੍ਰਭਾਵ ਦੀ ਪਹਿਲੀ ਨਿਸ਼ਾਨੀ ਸਟੈਲੈਂਟਿਸ ਕੰਪਨੀ ਵੱਲੋਂ ਓਂਟਾਰੀਓ ਦੇ ਵਿੰਡਸਰ ਸ਼ਹਿਰ 'ਚ ਮੈਨੂਫੈਕਚਰਿੰਗ ਫੈਕਟਰੀ ਨੂੰ ਦੋ ਹਫ਼ਤਿਆਂ ਲਈ ਬੰਦ ਕਰਨਾ ਪਿਆ ਹੈ।

ਯੂਨੀਫੋਰ ਲੋਕਲ 444 ਯੂਨੀਅਨ ਨੇ ਸੋਸ਼ਲ ਮੀਡੀਆ 'ਤੇ ਸਟੈਲੈਂਟਿਸ ਵੱਲੋਂ ਕਰਮਚਾਰੀਆਂ ਨੂੰ ਭੇਜੇ ਇੱਕ ਨੋਟਿਸ ਵਿੱਚ ਕਿਹਾ ਕਿ 7 ਅਤੇ 14 ਅਪਰੈਲ ਦੇ ਹਫ਼ਤਿਆਂ ਦੌਰਾਨ ਉਤਪਾਦਨ ਰੱਦ ਕਰ ਦਿੱਤਾ ਗਿਆ ਹੈ। ਕੰਪਨੀ ਨੇ ਇਸ ਫੈਸਲੇ ਦਾ ਸਿੱਧਾ ਕਾਰਨ ਟਰੰਪ ਵੱਲੋਂ ਲਗਾਏ ਟੈਰਿਫ਼ ਦੱਸੇ ਹਨ। ਇਹ ਆਟੋ-ਟੈਰਿਫ਼ਾਂ 'ਚ ਕੈਨੇਡਾ ਦੀਆਂ ਸਾਰੀਆਂ ਨਿਰਯਾਤੀ ਵਸਤੂਆਂ 'ਤੇ 25% ਟੈਕਸ। ਸਟੀਲ ਅਤੇ ਐਲੂਮੀਨਿਅਮ ਉੱਤੇ ਵਾਧੂ 25% ਟੈਕਸ , ਕੈਨੇਡਾ ਦੀ ਉਰਜਾ ਨਿਰਯਾਤ 'ਤੇ 10% ਟੈਕਸ ਲਾਗੂ ਕੀਤੇ ਗਏ ਹਨ।

ਇਹਨਾਂ ਦੇ ਅਧੀਨ, ਜੇਕਰ ਕੋਈ ਗੱਡੀ ਵਿਦੇਸ਼ 'ਚ ਬਣੀ ਹੈ ਪਰ ਉਸ ਵਿੱਚ ਅਮਰੀਕਾ-ਬਣੀ ਆਟੋ ਪਾਰਟਸ ਸ਼ਾਮਲ ਹਨ, ਤਾਂ ਉਹਨਾਂ ਪਾਰਟਸ 'ਤੇ ਟੈਰਿਫ਼ ਨਹੀਂ ਲੱਗੇਗਾ।

ਕੈਨੇਡਾ ਦੇ ਪ੍ਰਧਾਨ ਮੰਤਰੀ ਮਾਰਕ ਕਾਰਨੀ ਨੇ ਇਹਨਾਂ ਨਵੀਆਂ ਟੈਰਿਫ਼ਾਂ ਨੂੰ "ਕੈਨੇਡਾ ਦੇ ਮਜ਼ਦੂਰਾਂ 'ਤੇ ਸਿੱਧਾ ਹਮਲਾ" ਕਰਾਰ ਦਿੱਤਾ ਹੈ ਅਤੇ ਇਹ ਵੀ ਕਿਹਾ ਹੈ ਕਿ ਕੈਨੇਡਾ ਜਲਦੀ ਹੀ ਅਮਰੀਕਾ ਦੇ ਵਿਰੁੱਧ ਜਵਾਬੀ ਕਾਰਵਾਈ ਕਰੇਗਾ।

ਕਾਰਨੀ ਨੇ ਕਿਹਾ, "ਇਹ ਆਟੋ-ਟੈਰਿਫ਼ ਕੈਨੇਡਾ, ਮੈਕਸੀਕੋ ਅਤੇ ਅਮਰੀਕਾ ਦੇ ਆਟੋ ਉਦਯੋਗ ਨੂੰ ਖ਼ਤਰੇ 'ਚ ਪਾ ਸਕਦੀਆਂ ਹਨ। ਅਸੀਂ ਇਸ ਹਮਲੇ ਦਾ ਢੁਕਵਾਂ ਜਵਾਬ ਦੇਵਾਂਗੇ।"

ਉਨ੍ਹਾਂ ਨੇ ਕੈਨੇਡਾ-ਅਮਰੀਕਾ ਵਪਾਰ ਪਰਿਸ਼ਦ ਨਾਲ ਮੀਟਿੰਗ ਕੀਤੀ ਅਤੇ ਕੈਨੇਡਾ-ਅਮਰੀਕਾ ਸੰਬੰਧੀ ਫੈਡਰਲ ਕੈਬਿਨਟ ਕਮੇਟੀ ਦੀ ਬੈਠਕ ਵੀ ਸ਼ੁਕਰਵਾਰ ਨੂੰ ਹੋਣ ਜਾ ਰਹੀ ਹੈ।

## ਵੱਖ-ਵੱਖ ਸੰਸਥਾਵਾਂ ਵਲੋਂ ਸਿੱਖ...

ਸੁਸਾਇਟੀ ਰੌਸ ਸਟਰੀਟ ਵੈਨਕੂਵਰ ਵਲੋਂ ਨਗਰ ਕੀਰਤਨ ਦਾ ਆਯੋਜਨ 12 ਅਪ੍ਰੈਲ ਅਤੇ ਗੁਰਦੁਆਰਾ ਦਸ਼ਮੇਸ਼ ਦਰਬਾਰ, ਸਰੀ ਵਲੋਂ ਨਗਰ ਕੀਰਤਨ 19 ਅਪ੍ਰੈਲ ਨੂੰ ਆਯੋਜਿਤ ਕੀਤਾ ਜਾ ਰਿਹਾ ਹੈ। ਇਸ ਮੌਕੇ ਅੰਮ੍ਰਿਤ ਸੰਚਾਰ ਅਤੇ ਵਿਸ਼ੇਸ਼ ਧਾਰਮਿਕ ਦੀਵਾਨ ਵੀ ਸਜਾਏ ਜਾ ਰਹੇ ਹਨ। ਕੈਨੇਡੀਅਨ ਟੀਚਿੰਗ ਸੁਸਾਇਟੀ ਵਲੋਂ ਵੀ ਵਿਸ਼ੇਸ਼ ਸੈਮੀਨਾਰ 13 ਅਪ੍ਰੈਲ ਨੂੰ ਆਯੋਜਨ ਕੀਤਾ ਜਾ ਰਿਹਾ ਹੈ।

ਜ਼ਿਕਰਯੋਗ ਹੈ ਕਿ ਸਿੱਖ ਸਭ ਤੋਂ ਪਹਿਲਾਂ 19ਵੀਂ ਸਦੀ ਦੇ ਅਖੀਰ ਵਿੱਚ ਲੱਕੜ ਮਿੱਲਾਂ, ਲੌਗਿੰਗ ਇੰਡਸਟ੍ਰੀ, ਖੇਤਾਂ ਅਤੇ ਰੇਲਵੇ ਵਿੱਚ ਕੰਮ ਕਰਨ ਲਈ ਇੱਥੇ ਵਸੇ ਸਨ ਅਤੇ ਕਈ ਤਰ੍ਹਾਂ ਦੇ ਵਿਤਕਰਿਆਂ ਦਾ ਸਾਹਮਣਾ ਕਰਨ ਦੇ ਬਾਵਜੂਦ ਵੀ ਡਟੇ ਰਹੇ। ਹੁਣ, ਬੀਸੀ ਦਾ ਸਿੱਖ ਭਾਈਚਾਰੇ ਦੀ ਬਹੁਤਾਤ ਦੇ ਨਾਲ ਇਹ ਬੀ.ਸੀ. ਖਾਸ ਸੂਬਾ ਬਣਾਉਂਦਾ ਹੈ।

# ਸਫ਼ਾ 1 ਦਾ ਬਾਕੀ

ਖਾਲਸਾ ਦੀਵਾਨ ਸੁਸਾਇਟੀ ਵਲੋਂ 1908 ਵਿੱਚ ਉਸਾਰਿਆ ਗਿਆ ਸੈਕਿੰਡ ਐਵਨਿਊ ਵਾਲਾ ਗੁਰਦੁਆਰਾ ਉੱਤਰੀ ਅਮਰੀਕਾ ਦਾ ਪਹਿਲਾ ਗੁਰਦੁਆਰਾ ਸੀ। ਇਹ ਸਾਰੇ ਧਰਮਾਂ ਦੇ ਭਾਰਤੀਆਂ ਦੇ ਰੂਹਾਨੀ, ਸਿਆਸੀ ਅਤੇ ਸਮਾਜਕ ਜੀਵਨ ਦਾ ਕੇਂਦਰ ਸੀ ਅਤੇ ਇੰਮੀਗਰੇਸ਼ਨ ਦੇ ਸੁਧਾਰਾਂ ਅਤੇ 1947 ਵਿੱਚ ਮਿਲੇ ਵੋਟ ਦੇ ਹੱਕ ਨੂੰ ਲੈਣ ਲਈ ਚਲਾਈਆਂ ਗਈਆਂ ਸਮਾਜਕ ਇਨਸਾਫ ਦੀਆਂ ਮੁਹਿੰਮਾਂ ਵਿੱਚ ਇਸ ਨੇ ਆਗੂ ਰੋਲ ਨਿਭਾਇਆ ਸੀ। ਇਹ ਫਾਲਸ ਕਰੀਕ ਦੀਆਂ ਲੱਕੜ-ਮਿੱਲਾਂ ਦੇ ਨੇੜੇ ਸੀ, ਜਿੱਥੇ ਭਾਈਚਾਰੇ ਦੇ ਲੋਕ ਕੰਮ ਕਰਦੇ ਸਨ ਅਤੇ ਉਹਨਾਂ ਵਿੱਚੋਂ ਬਹੁਤ ਸਾਰਿਆਂ ਦੇ ਘਰ ਇਸ ਦੇ ਆਸ ਪਾਸ ਸਨ। ਰੌਸ ਸਟਰੀਟ ਵਾਲੇ ਗੁਰਦੁਆਰੇ ਨੂੰ ਉਸਾਰਨ ਲਈ ਕਈ ਸਾਲ ਫੰਡ ਇਕੱਠੇ ਕਰਨ ਤੋਂ ਬਾਅਦ ਇਸ ਨੂੰ 1970 ਵਿੱਚ ਵੇਚ ਦਿੱਤਾ ਗਿਆ। ਸੈਕਿੰਡ ਐਵਨਿਊ ਵਾਲਾ ਗੁਰਦੁਆਰਾ ਭਾਈਚਾਰੇ ਦੇ ਮੋਢੀ ਅਵਾਸੀਆਂ ਦੀਆਂ ਕਹਾਣੀਆਂ ਵਿੱਚ ਅੱਜ ਵੀ ਜਿਉਂਦਾ ਹੈ

ਸਿੱਖ ਨੌਜਵਾਨਾਂ ਦੀ ਸੰਸਥਾ ਸਿੱਖ ਹੈਰੀਟੇਜ ਸੁਸਾਇਟੀ ਆਫ਼ ਬੀ.ਸੀ. ਵਲੋਂ ਵੀ ਕਈ ਪ੍ਰੋਗਰਾਮ ਆਯੋਜਿਤ ਕੀਤੇ ਜਾ ਰਹੇ ਹਨ ਅਤੇ ਉਨ੍ਹਾਂ ਵਲੋਂ ਪਿਛਲੇ 29 ਮਾਰਚ, ਦਿਨ ਸ਼ਨਿੱਚਰਵਾਰ ਸਰੀ ਦੇ ਸਿਟੀ ਹਾਲ ਵਿੱਚ ਸਿੱਖ ਹੈਰੀਟੇਜ ਮਹੀਨੇ ਦੇ ਪ੍ਰੋਗਰਾਮਾਂ ਦੀ ਸ਼ੁਰੂਆਤ ਕੀਤੀ ਗਈ ਸੀ ਅਤੇ ਅੱਗੇ ਆਉਣ ਵਾਲੇ ਪ੍ਰੋਗਰਾਮਾਂ ਦੀ ਜਾਣਕਾਰੀ ਸਾਂਝੀ ਕੀਤੀ। ਸਿੱਖ ਹੈਰੀਟੇਜ ਬੀ.ਸੀ. ਵੱਲੋਂ ਇਸ ਵਾਰ ਵਿਰਾਸਤ ਮਹੀਨੇ ਦੀ ਥੀਮ "ਆਨੰਦ" ਰੱਖਿਆ ਗਿਆ ਹੈ। ਪ੍ਰਬੰਧਕਾਂ ਨੇ ਦੱਸਿਆ ਕਿ "ਆਨੰਦ" ਸਿੱਖ ਧਰਮ ਅਨੁਸਾਰ ਅੰਦਰੂਨੀ ਸ਼ਾਂਤੀ, ਸੁਖ ਅਤੇ ਪ੍ਰਭੂ ਨਾਲ ਮਿਲਾਪ ਦੀ ਅਵਸਥਾ ਨੂੰ ਦਰਸਾਉਂਦਾ ਹੈ। ਇਹ ਸਿੱਖ ਫ਼ਲਸਫ਼ੇ ਦੀ ਡੂੰਘਾਈ ਨੂੰ ਉਜਾਗਰ ਕਰੇਗਾ ਅਤੇ ਸਿੱਖਾਂ ਦੇ ਇਤਿਹਾਸ, ਸੱਭਿਆਚਾਰ ਅਤੇ ਯੋਗਦਾਨ ਨੂੰ ਉਭਾਰਣ ਲਈ ਵੱਖ-ਵੱਖ ਸਮਾਗਮ ਆਯੋਜਿਤ ਕੀਤੇ ਜਾਣਗੇ।

ਉਨ੍ਹਾਂ ਦੱਸਿਆ ਕਿ "ਆਨੰਦ" ਸਿਰਫ਼ ਧਾਰਮਿਕ ਅਰਥਾਂ ਤੱਕ ਸੀਮਿਤ ਨਹੀਂ, ਇਹ ਸਿੱਖ ਜ਼ਿੰਦਗੀ ਅਤੇ ਸੰਸਕਾਰਾਂ ਵਿੱਚ ਵੀ ਮਹੱਤਵ ਰੱਖਦਾ ਹੈ। ਸਿੱਖ ਰਿਵਾਜਾਂ ਵਿੱਚ "ਆਨੰਦ ਸਾਹਿਬ" ਇੱਕ ਵਿਸ਼ੇਸ਼ ਬਾਣੀ ਹੈ, ਜੋ ਆਤਮਕ ਖ਼ੁਸ਼ਹਾਲੀ ਅਤੇ ਅਨੰਤ ਆਨੰਦ ਦੀ ਪੂਰੀ ਭਾਵਨਾ ਨੂੰ ਵਿਅਕਤ ਕਰਦੀ ਹੈ। ਇਹ ਥੀਮ ਸਿੱਖ ਹੈਰੀਟੇਜ ਬੀਸੀ ਵਲੋਂ ਸਿੱਖ ਸਭਿਆਚਾਰ ਅਤੇ ਰੂਹਾਨੀ ਅਹਿਮੀਅਤ ਨੂੰ ਉਤਸ਼ਾਹਿਤ ਕਰਨ ਲਈ ਚੁਣੀ ਗਈ ਹੈ।

ਸਿੱਖ ਹੈਰੀਟੇਜ ਬੀਸੀ ਇੱਕ ਗੈਰ-ਲਾਭਕਾਰੀ, ਸਵੈ-ਸੇਵੀ ਸੰਸਥਾ ਹੈ, ਜੋ ਸਿੱਖ ਇਤਿਹਾਸ, ਸੱਭਿਆਚਾਰ ਅਤੇ ਉਨ੍ਹਾਂ ਦੀ ਭੂਮਿਕਾ ਨੂੰ ਉਜਾਗਰ ਕਰਨ ਲਈ ਕੰਮ ਕਰਦੀ ਹੈ। 2025 ਵਿੱਚ, ਸਿੱਖ ਵਿਰਾਸਤ ਮਹੀਨਾ ਆਪਣੀ 8ਵੀਂ ਵਰ੍ਹੇਗੰਢ ਮਨਾਏਗਾ, ਜਿਸ ਅਧੀਨ ਅਨੇਕਾਂ ਸਮਾਗਮ, ਪਰਦਰਸ਼ਨੀਆਂ, ਗੋਸ਼ਠੀਆਂ ਅਤੇ ਸਮਾਜਿਕ ਮੀਟਿੰਗਾਂ ਆਯੋਜਿਤ ਕੀਤੀਆਂ ਜਾਣਗੀਆਂ। ਮੁੱਖ ਸਮਾਗਮ ਹੇਠ ਲਿਖੇ ਅਨੁਸਾਰ ਕਰਵਾਏ ਜਾ ਰਹੇ ਹਨ:

**"ਆਨੰਦ": ਇਕ ਆਤਮਿਕ ਅਤੇ ਆਧੁਨਿਕ ਸੰਦੇਸ਼**

ਸ਼ਨੀਵਾਰ, 5 ਅਪ੍ਰੈਲ, 2025
ਸ਼ਾਮ 6:00 ਵਜੇ ਰਾਤ 8:00 ਵਜੇ

**ਇਤਿਹਾਸਕ ਪ੍ਰਦਰਸ਼ਨੀ**

ਐਤਵਾਰ, 6 ਅਪ੍ਰੈਲ, 2025
ਦੁਪਹਿਰ 1:00 ਵਜੇ ਦੁਪਹਿਰ 3:00 ਵਜੇ
ਖਾਲਸਾ ਦੀਵਾਨ ਸੁਸਾਇਟੀ ਐਬਟਸਫੋਰਡ

**ਆਨੰਦ ਦੇ ਰੰਗ: ਰਵੀਨਾ ਤੂਰ ਨਾਲ ਪੇਂਟ ਨਾਈਟ**

ਵੀਰਵਾਰ, 10 ਅਪ੍ਰੈਲ, 2025
ਸ਼ਾਮ 6:00 ਵਜੇ ਰਾਤ 8:00 ਵਜੇ
ਸ਼ਹੀਦ ਭਾਈ ਹਰਦੀਪ ਸਿੰਘ ਨਿੱਝਰ ਯਾਦਗਾਰੀ ਇਮਾਰਤ

**ਵਿਸਾਖੀ ਕੀਰਤਨ ਪ੍ਰੋਗਰਾਮ**

ਸ਼ੁੱਕਰਵਾਰ, 11 ਅਪ੍ਰੈਲ, 2025
ਸ਼ਾਮ 6:00 ਵਜੇ ਰਾਤ 10:00 ਵਜੇ
ਖਾਲਸਾ ਦੀਵਾਨ ਸੁਸਾਇਟੀ ਐਬਟਸਫੋਰਡ

**ਵੈਨਕੂਵਰ ਨਗਰ ਕੀਰਤਨ**

ਸ਼ਨੀਵਾਰ, 12 ਅਪ੍ਰੈਲ, 2025
ਸਵੇਰੇ 9:00 ਵਜੇ ਸ਼ਾਮ 4:30 ਵਜੇ
ਗੁਰਦੁਆਰਾ ਸਾਹਿਬ ਖਾਲਸਾ ਦੀਵਾਨ ਸੁਸਾਇਟੀ
ਰੌਸ ਸਟਰੀਟ

**ਆਨੰਦ: ਦਾ ਆਰਟ ਆਫ਼ ਬੈਲਨਸ**

ਸ਼ਨੀਵਾਰ, 12 ਅਪ੍ਰੈਲ, 2025
ਦੁਪਹਿਰ 2:00 ਵਜੇ ਰਾਤ 8:00 ਵਜੇ
ਜਿਗ ਸਪੇਸ

**ਵਿਸਾਖੀ ਰੈਨਸੁਬਾਈ ਕੀਰਤਨ**

ਸ਼ਨੀਵਾਰ, 12 ਅਪ੍ਰੈਲ, 2025 ਸ਼ਾਮ 7:00 ਵਜੇ ਐਤਵਾਰ,
13 ਅਪ੍ਰੈਲ, 2025 ਸਵੇਰੇ 3:00 ਵਜੇ
ਗੁਰਦੁਆਰਾ ਸਾਹਿਬ ਦਸਮੇਸ਼ ਦਰਬਾਰ

**ਸਿੱਖਾਂ ਦੀਆਂ ਗੱਲਾਂ: ਪ੍ਰੇਰਨਾਦਾਇਕ ਗੱਲਾਂ ਅਤੇ ਕਹਾਣੀਆਂ**

ਐਤਵਾਰ, 13 ਅਪ੍ਰੈਲ, 2025
ਦੁਪਹਿਰ 2:00 ਵਜੇ ਸ਼ਾਮ 4:00 ਵਜੇ
ਸਰੀ ਸਿਟੀ ਹਾਲ

**ਆਨੰਦ ਕਾਰਜ ਵਰਕਸ਼ਾਪ**

ਸੋਮਵਾਰ, 14 ਅਪ੍ਰੈਲ, 2025
ਸ਼ਾਮ 7:00 ਵਜੇ ਰਾਤ 8:30 ਵਜੇ
ਸ਼ਹੀਦ ਭਾਈ ਹਰਦੀਪ ਸਿੰਘ ਨਿੱਝਰ ਯਾਦਗਾਰੀ ਇਮਾਰਤ

**ਸਰੀ ਨਗਰ ਕੀਰਤਨ**

ਸ਼ਨੀਵਾਰ, 19 ਅਪ੍ਰੈਲ, 2025
ਸਵੇਰੇ 8:30 ਵਜੇ ਸ਼ਾਮ 4:30 ਵਜੇ
ਗੁਰਦੁਆਰਾ ਸਾਹਿਬ ਦਸਮੇਸ਼ ਦਰਬਾਰ

**ਸਿੱਖ ਇਤਿਹਾਸ ਮੁਕਾਬਲਾ**

ਸ਼ਨੀਵਾਰ, 26 ਅਪ੍ਰੈਲ, 2025
ਸਵੇਰੇ 10:00 ਵਜੇ ਸ਼ਾਮ 4:30 ਵਜੇ
ਦਰਬਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਰੀ

**ਵਿਸਾਖੀ ਜੋੜ ਮੇਲਾ**

ਸ਼ਨੀਵਾਰ, 26 ਅਪ੍ਰੈਲ, 2025
ਸਵੇਰੇ 11:00 ਵਜੇ ਸ਼ਾਮ 5:00 ਵਜੇ
ਖਾਲਸਾ ਸੈਕੰਡਰੀ ਸਕੂਲ

**ਬੀ.ਸੀ. ਐਸ.ਐਸ.ਏ. ਬੱਚਿਆਂ ਲਈ ਕਹਾਣੀਆਂ**

ਸ਼ਨੀਵਾਰ, 26 ਅਪ੍ਰੈਲ, 2025
ਦੁਪਹਿਰ 2:00 ਵਜੇ ਸ਼ਾਮ 4:00 ਵਜੇ
ਸਰੀ ਸੈਂਟਰ ਲਾਇਬ੍ਰੇਰੀ

**ਨਸਲਵਾਦ-ਵਿਰੋਧੀ ਅਤੇ ਜਾਤੀਵਾਦ-ਵਿਰੋਧੀ ਬਿਰਤਾਂਤਾਂ ਗੱਲਬਾਤ**

ਮੰਗਲਵਾਰ, 29 ਅਪ੍ਰੈਲ, 2025
ਦੁਪਹਿਰ 3:30 ਵਜੇ ਸ਼ਾਮ 4:30 ਵਜੇ
ਯੂ.ਐਨ.ਸੀ. 200 ਬਾਲਰੂਮ, ਯੂ.ਬੀ.ਸੀ. ਓਕਾਨਾਗ

# ਕੈਨੇਡਾ ਵਲੋਂ ਅਮਰੀਕੀ ਆਟੋ ਟੈਰਿਫ਼ਾਂ ਜਵਾਬੀ ਟੈਰਿਫ਼ ਲਗਾਉਣ ਦਾ ਐਲਾਨ

**ਸਰੀ, (ਸਿਮਰਨਜੀਤ ਸਿੰਘ):** ਪ੍ਰਧਾਨ ਮੰਤਰੀ ਮਾਰਕ ਕਾਰਨੀ ਨੇ ਐਲਾਨ ਕੀਤਾ ਹੈ ਕਿ ਕੈਨੇਡਾ ਅਮਰੀਕਾ ਵਲੋਂ ਲਗਾਏ ਗਏ 25% ਆਟੋ ਟੈਰਿਫ਼ਾਂ ਦੇ ਜਵਾਬ ਵਿੱਚ ਅਮਰੀਕਾ ਤੋਂ ਆਯਾਤ ਹੋਣ ਵਾਲੀਆਂ ਗੱਡੀਆਂ 'ਤੇ ਬਰਾਬਰ ਦੇ ਟੈਰਿਫ਼ ਲਾਗੂ ਕਰੇਗਾ। ਕਾਰਨੀ ਨੇ ਔਟਵਾ ਵਿੱਚ ਇੱਕ ਪ੍ਰੈਸ ਕਾਨਫਰੰਸ ਦੌਰਾਨ ਕਿਹਾ ਕਿ ਇਹ ਟੈਰਿਫ਼ ਉਨ੍ਹਾਂ ਵਾਹਨਾਂ 'ਤੇ ਲਾਗੂ ਹੋਣਗੇ, ਜੋ ਕੈਨੇਡਾ-ਅਮਰੀਕਾ-ਮੈਕਸੀਕੋ ਸਮਝੌਤੇ ਦੀ ਪਾਲਣਾ ਨਹੀਂ ਕਰਦੇ।

ਉਨ੍ਹਾਂ ਵਾਧੂ ਤੌਰ 'ਤੇ ਇਹ ਵੀ ਸਪਸ਼ਟ ਕੀਤਾ ਕਿ ਪਾਲਣਾ ਕਰਨ ਵਾਲੀਆਂ ਗੱਡੀਆਂ ਵਿੱਚ, ਜੇਕਰ ਕਿਸੇ ਭੀ ਗੈਰ-ਕੈਨੇਡੀਅਨ ਹਿੱਸੇ ਦੀ ਵਰਤੋਂ ਹੋਈ ਹੋਵੇਗੀ, ਤਾਂ ਉਹ ਵੀ ਟੈਰਿਫ਼ ਦੀ ਲਪੇਟ ਵਿੱਚ ਆਉਣਗੀਆਂ। ਪਰ, ਮੈਕਸੀਕੋ ਤੋਂ ਆਉਣ ਵਾਲੇ ਗੱਡੀ ਭਾਗਾਂ 'ਤੇ ਇਹ ਨਿਯਮ ਲਾਗੂ ਨਹੀਂ ਹੋਣਗੇ।

ਕਾਰਨੀ ਨੇ ਅੱਗਾਹ ਕੀਤਾ ਕਿ ਆਉਣ ਵਾਲਾ ਦੌਰ ਮੁਸ਼ਕਲ ਹੋਵੇਗਾ, ਕਿਉਂਕਿ ਕੈਨੇਡਾ ਹੁਣ ਵਪਾਰ ਯੁੱਧ ਦੇ ਵਿਚਕਾਰ ਹੈ। ਉਨ੍ਹਾਂ ਨੇ ਕਿਹਾ ਕਿ "ਅਸੀਂ ਅਮਰੀਕਾ ਵਿੱਚ ਵੱਧ ਤੋਂ ਵੱਧ ਅਤੇ ਕੈਨੇਡਾ ਵਿੱਚ ਘੱਟੋ-ਘੱਟ ਪ੍ਰਭਾਵ ਪਾਉਣ" ਦੀ ਨੀਤੀ ਅਪਨਾਉਂਦੇ ਹੋਏ ਜਵਾਬੀ ਉਪਾਅ ਕਰਾਂਗੇ।

ਇਸ ਵਿਚਾਰ ਨੂੰ ਸਹਿਯੋਗ ਦਿੰਦੇ ਹੋਏ, ਕੰਜ਼ਰਵੇਟਿਵ ਲੀਡਰ ਪੀਅਰ ਪੌਲੀਐਵ ਨੇ ਵੀ ਆਜ ਸਵੇਰੇ ਇਹ ਐਲਾਨ ਕੀਤਾ ਕਿ ਉਹ ਕੈਨੇਡਾ ਵਿੱਚ ਬਣੀਆਂ ਗੱਡੀਆਂ 'ਤੇ ਫੈਡਰਲ ਵਿਕਰੀ ਟੈਕਸ ਹਟਾ ਦੇਣਗੇ। ਇਹ ਨੀਤੀ ਐਨਡੀਪੀ ਨੇ ਪਿਛਲੇ ਹਫ਼ਤੇ ਪ੍ਰਸਤਾਵਿਤ ਕੀਤੀ ਸੀ, ਜਿਸ ਕਾਰਨ ਇਹ ਮਾਮਲਾ ਹੁਣ ਰਾਜਨੀਤਿਕ ਤੌਰ 'ਤੇ ਵੀ ਗਰਮ ਹੋ ਗਿਆ ਹੈ।

ਕੈਨੇਡਾ ਵਲੋਂ ਆਪਣੇ ਨਵੇਂ ਟੈਰਿਫ਼ ਸਾਂਝੇ ਕਰਨ ਤੋਂ ਠੀਕ ਪਹਿਲਾਂ, ਮਾਰਕ ਕਾਰਨੀ ਨੇ ਅਮਰੀਕਾ ਦੀ ਆਲੋਚਨਾ ਕਰਦੇ ਹੋਏ ਕਿਹਾ ਕਿ ਵਿਸ਼ਵ ਅਰਥਵਿਵਸਥਾ ਅੱਜ "ਕੱਲ੍ਹ ਨਾਲੋਂ ਬੁਨਿਆਦੀ ਤੌਰ 'ਤੇ ਵੱਖਰੀ" ਹੈ।

ਉਨ੍ਹਾਂ ਜ਼ੋਰ ਦੇ ਕੇ ਕਿਹਾ, "ਅਮਰੀਕੀ ਪ੍ਰਸ਼ਾਸਨ ਦੁਆਰਾ ਕੱਲ੍ਹ ਦੀਆਂ ਕਾਰਵਾਈਆਂ, ਖਾਸ ਤੌਰ 'ਤੇ ਕੈਨੇਡਾ ਨੂੰ ਨਿਸ਼ਾਨਾ ਨਾ ਬਣਾਉਣ ਦੇ ਬਾਵਜੂਦ, ਵਿਸ਼ਵ ਅਰਥਵਿਵਸਥਾ ਨੂੰ ਤੋੜ ਦੇਣਗੀਆਂ ਅਤੇ ਵਿਸ਼ਵ ਆਰਥਿਕ ਵਿਕਾਸ 'ਤੇ ਮਾੜਾ ਪ੍ਰਭਾਵ ਪਾਉਣਗੀਆਂ"।

ਕਾਰਨੀ ਨੇ ਅਮਰੀਕਾ ਨਾਲ 80 ਸਾਲ ਪੁਰਾਣੇ ਆਰਥਿਕ ਰਿਸ਼ਤੇ ਦੇ ਖਤਮ ਹੋਣ ਦੀ ਗੱਲ ਵੀ ਚੁੱਕੀ। "80 ਸਾਲ ਪਹਿਲਾਂ, ਜਦ ਅਮਰੀਕਾ ਨੇ ਵਿਸ਼ਵ ਆਰਥਿਕ ਲੀਡਰਸ਼ਿਪ ਸੰਭਾਲੀ ਸੀ... ਉਹ ਦੌਰ ਹੁਣ ਖਤਮ ਹੋ ਗਿਆ ਹੈ"। ਜ਼ਿਕਰਯੋਗ ਹੈ ਕਿ ਅਮਰੀਕਾ ਨੇ ਹੋਰ ਦੇਸ਼ਾਂ ਉੱਤੇ 10% ਬੇਸਲਾਈਨ ਟੈਰਿਫ਼ ਲਾਗੂ ਕੀਤੇ ਹਨ, ਪਰ ਕੈਨੇਡਾ ਉੱਤੇ ਇਹ ਲਾਗੂ ਨਹੀਂ ਹੋਏ। ਇਸ ਦੇ ਬਾਵਜੂਦ, ਅਮਰੀਕਾ ਵਿੱਚ ਆਉਣ ਵਾਲੀਆਂ ਕਾਰਾਂ 'ਤੇ 25% ਆਟੋ ਟੈਰਿਫ਼ ਹੁਣ ਲਾਗੂ ਹੋ ਗਏ ਹਨ, ਜੋ ਕੈਨੇਡੀਅਨ ਆਟੋ ਉਦਯੋਗ ਲਈ ਸੰਕਟ ਪੈਦਾ ਕਰ ਸਕਦੇ ਹਨ।

ਵਿਦਵਾਨ ਮੰਨਦੇ ਹਨ ਕਿ ਇਹ ਨਵੇਂ ਟੈਰਿਫ਼ਾਂ ਕਾਰਨ, ਕੈਨੇਡਾ ਵਿੱਚ ਆਟੋ ਉਤਪਾਦਨ ਦੀ ਕੀਮਤ ਵਧੇਗੀ ਅਤੇ ਨਿਰਯਾਤ 'ਤੇ ਵਧੇਰੇ ਦਬਾਅ ਆਵੇਗਾ।

ਇਸ ਤਣਾਅ ਪੂਰਨ ਹਾਲਾਤ ਵਿੱਚ, ਹੁਣ ਦੇਖਣਾ ਇਹ ਹੋਵੇਗਾ ਕਿ ਦੋਵਾਂ ਦੇਸ਼ ਅੱਗੇ ਕਿਹੜੇ ਕਦਮ ਚੁੱਕਦੇ ਹਨ। This report was written by Simranjit Singh as part of the Local Journalism Initiative.

ਮਾਰਿਆ ਸਿਕਾ ਜਗਤਿ ਵਿਚਿ ਨਾਨਕ ਨਿਰਮਲ ਪੰਥੁ ਚਲਾਇਆ।

# ਖਾਲਸਾ
# ਸੰਪੂਰਨਤਾ ਦਿਵਸ

1 4 6 9 - 1 6 9 9

## ਸਮੂਹ ਸੰਗਤਾਂ ਨੂੰ ਜਾਣਕਾਰੀ ਦਿੱਤੀ ਜਾਂਦੀ ਹੈ ਕਿ

## ਕੈਨੇਡੀਅਨ ਸਿੱਖ ਸਟੱਡੀ ਤੇ ਟੀਚਿੰਗ ਸੁਸਾਇਟੀ ਵਲੋਂ

ਹਰ ਸਾਲ ਦੀ ਤਰ੍ਹਾਂ, ਇਸ ਸਾਲ ਵੀ

# ਵਿਸ਼ੇਸ਼ ਸਮਾਗਮ

ਆਯੋਜਿਤ ਕੀਤਾ ਜਾਵੇਗਾ। ਸੰਗਤਾਂ ਵਿੱਚ ਗੁਰੂ ਨਾਨਕ ਸਾਹਿਬ ਜੀ ਦੇ ਪ੍ਰਕਾਸ਼ ਦਿਹਾੜੇ ਬਾਰੇ ਜੋ ਗ਼ਲਤ ਧਾਰਨਾ (ਕੱਤਕ ਦੀ ਪੂਰਨਮਾਸ਼ੀ) ਬਣ ਚੁੱਕੀ ਹੈ, ਉਸ ਸਬੰਧ ਵਿੱਚ ਸੁਚੇਤ ਕਰਨ ਦੇ ਮਨੋਰਥ ਨਾਲ,

## ਗੁਰੂ ਨਾਨਕ ਸਾਹਿਬ ਜੀ ਦਾ ਪ੍ਰਕਾਸ਼ ਦਿਹਾੜਾ ਅਤੇ ਖਾਲਸੇ ਦਾ ਸੰਪੂਰਨਤਾ (ਵੈਸਾਖੀ)

ਨੂੰ ਸਾਂਝੇ ਤੌਰ 'ਤੇ ਮਨਾਇਆ ਜਾਵੇਗਾ। ਸਾਡਾ ਮੰਤਵ ਹੈ ਕਿ ਸੰਗਤਾਂ ਨੂੰ ਜਾਗਰੂਕ ਕੀਤਾ ਜਾਵੇ ਕਿ ਇਤਿਹਾਸਕ ਸਰੋਤਾਂ ਅਤੇ ਵਿਦਵਾਨਾਂ ਦੀ ਖੋਜ ਅਨੁਸਾਰ ਗੁਰੂ ਨਾਨਕ ਸਾਹਿਬ ਜੀ ਦਾ ਅਸਲ ਪ੍ਰਕਾਸ਼ ਦਿਹਾੜਾ ਵੈਸਾਖ (ਪਹਿਲੀ) ਨੂੰ ਪ੍ਰਚਲੱਤ ਕੀਤਾ ਜਾਵੇ। ਇਤਿਹਾਸ ਅਤੇ ਗੁਰਮਤਿ ਦੀਆਂ ਵਿਚਾਰਾਂ ਸਾਂਝੀਆਂ ਕਰਨ ਲਈ ਕੁਝ ਵਿਦਵਾਨ ਪਹੁੰਚ ਰਹੇ ਹਨ। ਨਿਮਰਤਾ ਸਹਿਤ ਬੇਨਤੀ ਹੈ ਕਿ ਇਸ ਸਮਾਗਮ ਵਿੱਚ ਪਹੁੰਚ ਕੇ ਲਾਹਾ ਪ੍ਰਾਪਤ ਕਰੋ।



Atinder pal Singh Khalistani



Moninder Singh



Parminder Kaur

**ਸਮਾਂ ਅਤੇ ਅਸਥਾਨ**

## 13 ਅਪ੍ਰੈਲ, 2025, ਦਿਨ ਐਤਵਾਰ

**ਸਮਾਂ 10:00 ਵਜੇ ਸਵੇਰ ਤੋਂ, 3:00 ਵਜੇ (ਬਾਅਦ ਦੁਪਹਿਰ) ਤੱਕ**

## 8388-128 ਸਟਰੀਟ, ਸਰੀ, ਬੀ.ਸੀ. (ਗਰੈਂਡ ਤਾਜ਼ ਬੈਂਕੁਇਟ ਹਾਲ)

**ਦੁਪਹਿਰ ਦੇ ਭੋਜਨ ਦਾ ਖਾਸ ਪ੍ਰਬੰਧ ਹੋਵਗਾ।**

ਹੋਰ ਜਾਣਕਾਰੀ ਲਈ ਫੋਨ :

| ਡਾਕਟਰ ਜਗਜੀਤ ਸਿੰਘ | ਸਤਨਾਮ ਸਿੰਘ ਜੌਹਲ | ਜਸਬੀਰ ਸਿੰਘ ਗੰਢਮ | ਪੂਰਨ ਸਿੰਘ (ਡਾਕਟਰ) |
|---|---|---|---|
| 778-802-4304 | 604-307-3800 | 604-723-5844 | 778-998-5733 |

**ਅਸੀਂ ਤੁਹਾਡੇ ਵਲੋਂ ਮਿਲੇ ਸਹਿਯੋਗ ਦਾ ਦਿਲੀ ਧੰਨਵਾਦੀ ਹੋਵਾਂਗੇ।**

# WINNIPEG LOCATION

NOW OPEN 9am to 9pm
#3- 1375 McPhillips St.

SABZI MANDI SUPERMARKET
Serving our Community since 2003

HOT PRICE — JUMBO CAULIFLOWER ਗੋਭੀ 2.69 ea
HOT PRICE — ROMA TOMATOES ਰੋਮਾ ਟਮੇਟਰ 1.29 /lb
HOT PRICE — FRESH CILANTRO ਧਨੀਆਂ Bunch 2 for 99¢
HOT PRICE — JUMBO CARROTS ਵੱਡੀਆਂ ਗਾਜਰਾਂ 69¢ /lb

NANAK GULABJAMUN ਨਾਨਕ ਗੁਲਾਬਜਾਮਨ 908g 6.99 ea
NANAK RASMALAI ਨਾਨਕ ਰਸਮਲਾਈ 850g 8.99 ea
MAMPSTER GOL GAPPA ਮਿਮਪਸਟਰ ਗੋਲਗੱਪੇ 290g 8.99 ea
AASHIRWAAD MULTIGRAIN FLOUR ਆਸ਼ਿਰਵਾਦ ਮੱਲਟੀਗਰੇਨ ਆਟਾ 10lb 9.99 ea
NANAK PANEER ਨਾਨਕ ਪਨੀਰ 341g 4.99 ea

UNBEATABLE DEAL
TATA AGNI TEA ਟਾਟਾ ਅਗਨੀ ਚਾਹ 1kg 8.99 ea

CASE LOT SALE
FRESH CILANTRO ਧਨੀਆਂ 60 Bunches $25 ea
AMBROSIA APPLES ਐਮਬਰੋਜ਼ੀਆ ਸੇਬ 40lb Case $32 ea
JUMBO CARROTS ਵੱਡੀਆਂ ਗਾਜਰਾਂ 22lb $14 ea
ROMA TOMATOES ਰੋਮਾ ਟਮੇਟਰ 25lb Case $30 ea
JUMBO CAULIFLOWER ਗੋਭੀ 12pc Case $25 ea
FRESH BROCCOLI ਬਰੋਕੋਲੀ 20lb Case $25 ea

ANNAPURNA CHAKKI ATTA ਅਨਾਪੂਰਨਾ ਚੱਕੀ ਆਟਾ 20lb 12.99 ea
ROSHNI TAMARIND ਰੋਸ਼ਨੀ ਇਮਲੀ 400g 2 for $5
RUSSET POTATOES ਆਲੂ 10lb 3.99 ea
PROUDLY CANADIAN • PROUDLY PUNJABI!

AMBROSIA APPLES ਐਮਬਰੋਜ਼ੀਆ ਸੇਬ 88¢ /lb
FRESH GARLIC ਲਸਣ 1.69 /lb
EXTRA FANCY RED ONIONS ਲਾਲ ਗੰਢੇ 25lb 12.99 ea
INDIAN EGGPLANT ਦੇਸੀ ਵਤਾਊਂ 1.49 /lb
FRESH METHI ਮੇਥੀ Bunch 1.89 ea

Western Union
Western Union Money Transfers and Calling Cards available at all locations. 24 hour rate info line: 604-634-2400

ਤਾਜ਼ੇ ਫਲ ਫਰੂਟ, ਤਾਜ਼ੀਆਂ ਸਬਜ਼ੀਆਂ ਅਤੇ ਸਾਫ ਸੁਥਰੀ
ਭਾਰਤੀ ਗਰੌਸਰੀ ਲਈ ਹਮੇਸ਼ਾਂ ਸਬਜ਼ੀ ਮੰਡੀ ਨੂੰ ਯਾਦ ਰੱਖੋ

SALES DATES: Fri. April 05, 2025 - Wed. April 09, 2025

MasterCard VISA American Express Interac
American Express accepted at three locations.

STORES OPEN 7 DAYS A WEEK
Visit one of our great locations so we can serve you today!

| | | | |
|---|---|---|---|
| NEWTON STORE: #106 - 12568 72nd Ave., Surrey | 604-590-2400 | BURNABY: 7565 6th Street, Burnaby | 604-553-6603 |
| NEWTON 80th AVENUE: 13208 80th Ave., Surrey | 778-565-7880 | RICHMOND: 9371 No 5 Rd, Richmond | 604-285-2400 |
| NEWTON EXCHANGE: 101-13753 72 Ave., Surrey | 604-581-2400 | NEWTON 64 AVE: 140- 6350 120 st, Surrey | 778-565-1266 |
| NEWTON EAST: 15299 68th Ave., Surrey | 604-598-8006 | LANGLEY: #50 – 20150 Langley Bypass, Langley | 604-427-3912 |
| ABBOTSFORD: 31831 S. Fraser Way, Abbotsford | 604-864-9193 | ABBOTSFORD: 2777 Gladwin Road, Abbotsford | 604-744-2077 |

Prices in effect at the above listed store locations only.

SABZI MANDI SUPERMARKET
You can also visit us online at www.sabzimandicanada.com